
ਰੱਬ ਨਾ ਕਰੇ
ਤੇ ਹੋਰ ਕਹਾਣੀਆਂ
ਅਸ਼ੋਕ ਵਾਸਿਸ਼ਠ

# ਰੱਬ ਨਾ ਕਰੇ

ਅਸ਼ੋਕ ਵਾਸਿਸ਼ਠ

ਇਸੇ ਕਲਮ ਤੋਂ

**ਆਲੋਚਨਾ**

ਪ੍ਰੇਮ ਚੰਦ ਅਤੇ ਪ੍ਰਗਤੀਵਾਦ (1986)

**ਕਹਾਣੀ ਸੰਗ੍ਰਹਿ**

1 ਤੇਰਾ ਵਾਅਦਾ (2014)
2. ਤੇਰਾ ਕਰਮ ਮੇਰਾ ਕਰਮ (2016)
3. ਖ਼ਾਲ਼ੀ ਪਲਾਂ ਦੀ ਦਾਸਤਾਨ (2016)

**ਨਾਵਲ**

1 ਵੱਡਾ ਚੌਰਾਹਾ (2015)
2. ਤੇਰੇ ਨਾਲ (2017)

**ਜੀਵਨੀ**

ਜਾਨਕੀ ਬੱਲਭ (ਪ੍ਰੈਸ ਵਿਚ)

**ਅਨੁਵਾਦ**

1. ਪੰਜਾਬੀ ਜੀਵਨ ਮੇਂ ਪ੍ਰਤੀਬਿੰਬਿਤ ਯਥਾਰਥ (ਡਾਕਟਰ ਕਰਨਜੀਤ ਸਿੰਘ)
2. ਯਹੀਂ ਕਹੀਂ (ਇਕਬਾਲ ਦੀਪ)
3. ਦੋ ਬੰਦ ਆਂਖੋ ਕੀ ਰੌਸ਼ਨੀ (ਡਾਕਟਰ ਅਜੀਤ ਸਿੰਘ)
4. ਬੁਲਬੁਲੀ ਕਾ ਬਗੀਚਾ (ਸ਼ਾਂਤਨੂੰ ਤਾਮੁਲੀ)
5. ਜਬ ਮੰਮੀ ਨੇ ਸਰਕਸ ਦੇਖੀ (ਸੁਸ਼ਮਾ ਚੌਹਾਨ)
6. ਪਹਚਾਨ (ਡਾਕਟਰ ਰਤਨ ਰੀਹਲ)
7. ਸਮਰਪਣ (ਪ੍ਰੋਫੈਸਰ ਰਣਜੀਤ ਸਿੰਘ)
8. ਕਾਲੇ ਹਿਰਨ ਕੀ ਵਾਪਸੀ (ਪ੍ਰੋਫੈਸਰ ਰਣਜੀਤ ਸਿੰਘ)

**ਖੋਜ ਕਾਰਜ**

1. ਨਾਵਲ 'ਵੱਡਾ ਚੌਰਾਹਾ' : ਬਿਰਤਾਂਤਕ ਜੁਗਤਾਂ — ਸੁਰਿੰਦਰ ਕੌਰ
2. ਅਸ਼ੋਕ ਵਾਸਿਸ਼ਠ ਦਾ ਗਲਪੀ ਜਗਤ — ਪੂਜਾ ਰਾਨੀ

*ਵੰਡਾਰੇ ਤੋਂ ਪਹਿਲਾਂ ਵਾਲੇ ਪੰਜਾਬ ਦੇ ਮੁੱਖ ਮੰਤਰੀ*
*ਸਰ ਸਿਕੰਦਰ ਹਯਾਤ ਖਾਨ ਦੇ ਇਨ੍ਹਾਂ*
*ਯਾਦਗਾਰੀ ਬੋਲਾਂ ਦੇ ਨਾਂਅ*

**"ਮੈਂ ਸਭ ਤੋਂ ਪਹਿਲਾਂ ਪੰਜਾਬੀ ਹਾਂ ਤੇ ਬਾਅਦ ਵਿਚ ਮੁਸਲਮਾਨ।"**

# ਤਤਕਰਾ


ਭੂਮਿਕਾ

**ਮੁਖਬੰਦ** **–ਡਾਕਟਰ ਧਨਵੰਤ ਕੌਰ**

ਕਹਾਣੀਆਂ ਸਫਾ

1. **ਆਹ ਹੋਈ ਨਾ ਗੱਲ**
2. **ਦੁਖਦੀ ਰਗ਼**
3. **ਰੱਬ ਨਾ ਕਰੇ**
4. **ਮੁਫਤਖ਼ੋਰਾ**
5. **ਮਹਾਂ ਦਾਨੀ**
6. **ਬਸ ਏਨਾ ਹੀ**
7. **ਮਨ ਨਹੀਂ ਮੰਨਦਾ**
8. **ਚਮਤਕਾਰ**
9. **ਤੇਰੇ ਮੇਰੇ ਹਾਸ਼ੀਏ**
10. **ਹਾਏ ਮੇਰਾ ਬੱਚਾ**
11. **ਓਪਰਾ ਬੰਦਾ**
12. **ਬਿਖੜੇ ਪੈਂਡੇ**
13. **ਹਾਏ ਸੋਹਣਿਆਂ ਵੇ**
14. **ਓ. ਕੇ ਮਾਈ ਡਿਅਰ**
15. **ਮ੍ਰਿਗ–ਤ੍ਰਿਸ਼ਨਾ**

# ਮੁਖ ਬੰਦ

'ਰੱਬ ਨਾ ਕਰੇ' ਅਸ਼ੋਕ ਵਾਸਿਸ਼ਠ ਹੋਰਾਂ ਦਾ ਚੌਥਾ ਕਹਾਣੀ ਸੰਗ੍ਰਹਿ ਹੈ। ਪਿਛਲੇ ਚੌਹਾਂ ਕੁ ਸਾਲਾਂ ਵਿਚ ਛਪੇ ਉਸ ਦੇ ਤਿੰਨ ਕਹਾਣੀ ਸੰਗ੍ਰਹਿ; 'ਤੇਰਾ ਵਾਅਦਾ' 'ਤੇਰਾ ਕਰਮ ਮੇਰਾ ਕਰਮ' 'ਖ਼ਾਲੀ ਪਲਾਂ ਦੀ ਦਾਸਤਾਨ'ਅਤੇ ਦੋ ਨਾਵਲ 'ਵੱਡਾ ਚੌਰਾਹਾ' ਅਤੇ 'ਤੇਰੇ ਨਾਲ' ਉਸ ਦੇ ਰਚਨਾਤਮਕ ਉਛਾਲ ਦੀ ਗਵਾਹੀ ਭਰ ਚੁੱਕੇ ਹਨ। ਭਾਵੇਂ ਸਾਹਿੱਤਕ ਰਚਨਾਵਾਂ ਦੇ ਅਨੁਵਾਦ ਰਾਹੀਂ ਸਾਹਿਤ ਪ੍ਰਤਿ  ਪ੍ਰਗਟ ਉਸ ਦੀ ਰਚਨਾਤਮਕ ਵਫਾ ਚਿਰੋਕਣੀ ਹੈ ਪਰ ਪਿਛਲੇ ਕੁਝ ਸਾਲਾਂ ਤੋਂ ਦੇਸ਼-ਵਿਦੇਸ਼ ਦੀਆਂ ਪਤ੍ਰ-ਪਤ੍ਰਿਕਾਵਾਂ ਵਿਚ ਛਪਦੀਆਂ ਉਸ ਦੀਆਂ ਗਲਪੀ ਰਚਨਾਵਾਂ ਇਸ ਗੱਲ ਦਾ ਪ੍ਰਮਾਣ ਹਨ ਕਿ ਉਸ ਨੇ ਬਿਰਤਾਂਤ ਦੀ ਵਿਧੀ ਨੂੰ ਆਪਣੀ ਅਨੁਭਵੀ ਸੰਵੇਦਨਾ ਦੇ ਪ੍ਰਗਟ ਅਨੁਕੂਲ ਪਾਇਆ ਹੈ।

ਹੱਥਲੇ ਕਹਾਣੀ ਸੰਗ੍ਰਹਿ ਵਿਚ ਉਸ ਦੀਆਂ ਸੱਜਰੀਆਂ ਲਿਖੀਆਂ ਪੰਦਰਾਂ ਕਹਾਣੀਆਂ ਸ਼ਾਮਲ ਹਨ। ਇਹ ਕਗਾਣੀਆਂ ਸਮਕਾਲ ਦੀਆਂ ਆਪਾਧਾਪੀਆਂ, ਖੋਹਾਂ, ਖਿੱਝਾਂ ਅਤੇ ਲੋਭਾਂ-ਲਾਲਸਾਵਾਂ ਵਿਚ ਫਸੀ ਆਮ ਲੋਕਾਈ ਦੇ ਫੌਰੀ ਅਤੇ ਨਿਕਟੀ ਬਿੰਬ ਹਨ। ਸਾਡੇ ਆਲੇ ਦੁਆਲੇ, ਘਰਾਂ, ਦਫਤਰਾਂ, ਜਨਤਕ ਥਾਵਾਂ ਵਿਚ ਘਟਦੀਆਂ/ਵਾਪਰਦੀਆਂ ਇਹ ਕਹਾਣੀਆਂ ਮਨੁੱਖੀ ਫਿਤਰਤ ਦੇ ਬੜੇ ਆਮ ਹੁੰਦੇ ਜਾ ਰਹੇ ਵਿਹਾਰ ਅਤੇ ਸਮਾਜਕ ਜਿੰਦਗੀ ਵਿਚ ਬੜੇ ਆਮ ਦੇਖਣ ਨੂੰ ਮਿਲਦੇ ਵਰਤਾਰਿਆਂ 'ਤੇ ਬੱਝਵੀਂ ਰੌਸ਼ਨੀ ਪਾਉਂਦੀਆਂ ਹਨ। ਮਿਸਾਲ ਵਜੋਂ, 'ਦੁਖਦੀ ਰਗ' ਅਤੇ ਚਮਤਕਾਰ ਨਾਮੀ ਕਹਾਣੀਆਂ ਦਫਤਰਾਂ ਵਿਚ ਤਰੱਕੀਆਂ ਲਈ ਵਰਤੇ ਜਾਂਦੇ ਘਟੀਆ ਹਥਕੰਡਿਆਂ ਅਤੇ ਜੁਗਾੜਬੰਦੀਆਂ ਦੀ ਬਿੰਬਕਾਰੀ ਹਨ। 'ਤੇਰੇ ਮੇਰੇ ਹਾਸ਼ੀਏ' ਦਫਤਰ ਵਿਚ ਬੱਸ ਵਲੋਂ ਮਾਤਹਿਤਾਂ ਨੂੰ ਹਰ ਹੀਲੇ ਥੱਲੇ ਲਾਉਣ ਅਤੇ ਨੀਵਾਂ ਦਿਖਾਉਣ ਵਾਲੇ ਕੁਰਖਤ ਵਤੀਰੇ ਦੀ ਕਹਾਣੀ ਹੈ। 'ਰੱਬ ਨਾ ਕਰੇ' ਅਤੇ 'ਮਹਾਦਾਨੀ' ਅਜੋਕੇ ਪਤਵੰਤਿਆਂ ਦੇ ਪਰਪੰਚਾਂ, ਢੋਂਗਾਂ, ਪਾਖੰਡਾਂ ਦਾ ਪਰਦਾਫਾਸ਼ ਕਰਦੀਆਂ ਹਨ। ਅੰਨ੍ਹੀ ਪਦਾਰਥਕਤਾ ਦੇ ਨਾਗਵਲ ਨੇ ਐਸ਼, ਅਮੀਰੀ , ਤਾਕਤ, ਸਫਲਤਾ ਨੂੰ ਇੱਕੋ ਰੱਸੇ ਬੰਨ੍ਹ ਦਿੱਤਾ ਹੈ। 'ਆਹ ਹੋਈ ਨਾ ਗੱਲ' ਕਹਾਣੀ ਦੱਸਦੀ ਹੈ ਕਿ ਨਵੀਂ ਪੀੜ੍ਹੀ ਦੇ ਆਪਣੇ ਪੈਰੀਂ ਹੋਣ ਅਤੇ ਹੁਣ ਦੇ ਪਲ ਨੂੰ ਜਿਉਣ ਦੇ ਤਕਾਜ਼ੇ ਬਦਲ ਗਏ ਹਨ। 'ਰੱਬ ਨਾ ਕਰੇ' ਕਹਾਣੀ ਦੱਸਦੀ ਹੈ ਕਿ ਨੌਜਵਾਨ ਕੁੜੀਆਂ ਨੂੰ ਮਾਡਲਿੰਗ ਵਿਚੋਂ ਮਿਲਦੀ ਐਸ਼, ਅਮੀਰੀ ਤੇ ਸ਼ੁਹਰਤ ਦਾ ਝਾਂਸਾ ਦੇ ਕੇ ਸਹਿਜੇ ਹੀ ਦੇਹੀ ਧੰਦੇ ਵਿਚ ਪਾਇਆ ਜਾ ਰਿਹਾ ਹੈ। 'ਮਨ ਨਹੀਂ ਮੰਨਦਾ' ਕਹਾਣੀ ਦਸਦੀ ਹੈ ਕਿ ਇੱਕ ਵਾਰ ਭਟਕੀ ਜਵਾਨੀ ਦਾ ਗੈਂਗਾਂ ਵਿਚ ਫਸਦੇ ਜਾਣਾ ਤੈਅ ਹੈ। ਇਹ ਕਹਾਣੀਆਂ ਅਜਿਹੇ ਪਾਤਰਾਂ ਦੇ ਬੇਕਸੂਰ ਪਰਿਵਾਰਾਂ ਦੇ ਦੁੱਖ ਨੂੰ ਤਾਂ ਬਿਆਨਦੀਆਂ ਹੀ ਹਨ, ਇਹਨਾਂ ਪ੍ਰਤਿ ਅਸੰਵੇਦਨਸ਼ੀਲ ਹੋ ਗਏ ਸਮਾਜਕ ਰਵੱਈਏ (ਭਾਵੇਂ ਉਹ ਮੁਹਤਬਰਾਂ ਦਾ ਹੈ ਅਤੇ ਭਾਵੇਂ ਪੁਲੀਸ ਦਾ) 'ਤੇ ਵੀ ਉਂਗਲ ਧਰਦੀਆਂ ਹਨ।

ਇਹਨਾਂ ਕਹਾਣੀਆਂ ਵਿਚ ਸਮਕਾਲੀ ਸਮਾਜ ਵਿਚ ਫੈਲੀ ਅਰਾਜਕਤਾ, ਬੇਯਕੀਨੀ, ਈਰਖਾ ਅਤੇ ਖਿਝ ਦੀ ਵੀ ਭਰਪੂਰ ਨਿਸ਼ਾਨਦੇਹੀ ਹੋਈ ਹੈ। ਹਰ ਕੋਈ ਦੂਜੇ ਨੂੰ ਸ਼ੱਕ ਦੀ ਨਿਗਾਹ ਨਾਲ ਦੇਖਦਾ ਹੈ, ਮੁਫਤਖੋਰਾ ਸਮਝਦਾ ਹੈ। 'ਬਿਖੜੇ ਪੈਂਡੇ' ਵਰਗੀਆਂ ਕਹਾਣੀਆਂ ਦੱਸਦੀਆਂ ਹਨ ਕਿ ਸਿਰਫ ਸ਼ੌਂਕ, ਸੁਭਾਅ ਅੱਡ ਅੱਡ ਹੋਣ ਕਰਕੇ ਘਰਾਂ ਵਿਚਲੀ ਦੂਰੀ ਦਮਘੋਟੂ ਬਣ ਚੁੱਕੀ ਹੈ। ਭਰੋਸੇਯੋਗਤਾ, ਸਾਂਝ, ਸੁਹਿਰਦਤਾ, ਸੰਵੇਦਨਸ਼ੀਲਤਾ, ਵਫਾਦਾਰੀਆਂ ਦੁਰਲੱਭ ਹੋ ਰਹੀਆਂ ਹਨ ਹਨ ਅਤੇ ਓਪਰੀਆਂ ਲੱਗਣ ਵਾਲੀਆਂ ਕਦਰਾਂ ਕੀਮਤਾਂ ਬਣਦੀਆਂ ਜਾ ਰਹੀਆਂ ਹਨ।

ਕਹਾਣੀ ਕਹਿਣ ਲਈ ਅਸ਼ੋਕ ਵਾਸਿਸ਼ਠ ਹੋਰਾਂ ਦੀ ਮੁੱਖ ਜੁਗਤ 'ਗੱਲਾਂ' ਵਾਲੀ ਬਣੀ ਹੈ। ਉਸ ਦੀ ਕਹਾਣੀ ਵਿਚਲੇ ਪਾਤਰ ਆਪਸ ਵਿਚ ਜੋ ਗੱਲਾਂ ਕਰਦੇ ਹਨ ਅਤੇ ਖਾਸਕਰ ਗੈਰ ਹਾਜਰ ਪਾਤਰ ਬਾਰੇ ਜੋ ਗੱਲਾਂ ਕਰਦੇ ਹਨ ਉਹਨਾਂ ਰਾਹੀਂ ਉਹ ਅਜੋਕੇ ਮਨੁੱਖ ਦੀ ਦੂਜੇ ਬਾਰੇ ਸ਼ੰਕਾ, ਖਿੱਝ, ਈਰਖਾ, ਚਿੜ ਅਤੇ ਬੇਭਰੋਸਗੀ ਦਾ ਭਰਪੂਰ ਪ੍ਰਗਟਾਵਾ ਕਰਦਾ ਹੈ। ਲਗਭਗ ਹਰ ਕਹਾਣੀ ਵਿਚ ਉਹ ਇਸੇ ਜੁਗਤ ਰਾਹੀਂ ਅਜੋਕੇ ਮਨੁੱਖ ਦੀਆਂ ਲਾਲਸਾਵਾਂ, ਚਲਾਕੀਆਂ, ਕਮਜ਼ਰੀਆਂ, ਕਮੀਨਗੀਆਂ ਨੂੰ ਫੋਕਸ ਵਿੱਚ ਲੈ ਰਿਹਾ ਹੈ। ਥੀਮ ਉਸਾਰੀ ਵਿੱਚ ਭਾਵੇਂ ਉਸ ਦੀ ਕਹਾਣੀ ਪਛੜ ਜਾਂਦੀ ਹੈ ਪਰ ਅਜੋਕੇ ਮਨੁੱਖ ਦੇ ਛੋਟੇਪਨ, ਬੌਣੇਪਨ ਨੂੰ ਨਸ਼ਰ ਕਰਨ ਵਿਚ ਇਹ ਜੁਗਤ ਬੇਹੱਦ ਕਾਗਗਰ ਸਾਬਤ ਹੋਈ ਹੈ।

ਕਿਸੇ ਮਸਖਰੇ ਨੇ ਕਿਹਾ ਸੀ ਕਿ ਸਾਹਿਤ ਇਸ ਕਰਕੇ ਹੁੰਦਾ ਹੈ ਕਿ ਜਿੰਨ੍ਹਾਂ ਲੋਕਾਂ ਨਾਲ ਅਸੀਂ ਜ਼ਿੰਦਗੀ ਵਿਚ ਰਹਿਣਾ ਨਹੀਂ ਚਾਹੁੰਦੇ ਉਹਨਾਂ ਨਾਲ ਕੁਝ ਸਮਾਂ ਗੁਜਾਰ ਲਈਏ। ਮੈਨੂੰ ਵਿਸ਼ਵਾਸ ਹੈ ਕਿ ਨਿਗੂਣੀਆਂ ਲੋੜਾਂ, ਮੁਸੀਬਤਾਂ, ਮਹੱਤਵਅਕਾਂਖਿਆਵਾਂ ਵਿਚ ਫਾਥੇ ਇਹਨਾਂ ਕਹਾਣੀਆਂ ਦੇ ਪਾਤਰਾਂ ਦੇ ਦੁੱਖ-ਸੁੱਖ ਪਾਠਕ ਨੂੰ ਆਪਣਾ ਆਪ ਕੁਰੇਦਣ ਅਤੇ ਮਨੁੱਖ ਲਈ ਸਹੀ, ਉੱਤਮ ਤੇ ਉਦਾਤ ਦੀ ਪਛਾਣ ਨੂੰ ਸਰਸਰੀ ਹੋਰ ਗੂੜ੍ਹਿਆਂ ਕਰਨ ਦਾ ਸਬੱਬ ਬਣਨਗੇ।

ਡਾ. ਧਨਵੰਤ ਕੌਰ
ਪ੍ਰੋਫੈਸਰ
ਪੰਜਾਬੀ ਭਾਸ਼ਾ ਵਿਕਾਸ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ
ਮੋਬਾਈਲ ਨੰਬਰ-09417243245

# ਆਹ ਹੋਈ ਨਾ ਗੱਲ

□ਅਸ਼ੋਕ ਵਾਸਿਸ਼ਠ

"ਮੇਰੇ ਵਰਗਾ ਗਧਾ ਹੋਰ ਨਹੀਂ ਹੋਣਾ ਦੁਨੀਆਂ ਵਿਚ...!" ਇਕ ਜੋਸ਼ੀਲੇ ਨੌਜਵਾਨ ਨੇ ਛਿੱਥਾ ਪੈਂਦਿਆਂ ਅੰਦਰਲੇ ਗੁੱਸੇ ਨੂੰ ਬਾਹਰ ਕੱਢਿਆ। ਗੁੱਸੇ ਦੇ ਨਾਲ ਨਾਲ ਬੇਬਸੀ ਤੇ ਲਾਚਾਰੀ ਦੇ ਸੰਘਣੇ ਪਰਛਾਵੇਂ ਨੇ ਉਹਦੇ ਚਿਹਰੇ ਨੂੰ ਪੂਰੀ ਤਰ੍ਹਾਂ ਕੱਜ ਲਿਆ ਸੀ। ਉਹ ਵਾਰ ਵਾਰ ਹੱਥ ਘੜੀ ਵਾਲੀ ਬਾਂਹ ਉੱਪਰ ਚੁੱਕਦਾ, ਇਕ ਨਜ਼ਰ ਘੜੀ 'ਤੇ ਸੁੱਟਦਾ, ਸੱਜੇ ਪਾਸਿਓਂ ਆਉਣ ਵਾਲੇ ਟ੍ਰੈਫਿਕ ਨੂੰ ਗੌਰ ਨਾਲ ਦੇਖਦਾ, ਮੋਹਰਿਓਂ ਨਿਕਲਣ ਵਾਲੀਆਂ ਬੱਸਾਂ ਦੇ ਨੰਬਰ ਪੜ੍ਹਦਾ, ਤੇ ਸਿਰ ਝਟਕ ਸਟਾਪ ਦੇ ਪਿਛਲੇ ਬੰਨੇ ਉੱਗੇ ਝਾੜ ਅਤੇ ਦੂਜੇ ਬੂਟਿਆਂ 'ਤੇ ਕਹਿਰ ਭਰੀ ਨਜ਼ਰ ਸੁਟਦਾ। ਇਕ ਅੱਧ ਨੂੰ ਛੱਡ ਉਥੇ ਖਲੋਤੀਆਂ ਲਗਭਗ ਸਾਰੀਆਂ ਸਵਾਰੀਆਂ ਦੀ ਹਾਲਤ ਵੀ ਕੁਝ ਇਹੋ ਜਿਹੀ ਸੀ। ਗੁੱਸੇ ਦੀ ਮਾਤਰਾ ਘੱਟ ਵੱਧ ਹੋ ਸਕਦੀ ਹੈ...ਕੁਝ ਅਜਿਹੇ ਵੀ ਸਨ ਜਿਹੜੇ ਕਿਸੇ ਤਰ੍ਹਾਂ ਦਾ ਪ੍ਰਤੀਕਰਮ ਆਪਣੇ ਚਿਹਰੇ 'ਤੇ ਜਾਹਰ ਨਹੀਂ ਸੀ ਹੋਣ ਦੇ ਰਹੇ, ਪਰ ਅੰਦਰੋ ਅੰਦਰੀ ਕੁੜ੍ਹ ਉਹ ਵੀ ਰਹੇ ਸਨ।

"ਭਾਈ ਸਾਹਿਬ, ਕਿਧਰ ਜਾਣੈਂ ਤੁਸੀਂ..?"

"ਜਾਣਾ ਤਾਂ ਤਿਲਕ ਨਗਰ ਐ...ਪਰ ਰਾਹ ਵਿਚ ਅਟਕ ਕੇ...ਕਨਾਟ ਪਲੇਸ ਵਿਚ ਇਕ ਕੰਮ ਸੀ...ਸੋਚਿਆ ਸੀ ਇਹ ਕੰਮ ਕਰਦਾ ਹੋਇਆ ਚਲਾ ਜਾਵਾਂਗਾ ਪਰ..." ਕਹਿੰਦਾ ਕਹਿੰਦਾ ਉਹ ਰੁਕ ਗਿਆ।

"ਬਥੇਰਾ ਸਮਾਂ ਹੈ ਅਜੇ...ਬਸ ਆ ਜਾਂਦੀ ਹੈ ਤਾਂ ਠੀਕ ਨਹੀਂ ਤਾਂ ਆਟੋ ਕਰ ਲਈਂ...।" ਕੋਲ ਖਲੋਤੇ ਇਕ ਸਿਆਣੇ ਨੇ ਬਿਨ ਮੰਗੀ ਸਲਾਹ ਦੇ ਦਿੱਤੀ।

"ਸਮਾਂ ਤਾਂ ਹੋਵੇ ਜੇ ਡੀ ਟੀ ਸੀ ਦੀ ਬਸ ਆ ਜਾਵੇ ਤੇ ਉਹਦੇ ਆਸਾਰ ਘੱਟੋ ਘੱਟ ਐਸ ਵੇਲੇ ਤਾਂ ਦਿਖਾਈ ਨਹੀਂ ਦਿੰਦੇ...!" ਨੌਜਵਾਨ ਨੇ ਸਾਫਗੋਈ ਤੋਂ ਕੰਮ ਲੈਂਦਿਆਂ ਕਿਹਾ। ਕੁਝ ਹੋਰ ਵਿਅਕਤੀ ਉਥੇ ਆ ਜਾਂਦੇ ਹਨ। ਉਨ੍ਹਾਂ ਨੂੰ ਦੇਖ ਉਹ ਇਕ ਵਾਰ ਫਿਰ ਕੁੜ੍ਹਣ ਲੱਗਾ...ਉਹਦੇ ਮੂੰਹ ਵਿਚੋਂ ਹੌਲੀ ਜਿਹੀ ਨਿਕਲਿਆ... "ਲਓ, ਇਹ ਵੀ ਆ ਗਏ ਨੇ...ਬਸ ਇੰਨ੍ਹਾਂ ਦੀ ਕਮੀ ਸੀ...।" ਉਸੇ ਵੇਲੇ ਸਾਹਮਣੀ ਸੜਕ ਵਲੋਂ ਦੋ ਮੁਟਿਆਰਾਂ ਕਾਹਲੇ ਕਦਮ ਪੁਟਦਿਆਂ ਸਟਾਪ ਵੱਲ ਆਉਂਦੀਆਂ ਦਿਖਾਈ ਦਿੰਦੀਆਂ ਹਨ ਤਾਂ ਉਹਦੇ ਚਿਹਰੇ ਦਾ ਤਨਾਅ ਪਤਾ ਨਹੀਂ ਕਿਧਰ ਲੋਪ ਹੋ ਗਿਆ.. ਉਹ ਸੱਧਰਾਈਆਂ ਨਜ਼ਰਾਂ ਨਾਲ ਮੁਟਿਆਰਾਂ ਨੂੰ ਸੜਕ ਪਾਰ ਕਰਦਿਆਂ ਦੇਖਣ ਲੱਗ ਪਿਆ। ਦੋਹਾਂ ਮੁਟਿਆਰਾਂ ਨੇ ਸਟਾਪ 'ਤੇ ਪੁਜ ਕੇ ਸੁੱਖ ਦਾ ਸਾਹ ਲਿਆ। ਉਨ੍ਹਾਂ ਵਿਚੋਂ ਇਕ ਨੇ ਪੁਜਦਿਆਂ ਸਾਰ ਨੌਜਵਾਨ ਨੂੰ ਹਾਏ ਕਹੀ।

"ਹਾਏ ਤੁਸ਼ਾਰ, ਹਾਊ ਆਰ ਯੂ...?"

"ਫਾਈਨ...! ਤਾਨੀਆਂ ਤੇਰੇ ਮਿੱਠੇ ਬੋਲ ਸੁਣ ਜੇ ਠੀਕ ਨਹੀਂ ਸੀ ਤਾਂ ਵੀ ਸਮਝ ਲੈ ਹੌਲਾ ਫੁੱਲ ਹੋ ਗਿਆਂ..!"

"ਓਹ ਥੈਂਕਸ...ਕਿੰਨੀ ਦੇਰ ਹੋ ਗਈ ਏ ਇਥੇ ਆਇਆਂ...?"

"ਅੱਧਾ ਘੰਟਾ ਹੋ ਗਿਐ...ਬਸ ਦਾ ਇੰਤਜਾਰ ਕਰਦਿਆਂ...ਪਹਿਲਾਂ ਬਹੁਤ ਔਖਾ ਸੀ ਪਰ ਹੁਣ ਸੋਚਦਾਂ ਚੰਗਾ ਈ ਹੋਇਆ ਬਸ ਅਜੇ ਤਕ ਨਹੀਂ ਆਈ...!" ਤੁਸ਼ਾਰ ਦੇ ਇਹ ਬੋਲ ਸੁਣ ਕੋਲ ਖਲੋਤੀਆਂ ਸਵਾਰੀਆਂ ਦੇ ਮੱਥਿਆਂ 'ਤੇ ਤਿਉੜੀਆਂ ਉਭਰ ਆਈਆਂ। 'ਚੰਗਾ ਬੰਦਾ ਏ...ਪਹਿਲਾਂ ਡੀਟੀਸੀ ਵਾਲਿਆਂ ਨੂੰ ਗਾਲ੍ਹਾਂ ਕਢੀ ਜਾ ਰਿਹਾ ਸੀ ਤੇ ਹੁਣ ਮੁਟਿਆਰਾਂ ਨੂੰ ਦੇਖਦਿਆਂ ਇਹਦੀ ਸੁਰ ਬਦਲ ਗਈ...ਕਹਿ ਰਿਹੈ ਚੰਗਾ ਈ ਹੋਇਆ ਬਸ ਅਜੇ ਤਕ ਨਹੀਂ ਆਈ...' ਉਹਦੀ ਗੱਲ ਸੁਣ ਹੁਣ ਤਕ ਉਥੇ ਚੁਪਚਾਪ ਖਲੋਤਾ ਇਕ ਜਣਾ ਕੁੜ੍ਹਣ ਲੱਗਾ। ਉਹਦਾ ਰੋਸਾ ਜਾਇਜ ਸੀ। ਉਹ ਆਪਣੇ ਨਾਲ ਖਲੋਤੇ ਇਕ ਹੋਰ ਜਣੇ ਦੇ ਕੰਨ ਵਿਚ ਕਹਿ ਰਿਹਾ ਸੀ, 'ਸੌ ਕੰਮ ਹੁੰਦੇ ਨੇ, ਘਰ ਛੇਤੀ ਪੁਜਣਾ ਹੁੰਦਾ, ਕਿਸੇ ਨੂੰ ਮਿਲਣਾ ਹੁੰਦਾ,

ਬਜਾਰੋਂ ਕੁਝ ਖਰੀਦਣਾ ਹੁੰਦਾ...ਜਾਂ ਫੇਰ ਦਫਤਰ ਦਾ ਕੋਈ ਕੰਮ ਛੇਤੀ ਤੋਂ ਛੇਤੀਂ ਖਤਮ ਕਰਨਾ ਹੁੰਦੈ...ਜੇ ਇਹਦੇ ਵਾਂਗ ਆਸਕੀ ਕਰਨ ਬਹਿ ਜਾਈਏ ਤਾਂ ਹੋ ਚੁੱਕੇ ਕੰਮ...।'

ਉਬਲਨ ਵਾਲਾ ਅੰਦਰੋ ਅੰਦਰੀ ਉਬਲਦਾ ਜਾ ਰਿਹਾ ਸੀ ਪਰ ਤੁਸ਼ਾਰ ਇਸ ਤੋਂ ਬੇਖਬਰ ਆਪਣੀ ਦੁਨੀਆਂ ਵਿਚ ਮਸਤ ਸੀ। ਮੁਟਿਆਰ ਦੇ ਮਿੱਠੇ ਬੋਲਾਂ ਨੇ ਉਹਦੇ ਤਪਦੇ ਚਿਹਰੇ ਨੂੰ ਠਾਰ ਦਿੱਤਾ। ਇਕ ਘੜੀ ਪਹਿਲਾਂ ਜਿਸ ਸੱਜਣ ਦੇ ਮੂੰਹੋਂ ਸ਼ਬਦਾਂ ਦੀ ਥਾਂ ਭਖਦੇ ਅੰਗਿਆਰ ਨਿਕਲ ਰਹੇ ਸਨ, ਉਹ ਪਲਕ ਝਪਦਿਆਂ ਹੀ ਖੁਸ਼ਦਿਲਾ ਬਣ ਗਿਆ।

"ਦੇਖ ਦੁਨੀਆਂ ਕਿੱਦਾਂ ਬਦਲਦੀ ਐ...ਤੇ ਉਹ ਵੀ ਪਲਕ ਝਪਕਦਿਆਂ...ਸਮਝਿਆ ਕੁਝ...?" ਇਕ ਪਾਸੇ ਹਟ ਕੇ ਖਲੋਤਾ ਮੁੱਛਫਟ ਨੌਜਵਾਨ ਆਪਣੇ ਬੇਲੀ ਨੂੰ ਕਹਿ ਰਿਹਾ ਸੀ।

"ਇਹ ਆਸ਼ਕੀ ਦਾ ਰੰਗ ਹੈ ਪਿਆਰੇ...ਜੇ ਤੂੰ ਕੀਤੀ ਹੁੰਦੀ ਤਾਂ ਸਮਝਦਾ...।"

"ਕਰਨਾ ਸੁਆਹ ਐ...ਸਾਡੇ ਕੰਨੀ ਕੋਈ ਝਾਕਦਾ ਤਾਂ ਇਹ ਰੰਗ ਦੇਖਦਾ...ਸਾਡੀ ਉਮਰ ਤਾਂ ਬਈ ਹਉਕੇ ਭਰਨ ਵਿਚ ਈ ਲੰਘ ਗਈ...ਜੇ ਮੈਂ ਉਹਦੀ ਥਾਂ ਹੁੰਦਾ ਤਾਂ ਛੜੱਪੇ ਨਾ ਮਾਰਦਾ ਹੁੰਦਾ...।" ਮੁਛਫਟ ਨੌਜਵਾਨ ਕਹਿ ਰਿਹਾ ਸੀ।

"ਚਲ ਕੋਈ ਨਾ...ਛੜੱਪੇ ਵੀ ਮਾਰ ਲਈਂ...ਅਜੇ ਤੇਰੀ ਉਮਰ ਈ ਕੀ ਐ...ਇਹੋ ਕੋਈ ..."

"ਛੱਡ ਪਰੇ...ਉਮਰ ਵਾਲੀ ਕੋਈ ਗੱਲ ਨਹੀਂ...ਬੰਦੇ ਬੰਦੇ ਦੀ ਗੱਲ ਹੁੰਦੀ ਐ...ਕਈ ਲੋਕ ਤਾਂ ਸਿਆਣੇ ਬਿਆਣੇ ਹੋ ਕੇ ਇਸ਼ਕ ਪੇਚੇ ਤੋਂ ਬਾਜ ਨਹੀਂ ਆਉਂਦੇ...ਉਨ੍ਹਾਂ ਦਾ ਮੁੱਲ ਵੀ ਪੈਂਦਾ..ਨਹੀਂ ਯਕੀਨ ਆਉਂਦਾ ਤਾਂ ਔਹ ਸਾਹਮਣੇ ਦੇਖ ਲਾ..." ਥੋੜੀ ਵਿਥ 'ਤੇ ਖਲੋਤੇ ਬਜੁਰਗ ਜੋੜੇ ਵੱਲ ਸੈਨਤ ਮਾਰਦਿਆਂ ਮੁਛਫਟ ਨੌਜਵਾਨ ਨੇ ਆਪਣੇ ਬੇਲੀ ਦੀ ਗੱਲ ਵਿਚੋਂ ਕੱਟੀ।

"ਲਓ ਬਈ ਬਸ ਆ ਗਈ..." ਸਟਾਪ 'ਤੇ ਖਲੋਤੀਆਂ ਸਵਾਰੀਆਂ ਵਿਚੋਂ ਇਕ ਦੇ ਮੂੰਹੋਂ ਆਪ ਮੁਹਾਰੇ ਨਿਕਲਿਆ। ਸਾਰੇ ਜਣੇ ਬਸ ਵੱਲ ਦੌੜਨ ਲੱਗੇ। ਤੁਸ਼ਾਰ ਤੇ ਤਾਨੀਆਂ ਵਿਚਕਾਰਲੀ ਖਾਲੀ ਸੀਟ ਮੱਲ ਕੇ ਬੈਠ ਗਏ ਅਤੇ ਉਸਦੀ ਸਹੇਲੀ ਸਾਹਮਣੇ ਵਾਲੀ ਸੀਟ 'ਤੇ ਬਿਰਾਜਮਾਨ ਹੋ ਗਈ।

"ਘਰ ਜਾਣ ਦੀ ਕਾਹਲੀ ਤਾਂ ਨਹੀਂ...?"

"ਨਹੀਂ...ਕਾਹਲੀ ਤਾਂ ਕੋਈ ਨਹੀਂ ਤੇ ਉਹ ਵੀ ਤੁਹਾਡੇ ਹੁੰਦਿਆਂ...ਬਈ ਆਰਾਮ ਨਾਲ ਚਲਾਂਗੇ ਕਾਫੀ-ਸ਼ਾਫੀ ਪੀ ਕੇ..." ਤੁਸ਼ਾਰ ਚਹਿਕਦਾ ਹੋਇਆ ਕਹਿ ਰਿਹਾ ਸੀ।

"ਚਲ ਫੇਰ ਠੀਕ ਐ..." ਤਾਨੀਆਂ ਨੇ ਹੁੰਗਾਰਾ ਭਰਿਆ ਤੇ ਦੂਜੇ ਬੰਨੇ ਬੈਠੀ ਸਹੇਲੀ ਨੂੰ ਤੱਕਦਿਆਂ ਪੁੱਛਿਆ, 'ਤੂੰ ਵੀ ਚਲੇਂਗੀ ਨਾ ਸਾਡੇ ਨਾਲ...?'

"ਨਾ ਬਈ ਨਾ...ਸਾਨੂੰ ਕਬਾਬ 'ਤੇ ਹੱਡੀ ਬਣਨ ਦਾ ਸ਼ੌਕ ਨਹੀਂ...ਤੁਸੀਂ ਜਾਓ...ਮਜੇ ਲਓ...ਸਾਡੀ ਕਿਸਮਤ ਵਿਚ ਕਿਥੇ ਇਹੋ ਜਿਹੇ ਮਜੇ..! ਉਂਜ ਵੀ ਅੱਜ ਘਰ ਜਲਦੀ ਪੁੱਜਣਾ।" ਸਹੇਲੀ ਨੇ ਟਕੋਰ ਕੀਤੀ।

----0---

"ਕਲ੍ਹ ਤਾਂ ਬਈ ਹੱਦ ਈ ਹੋ ਗਈ...ਪੂਰੇ ਸਾਢੇ ਅੱਠ ਵਜੇ ਘਰ ਪੁੱਜਾ।" ਸਟਾਪ 'ਤੇ ਖਲੋਤਾ ਇਕ ਜਣਾ ਆਪਣੇ ਨਾਲ ਖਲੋਤੇ ਦੂਜੇ ਬੰਦੇ ਨੂੰ ਕਹਿ ਰਿਹਾ ਸੀ।

"ਇਹ ਕਿਹੜੀ ਨਵੀਂ ਗੱਲ ਹੈ ਵੀਰ ਮੇਰੇ...ਸਵੇਰ ਤੋਂ ਧੱਕੇ ਖਾਣੇ ਸ਼ੁਰੂ ਕਰ ਦਿੰਦੇ ਹਾਂ...ਕਦੇ ਰਾਤ ਦੇ ਅੱਠ ਵਜੇ ਤੇ ਕਦੇ ਨੌ ਵਜੇ ਘਰ ਪੁੱਜੀਦਾ ਏ..." ਦੂਜਾ ਕਹਿ ਰਿਹਾ ਸੀ।

"ਸਾਡੀ ਤਾਂ ਬਈ ਏਦਾਂ ਈ ਨਿਕਲ ਜਾਣੀ ਆਂ...ਧੱਕੇ ਖਾਂਦਿਆ ਦੀ...ਕਦੇ ਬੱਸਾਂ ਵਿਚ ਤੇ ਕਦੇ ਉਂਜ..." ਕੋਲ ਖਲੋਤੇ ਇਕ ਹੋਰ ਸੱਜਣ ਨੇ ਉਦਾਸ ਹੁੰਦਿਆਂ ਕਿਹਾ।

“ਸਹੀ ਕਿਹੈ ਤੁਸੀਂ…ਅਜੇ ਕਲ੍ਹ ਪਰਸੋਂ ਦੀ ਗੱਲ ਐ…ਬਸ ਵਿਚ ਬੈਠਾ ਸਾਂ..ਮੇਰਾ ਸੂਗਰ ਲੈਵਲ ਘੱਟ ਗਿਆ। ਬੈਗ ਵਿਚ ਹੱਥ ਮਾਰਿਆ ਪਰ ਉਸ ਵੇਲੇ ਖਾਣ ਲਈ ਕੁਝ ਨਹੀਂ ਨਿਕਲਿਆ…ਮੈਂ ਕੁਝ ਨਾ ਕੁਝ ਜਰੂਰ ਰਖਦਾਂ ਇਹੋ ਜਿਹੇ ਸਮੇਂ ਲ਼ਈ।”

“ਕੋਈ ਪਤਾ ਨਹੀਂ ਹੁੰਦਾ ਵਕਤ ਦਾ। ਖਿਆਲ ਰੱਖਣਾ ਚਾਹੀਦਾ ਬਾਈ।” ਪਹਿਲੇ ਨੇ ਗੰਭੀਰ ਹੁੰਦਿਆਂ ਉਹਦੀ ਗੱਲ ਦਾ ਹੁੰਗਾਰਾ ਭਰਿਆ।

“ਸੂਗਰ ਲੈਵਲ ਘਟਣ ’ਤੇ ਮਹਿਸੂਸ ਕੀ ਹੁੰਦਾ…?” ਕੋਲ ਖਲੋਤੇ ਇਕ ਹੋਰ ਸੱਜਣ ਨੇ ਪੁਛਿਆ।

“ਇਸ ਬਾਰੇ ਅਸਲ ਗੱਲ ਤਾਂ ਭਾਈ ਸਾਹਿਬ ਹੀ ਦਸਣਗੇ ਪਰ ਮੈਂ ਆਪ ਬੀਤੀ ਜਰੂਰ ਦਸ ਸਕਦਾਂ…ਇਕ ਦਿਨ ਸਵੇਰੇ ਬ੍ਰਸ਼ ਕਰਨ ਲੱਗਾ ਤਾਂ ਮੈਥੋਂ ਵਾਸ ਬੇਸਨ ਅੱਗੇ ਖਲੋ ਹੀ ਨਾ ਹੋਇਆ…ਹੱਥਾਂ ਵਿਚ ਏਨੀ ਜਾਨ ਨਹੀਂ ਰਹੀ ਕਿ ਚੰਗੀ ਤਰ੍ਹਾਂ ਬ੍ਰਸ਼ ਫੜ ਸਕਦਾ…ਮਨ ਤਕੜਾ ਕਰਕੇ ਬ੍ਰਸ਼ ਕਰਨ ਦਾ ਯਤਨ ਇਕ ਨਹੀਂ ਦੋ ਤਿੰਨ ਵਾਰ ਕੀਤਾ ਪਰ ਨਹੀਂ…ਹੁਣ ਵੀ ਧੜਾਮ ਦੇ ਕੇ ਡਿੱਗਿਆ ਕਿ ਡਿੱਗਿਆ…ਇਹੋ ਜਾਪਦਾ ਸੀ…ਹਾਰ ਕੇ ਬ੍ਰਸ਼ ਉਥੇ ਛੱਡ ਮੈਂ ਬੈਡ ’ਤੇ ਲੇਟ ਗਿਆ…ਮੈਨੂੰ ਕੋਈ ਹੋਸ਼ ਨਹੀਂ…ਮੇਰੀ ਸ਼੍ਰੀਮਤੀ ਨੇ ਤਜਰਬੇਕਾਰ ਡਾਕਟਰ ਦੀ ਤਰ੍ਹਾਂ ਗੁਲੂਕੋਸ਼ ਦੇ ਦੋ ਤਿੰਨ ਚੰਮਚ ਪਾਣੀ ਵਿਚ ਘੋਲ ਮੇਰੇ ਮੂੰਹ ਵਿਚ ਪਾ ਦਿੱਤੇ…ਇਸ ਨਾਲ ਥੋੜ੍ਹੀ ਸੁਰਤ ਜਿਹੀ ਆਈ ਤਾਂ ਉਸ ਹੋਰ ਦੋ ਵਾਰ ਗੁਲੂਕੋਸ਼ ਦਾ ਪਾਣੀ ਪਿਲਾ ਦਿੱਤਾ…ਕੁਝ ਦੇਰ ਲੇਟਣ ਮਗਰੋਂ ਮੈਂ ਪੂਰੀ ਤਰ੍ਹਾਂ ਠੀਕ ਸਾਂ…ਕਈ ਵਾਰ ਸੋਚਦਾਂ ਜੇ ਉਸ ਦਿਨ ਘਰ ਨਾ ਹੁੰਦਾ ਤੇ ਮੇਰੀ ਸ਼੍ਰੀਮਤੀ ਕੋਲ ਨਾ ਹੁੰਦੀ ਤਾਂ ਖਬਰੇ ਕੀ ਹੋ ਜਾਂਦਾ…ਇਹੋ ਜਿਹੀ ਹਾਲਤ ਵਿਚ ਤਾਂ ਬੰਦਾ ਬੋਲਣ ਜੋਗਾ ਵੀ ਨਹੀਂ ਰਹਿੰਦਾ।”

“ਚੱਕਰ ਆਉਂਦੇ ਹਨ; ਸ਼ਰੀਰ ਵਿਚ ਸਾਹ ਸੱਤ ਨਹੀਂ ਰਹਿੰਦਾ; ਨੀਮ ਬੇਹੋਸ਼ੀ ਜਿਹੀ ਹਾਲਤ ਬਣ ਜਾਂਦੀ ਏ…ਹੁਣ ਤਾਂ ਗਿੱਝ ਗਏ ਆਂ…ਪਹਿਲਾਂ ਪਹਿਲ ਤਾਂ ਇਹੋ ਜਿਹੀ ਹਾਲਤ ਬਣਨ ਤੇ ਹੱਥਾਂ ਪੈਰਾਂ ਦੀ ਪੈ ਜਾਂਦੀ ਸੀ..!” ਨਾਲ ਖਲੋਤੇ ਇਕ ਹੋਰ ਮੁਸਾਫਰ ਨੇ ਆਪਣੀ ਗੱਲ ਕਹਿ ਸੁਣਾਈ।

“ਭਾਈ ਸਾਹਿਬ…ਤਿੰਨ ਸੌ ਸਤਾਰਾਂ ਤਾਂ ਨਹੀਂ ਆਈ ਅਜੇ..;?” ਹੁਣੇ ਹੁਣੇ ਸਟਾਪ ’ਤੇ ਪੁੱਜੇ ਨੌਜਵਾਨ ਨੇ ਪੁੱਛਿਆ।

“ਜੇ ਆਈ ਹੁੰਦੀ ਤਾਂ ਅਸੀਂ ਇਥੇ ਖਲੋਤੇ ਰਹਿੰਦੇ…ਅੱਧਾ ਘੰਟਾ ਹੋ ਗਿਐ…ਹੁਣ ਤਕ ਤਾਂ ਕਨਾਟ ਪਲੇਸ ਦੇ ਦੋ ਚੱਕਰ ਲਾ ਆਉਂਦਾ…ਬਸ ਹੁਣ ਆਈ ਹੁਣ ਆਈ …ਇਸ ਚੱਕਰ ਵਿਚ ਏਨਾ ਸਮਾਂ ਹੋ ਗਿਆ…।”

“ਕੋਈ ਗੱਲ ਨਹੀਂ…ਤੁਸੀਂ ਬਸ ਵਿਚ ਬਹਿ ਕੇ ਗੱਲਾਂ ਕਰੀਓ ਹੁਣ…” ਰੈਡ ਲਾਈਟ ’ਤੇ ਖਲੋਤੀ ਬੱਸ ਨੂੰ ਦੇਖ ਪਹਿਲਾ ਬਜੁਰਗ ਚਹਿਕ ਉੱਠਿਆ। ਬਸ ਸਟਾਪ ’ਤੇ ਰੁਕੀ ਵੀ ਨਹੀਂ ਸੀ ਕਿ ਇਕ ਦੂਜੇ ਤੋਂ ਕਾਹਲੇ ਮੁਸਾਫਰ ਦੌੜ ਕੇ ਅਗਲੇ ਪਿਛਲੇ ਦਰਵਾਜੇ ਵੱਲ ਉੱਲਰੇ… “ਮੇਰੀ ਸੀਟ ਰੱਖ ਲਈਂ…ਸਭ ਤੋਂ ਪਹਿਲਾਂ ਬਸ ਵਿਚ ਚੜ੍ਹੇ ਅਧੇੜ ਉਮਰ ਦੇ ਵਿਅਕਤੀ ਨੂੰ ਉਸ ਦਾ ਦੂਜਾ ਸਾਥੀ ਕਹਿ ਰਿਹਾ ਸੀ। ਇਕ ਨੌਜਵਾਨ ਜੋੜਾ ਬਸ ਨੂੰ ਦੇਖ ਦੂਰੋਂ ਨੱਸਾ ਆ ਰਿਹਾ ਸੀ। ਮੁਟਿਆਰ ਨੂੰ ਪਹਿਲਾਂ ਚੜ੍ਹਾ ਨੌਜਵਾਨ ਚਲਦੀ ਬਸ ਦਾ ਡੰਡਾ ਫੜ ਤੇਜੀ ਨਾਲ ਚੜ੍ਹ ਗਿਆ। ਦੋਵੇਂ ਪਿਛਲੀ ਸੀਟ ’ਤੇ ਪੱਸਰ ਕੇ ਬਹਿ ਗਏ। ਉਹ ਖੁਸ਼ ਸਨ ਕਿ ਸਟਾਪ ’ਤੇ ਪੁਜਣ ਤੋਂ ਪਹਿਲਾਂ ਹੀ ਬਸ ਮਿਲ ਗਈ। “ਡੀਟੀਸੀ ਵਾਲਿਆਂ ਦੀ ਪੰਕਚੁਐਲਟੀ ਦੇਖ ਮਜਾ ਆ ਗਿਆ!” ਏਧਰ ਨੌਜਵਾਨ ਨੇ ਮੁਟਿਆਰ ਨੂੰ ਕਿਹਾ ਤੇ ਹੱਸਣ ਲਗਾ…ਮੁਟਿਆਰ ਵੀ ਹੱਸ ਪਈ…ਤੇ ਦੋਵੇਂ ਇਕ ਦੂਜੇ ਨਾਲ ਗੱਲਾਂ ਵਿਚ ਰੁਝ ਗਏ…ਪਰ ਕੋਲ ਬੈਠੇ ਬਜੁਰਗ ਨੂੰ ਉਨ੍ਹਾਂ ਦੀ ਗੱਲ ਚੰਗੀ ਨਾ ਲੱਗੀ ਤੇ ਉਸ ਇਕ ਤਿਰਛੀ ਨਜ਼ਰ ਦੋਹਾਂ ’ਤੇ ਸੁੱਟੀ ਤੇ ਮਨ ਹੀ ਮਨ ਕੁੜ੍ਹਣ ਲੱਗਾ… ਇਹਨੂੰ ਕਹਿੰਦੇ ਨੇ ਕਿਸੇ ਨੂੰ ਮਾਂਹ ਬਾਦੀ ਤੇ ਕਿਸੇ ਨੂੰ ਸੁਆਦੀ…। ਸਾਡੀਆਂ ਲੱਤਾਂ ਦੀ ਟੈਂ ਬੋਲ 0ਗਈ ਸਟਾਪ ’ਤੇ ਖਲੋਤਿਆਂ ਤੇ ਏਧਰ..!”

----0---

‘ਮਸਤ ਬਹਾਰੋਂ ਕਾ ਮੈਂ ਆਸ਼ਿਕ…’

“ਬਸ ਬਸ ਜਨਾਬ ਆਸ਼ਿਕ ਜੀ...ਇਥੇ ਕੋਈ ਬਹਾਰ ਨਹੀਂ ਆਈ ਤੇ ਮਸਤੀ ਦੀ ਤਾਂ ਗੱਲ ਈ ਨਾ ਕਰੋ.. ਹਾ ਫਾਕਾ ਮਸਤੀ ਦਾ ਆਨੰਦ ਜਰੂਰ ਲਈਦਾ ਏ...” ਤਾਨੀਆਂ ਨੇ ਖੁਸ਼ੀ ਵਿਚ ਝੱਲੇ ਹੋਏ ਤੁਸ਼ਾਰ ਨੂੰ ਠੱਲ੍ਹ ਪਾਉਂਦਿਆਂ ਪੁਛਿਆ... “ਕੀ ਮੈਂ ਤੁਹਾਡੀ ਖੁਸ਼ੀ ਦਾ ਸਬਬ ਜਾਣ ਸਕਦੀ ਹਾਂ...ਸ਼੍ਰੀਮਾਨ...”

“ਸ਼੍ਰੀਮਾਨ ਤੁਸ਼ਾਰ...” ਉਹਦੀ ਗੱਲ ਵਿਚੋਂ ਕੱਟਦਿਆਂ ਤੁਸ਼ਾਰ ਨੇ ਤੁਣਕਾ ਮਾਰਿਆ... “ਪਹਿਲੀ ਗੱਲ ਤਾਂ ਇਹ ਕਿ ਸਾਡੀ ਖੁਸ਼ੀ ਦਾ ਕੋਈ ਸਬਬ ਨਹੀਂ...ਇਹੋ ਜਿਹੇ ਸਬਬ ਉਂਜ ਵੀ ਘੱਟ ਵੱਧ ਹੁੰਦੇ ਨੇ ਹਮਾਤੜ ਸਾਥ ਦੇ ਜੀਵਨ ਵਿਚ...ਦੂਜੀ ਗੱਲ ਇਹ ਕਿ ਰੋਜ ਰੋਜ ਦੇ ਝੱਖੜ ਝੇੜਿਆਂ ਨਾਲ ਹੈਰਾਨ ਪਰੇਸ਼ਾਨ ਇਹ ਮਨ ਜੇ ਕਦੇ ਭੁੱਲ ਭੁਲੇਖੇ ਮਸਤੀ ਵਿਚ ਆ ਜਾਵੇ ਤਾਂ ਕੀ ਗੁਨਾਹ ਹੋ ਗਿਆ। ਇਥੇ ਕਿਹੜਾ ਕੋਈ ਤਖ਼ਤੋ ਤਾਜ ਸਾਡੀ ਝੋਲੀ ਵਿਚ ਪਾ ਰਿਹੈ...ਸੱਚ ਤਾਂ ਇਹ ਹੈ ਭੁੱਖ, ਗਰੀਬੀ, ਕੰਗਾਲੀ, ਬੇਬਸੀ ਤੇ ਮਜਬੂਰੀਆਂ ਨਾਲ ਗ੍ਰਸਿਆ ਸਾਰਾ ਜਹਾਨ ਸਾਡੇ ਲਈ ਹੀ ਤਾਂ ਹੈ...ਅਮੀਰਾਂ ਇਹਤੋਂ ਕੀ ਲੈਣਾ...!” ਤੁਸ਼ਾਰ ਨੇ ਰੁਮਾਨੀ ਸੰਸਾਰ ਵਿਚੋਂ ਨਿਕਲਦਿਆਂ ਆਲਾ ਦੁਆਲਾ ਦੇਖਿਆ...ਤਾਨੀਆਂ ਨੇ ਉਹਦੀ ਗੱਲ ਦਾ ਜਵਾਬ ਦੇਣਾ ਚਾਹਿਆ...ਪਰ ਉਹਦਾ ਧਿਆਨ ਦੂਜੇ ਪਾਸੇ ਲੱਗਾ ਦੇਖ ਉਹ ਚੁੱਪ ਕਰ ਗਈ। ਇਕ ਆਟੋ ਰਿਕਸ਼ਾ ਉਨ੍ਹਾਂ ਅੱਗੇ ਰੁਕੀ... “ਕਨਾਟ ਪਲੇਸ...?” ਆਟੋ ਰਿਕਸ਼ਾ ਵਾਲੇ ਨੇ ਪੁੱਛਿਆ। ਤੁਸ਼ਾਰ ਦੇ ਮੂੰਹੋਂ ਆਪ ਮੁਹਾਰੇ ਨਿਕਲਿਆ, “ਨੋ...!” ਉਸ ਕੁਝ ਸੋਚ ਤਾਨੀਆਂ ਵੱਲ ਰੁਖ ਕੀਤਾ। “ਬਸ ਨੇ ਅੱਜ ਧੋਖਾ ਦੇਣਾ ਲਗਦਾ। ਇਥੇ ਬੈਠਣ ਨਾਲੋਂ ਤਾਂ ਚੰਗਾ ਹੈ ਮੰਡੀ ਹਾਊਸ ਚਲਦੇ ਆਂ...ਪਹਿਲਾਂ ਚਾਹ ਪੀਵਾਂਗੇ ਫੇਰ ਅੱਗੇ ਦੀ ਸੋਚਾਂਗੇ...ਵੈਸੇ ਕੀ ਖਿਆਲ ਹੈ ਤੁਹਾਡਾ।” “ਖਿਆਲ ਨੇਕ ਐ...ਇਧਰੋਂ ਈ ਨਿਕਲ ਤੁਰਦੇ ਆਂ...।” ਰਹਿੰਦੀਆਂ ਸਵਾਰੀਆਂ ਵੀ ਤੰਗ ਆ ਕੇ ਉਥੋਂ ਤੁਰ ਪਈਆਂ।

----0---

“ਤੁਹਾਨੂੰ ਚੰਗਾ ਭਲਾ ਪਤੈ...ਇਸ ਸਟਾਪ ’ਤੇ ਬਸ ਛੇਤੀ ਕਿਤੇ ਨਹੀਂ ਮਿਲਦੀ, ਤੁਸੀਂ ਫੇਰ ਵੀ ਮੈਨੂੰ ਇਥੇ ਸੱਦ ਲਿਐ, ਇਸ ਨਾਲੋਂ ਤਾਂ ਚੰਗਾ ਸੀ ਅਸੀਂ ਦਫਤਰ ਤੋਂ ਈ ਆਟੋ ਫੜ ਲੈਂਦੇ...” ਤੁਸ਼ਾਰ ਨੇ ਆਉਂਦਿਆਂ ਈ ਗਿਲਾ ਕੀਤਾ।

“ਸ਼ਾਂਤ...ਸ਼੍ਰੀਮਾਨ ਤੁਸ਼ਾਰ ਜੀ ਮਹਾਰਾਜ...ਸ਼ਾਂਤ...ਇਥੇ ਬਸ ਕਦੇ-ਕਦਾਈਂ ਆਉਂਦੀ ਏ ਤੇ ਜੇ ਆਉਂਦੀ ਵੀ ਏ ਤਾਂ ਉਹ ਮਿਲ ਹੀ ਜਾਵੇ ਇਹ ਜਰੂਰੀ ਨਹੀਂ, ਇਹ ਗੱਲ ਮੈਂ ਚੰਗੀ ਤਰ੍ਹਾਂ ਜਾਣਦੀ ਹਾਂ, ਬਿਲਕੁਲ ਤੁਹਾਡੇ ਵਾਂਗ। ਇਸੇ ਲਈ ਤੁਹਾਨੂੰ ਇਥੇ ਸੱਦਿਆ ਤਾਂ ਜੋ ਇਸ ਮਹਾਪੁਰਸ਼ ਨਾਲ ਥੋੜ੍ਹੀ ਦੇਰ ਆਰਾਮ ਨਾਲ ਬਹਿ ਕੇ ਗੱਲਾਂ ਕਰ ਸਕਾਂ। ਭੀੜ ਵਾਲੇ ਸਟਾਪ ’ਤੇ ਇਹੋ ਜਿਹੇ ਮੌਕੇ ਮਿਲਦੇ ਨੇ ਕਿਤੇ। ਤੁਹਾਨੂੰ ਤਾਂ ਸਗੋਂ ਖੁਸ਼ ਹੋਣਾ ਚਾਹੀਦੈ..!” ਤਾਨੀਆਂ ਨੇ ਠਰ੍ਹਮੇ ਨਾਲ ਸਾਰੀ ਸਥਿਤੀ ਬਿਆਨ ਕਰ ਦਿੱਤੀ। ਉਸਦੀ ਗੱਲ ਸੁਣ ਤੁਸ਼ਾਰ ਦਾ ਹਿਰਦਾ ਗਦਗਦ ਹੋ ਗਿਆ। ਉਹਦੇ ਮੂੰਹ ’ਚੋਂ ਬਸ ਏਨਾ ਈ ਨਿਕਲਿਆ, “ਇਰਾਦਾ ਕੀ ਏ ਜਨਾਬ ਦਾ, ਇਹ ਦੱਸਣ ਦੀ ਖੇਚਲ ਕਰੋਗੇ?”

“ਆਪਣੇ ਹਿੱਸੇ ਦੀ ਥੋੜੀ ਜਿੰਨੀ ਐਸ਼ ਕਰਨ ਦਾ, ਜੇ ਤੁਹਾਨੂੰ ਇਤਰਾਜ ਨਾ ਹੋਵੇ ਤਾਂ।”

“ਅਮੀਰ ਦਾ ਸਲਾਹੁਣਾ ਕੀ...ਗਰੀਬ ਦਾ ਨਿੰਦਣਾ ਕੀ, ਤੁਸੀਂ ਹੁਕਮ ਕਰੋ, ਜਿਧਰ ਕਹੋਗੇ ਧਾਵਾ ਬੋਲ ਦਿਆਂਗੇ।”

“ਇਹ ਹੋਈ ਨਾ ਗੱਲ।” ਤਾਨੀਆਂ ਨੇ ਖੁਸ਼ੀ ਵਿਚ ਤਾੜੀ ਵਜਾਈ।

“ਹੁਣ ਚੱਲਣ ਦੀ ਕਰੋ।” ਤੁਸ਼ਾਰ ਕਾਹਲਾ ਪੈ ਗਿਆ।

“ਥੋੜ੍ਹਾ ਸਬਰ ਕਰੋ, ਸਵਾਰੀ ਆ ਲੈਣ ਦਿਉ, ਫੇਰ ਚਲੇ ਵੀ ਜਾਵਾਂਗੇ..!”

“ਪਰ ਐਸ ਵੇਲੇ ਕੋਈ ਸਕੂਟਰ ਵੀ ਤਾਂ ਨਹੀਂ ਮਿਲਣਾ..।”

“ਕੋਈ ਗਲ ਨਹੀਂ ਜੀ, ਨਹੀਂ ਮਿਲਦਾ ਤਾਂ ਨਾ ਮਿਲੇ, ਅਸੀਂ ਕੋਈ ਸੁੱਖਿਆ ਤਾਂ ਨਹੀਂ ਜਰੂਰ ਸਕੂਟਰ ’ਤੇ ਈ ਜਾਣਾ।”

“ਜਿੱਦਾਂ ਤੁਹਾਡੀ ਮਰਜੀ, ਬੰਦਾ ਹਾਜਰ ਐ।” ਇਹ ਕਹਿ ਉਹ ਬੈਠਣ ਲਈ ਬੈਂਚ ਵੱਲ ਵਧਿਆ।

"ਬਹਿਣਾ ਨਹੀਂ, ਇਥੇ ਈ ਖਲੋ ਜਾਉ, ਮੇਰੇ ਕੋਲ।" ਉਹਦੀ ਬਾਂਹ ਫੜ ਤਾਨੀਆਂ ਸੜਕ ਕੰਢੇ ਖਲੋ ਗਈ। ਇਕ-ਦੋ ਕਾਰਾਂ ਆਈਆਂ ਤੇ ਲੰਘ ਗਈਆਂ। ਕੁਝ ਪਲ ਏਦਾਂ ਈ ਬੀਤ ਗਏ। ਏਨੇ ਵਿਚ ਲਾਲ ਬੱਤੀ ਦੇ ਦੂਜੇ ਪਾਸੇ ਸਲੇਟੀ ਰੰਗ ਦੀ ਕਾਰ ਖਲੋਤੀ ਦੇਖ ਤਾਨੀਆਂ ਖੁਸ਼ੀ ਨਾਲ ਉੱਛਲ ਪਈ, "ਆਹ ਹੋਈ ਨਾ ਗੱਲ," ਉਹਦੇ ਮੂੰਹੋ ਨਿਕਲਿਆ। ਲਾਲ ਬੱਤੀ ਖਤਮ ਹੋਣ 'ਤੇ ਕਾਰ ਅੱਗੇ ਵਧੀ ਤੇ ਦੇਖਦਿਆਂ ਹੀ ਦੇਖਦਿਆਂ ਉਨ੍ਹਾਂ ਸਾਹਮਣੇ ਆ ਖੜੀ ਹੋਈ।

"ਹਾਏ ਰੀਮਾ, ਫੌਜੀਆਂ ਵਾਂਗ ਪੂਰੇ ਟਾਈਮ ਸਿਰ ਆਈ ਏਂ, ਥੈਂਕਸ..।"

"ਥੈਂਕਸ ਮੇਰਾ ਨਹੀਂ, ਇਨ੍ਹਾਂ ਦਾ ਕਰ" ਪਿਛਲੀ ਸੀਟ 'ਤੇ ਨਾਲ ਜੁੜ ਕੇ ਬੈਠੇ ਨੌਜਵਾਨ ਵੱਲ ਇਸ਼ਾਰਾ ਕਰਦਿਆਂ ਰੀਮਾ ਨੇ ਕਿਹਾ।

"ਥੈਂਕਸ...?"

"ਰਮਨ!" ਉਸ ਨੂੰ ਚੁਪ ਹੁੰਦਿਆਂ ਦੇਖ ਨੌਜਵਾਨ ਨੇ ਆਪਣੀ ਜਾਣ ਪਛਾਣ ਕਰਾ ਦਿੱਤੀ।

"ਜੇ ਤੈਂ ਆਪਣੇ ਫਰੈਂਡ ਨਾਲ ਜੁੜ ਕੇ ਬਹਿਣਾ ਤਾਂ ਰਮਨ ਅੱਗੇ ਚਲਾ ਜਾਂਦਾ ਨਹੀਂ ਤਾਂ ਦੂਜੇ ਪਾਸਿਓਂ ਮੇਰੇ ਵੱਲ ਆ ਜਾ ਤੇ ਤੁਸ਼ਾਰ ਤੂੰ ਮੋਹਰਲੀ ਸੀਟ ਮੱਲ ਲੈ।"

"ਠੀਕ ਐ, ਮੈਂ ਮੋਹਰੇ ਬਹਿ ਜਾਨਾ।" ਤੁਸ਼ਾਰ ਡਰਾਈਵਰ ਨਾਲ ਬਹਿ ਗਿਆ।

ਕਾਰ ਤਾਲ ਕਟੋਰਾ ਗਾਰਡਨ ਅੱਗੇ ਖਲੋ ਗਈ। "ਬਈ ਅਸੀਂ ਤਾਂ ਥੋੜ੍ਹੀ ਦੇਰ ਇਥੇ ਬਿਤਾਉਣੀ ਏ, ਤੁਸੀਂ ਆਪਣੀ ਮਰਜੀ ਦੱਸੋ।"

"ਤੂੰ ਇਥੇ ਰਮਨ ਨਾਲ ਐਸ਼ ਕਰਨੀ ਏ ਤੇ ਮੈਂ ਕਿਹੜਾ ਰੱਬ ਦੇ ਮਾਂਹ ਮਾਰੇ ਨੇ, ਅਸੀਂ ਵੀ ਚਲਦੇ ਆਂ, ਫਿਕਰ ਨਾ ਕਰ, ਅਸੀਂ ਦੂਰ ਦੂਰ ਰਹਾਂਗੇ, ਡਿਸਟਰਬ ਨਹੀਂ ਕਰਦੇ" ਤਾਨੀਆਂ ਨੇ ਹੱਸਦਿਆਂ ਕਿਹਾ ਤੇ ਦੋਵੇਂ ਜੋੜੇ ਇਕ-ਦੂਜੇ ਦਾ ਹੱਥ ਫੜੀ ਗਾਰਡਨ ਵਿਚ ਚਲੇ ਗਏ ਪਰ ਥੋੜ੍ਹੀ ਜਿੰਨੀ ਵਿੱਥ ਨਾਲ।

ਮੌਸਮੀ ਫੁੱਲਾਂ ਦੀਆਂ ਕਿਆਰੀਆਂ ਦੇ ਨਾਲ-ਨਾਲ ਤੁਰਦਿਆਂ ਦੋਵੇਂ ਜੋੜੇ ਆਪੋ ਆਪਣੇ ਰੁਮਾਨੀ ਸੰਸਾਰ ਵਿਚ ਗੁਆਚ ਜਿਹੇ ਗਏ ਸਨ। ਇਕ ਜੋੜਾ ਪੌੜੀਆਂ ਨਾਲ ਬਣੇ ਸੀਮੇਂਟ ਦੇ ਥੜੇ 'ਤੇ ਬੈਠ ਗਿਆ ਤੇ ਦੂਜਾ ਉਸ ਤੋਂ ਲਾਂਭੇ ਹੱਟ ਕੇ ਇਕ ਦਰਖਤ ਹੇਠ ਰੱਖੇ ਲੋਹੇ ਦੇ ਬੈਂਚ ਦੀ ਸ਼ੋਭਾ ਵਧਾ ਰਿਹਾ ਸੀ। ਦਿਨ ਦਾ ਚਾਨਣ ਬਹੁਤੀ ਦੇਰ ਉਨ੍ਹਾਂ ਦੇ ਰੰਗ ਵਿਚ ਭੰਗ ਨਹੀਂ ਪਾ ਸਕਿਆ। ਉਹ ਗਿਆ ਤੇ ਉਹਦੀ ਥਾਂ ਹੌਲੀ ਹੌਲੀ ਹਨੇਰਾ ਪਸਰ ਗਿਆ।

"ਬਈ, ਅੱਜ ਦੀ ਟਰਿੱਪ ਤਾਂ ਯਾਦਗਾਰੀ ਰਹੀ, ਮੈਨੂੰ ਨਹੀਂ ਸੀ ਪਤਾ ਤੈਂ ਏਨਾ ਹਸੀਨ ਪ੍ਰੋਗਰਾਮ ਬਣਾਇਆ ਹੋਇਆ, ਥੈਂਕਸ ਰੀਮਾ, ਇਸ ਸਭ ਲਈ ਇਕ ਵਾਰ ਫੇਰ ਥੈਂਕਸ।" ਬਾਹਰ ਨਿਕਲਦਿਆਂ ਤੁਸ਼ਾਰ ਕਹਿ ਰਿਹਾ ਸੀ।

"ਯਾਦਗਾਰੀ ?" ਰੀਮਾ ਦੇ ਮੂੰਹੋਂ ਨਿਕਲਿਆ।

"ਤੁਸ਼ਾਰ ਠੀਕ ਕਹਿੰਦਾ ਏ ਰੀਮਾ, ਇਹੋ ਜਿਹੀ ਪਹਿਲੀ ਟਰਿਪ ਸਾਰਿਆਂ ਲਈ ਯਾਦਗਾਰੀ ਹੁੰਦੀ ਐ, ਭਾਵੇਂ ਤੇਰੇ-ਮੇਰੇ ਲਈ ਇਹ ਮਾਮੂਲੀ ਜਿਹੀ ਗੱਲ ਐ।" ਰਮਨ ਨੇ ਤੁਸ਼ਾਰ ਦੀ ਹਿਮਾਇਤ ਕੀਤੀ।

ਦੂਜੇ ਪਾਸੇ ਤੁਸ਼ਾਰ ਨਾਲ ਚੰਬੜੀ ਤਾਨੀਆਂ ਕਹਿ ਰਹੀ ਸੀ, "ਓਹ ਨੋ ਤੁਸ਼ਾਰ, ਥੈਂਕਸ ਤਾਂ ਤੇਰਾ ਕਰਨਾ ਬਣਦਾ ਏ। ਇਹਨੂੰ ਯਾਦਗਾਰੀ ਬਣਾਉਣ ਵਾਲਾ ਤੂੰ ਏਂ। ਤੇਰੇ ਨਿੱਘ ਤੇ ਤੇਰੇ ਪਿਆਰ ਨੇ ਇਹਨੂੰ ਯਾਦਗਾਰੀ ਟਰਿਪ ਬਣਾਇਐ...ਹਾਂ ਯਾਦਗਾਰੀ ਟਰਿਪ।"

(27-04-2016)

09810628570 (ਫੋਨ)

I-263, karampura,
New Delhi-110015

(ਇਹ ਕਹਾਣੀ 'ਪੰਜਾਬ ਟਾਈਮਜ਼, ਨਿਊਯਾਰਕ' ਦੇ 24 ਫਰਵਰੀ, 2018 ਅੰਕ ਵਿਚ ਛਪ ਗਈ ਹੈ।)

# ਦੁਖਦੀ ਰਗ

ਅਸ਼ੋਕ ਵਾਸਿਸ਼ਠ

"ਮੈਨੂੰ ਸਮਝ ਨਹੀਂ ਆਉਂਦੀ, ਸਭ ਕੁਝ ਠੀਕ ਠਾਕ ਸੀ, ਮੇਰੇ ਕੰਮ 'ਤੇ ਸਾਰੇ ਹਰ ਖੁਸ਼ ਸਨ। ਪੂਰੀ ਆਸ ਸੀ ਕਿ ਪਹਿਲੀ ਵਾਰ ਹੀ ਕੰਮ ਬਣ ਜਾਵੇਗਾ, ਪਰ...!" ਆਪਣੇ ਉੱਪਰ ਝੂਰਦੀ ਸਵਾਤੀ ਸੋਚ ਰਹੀ ਸੀ ਕਿ ਆਖਰ ਗਲਤੀ ਕਿਥੇ ਹੋਈ ਹੈ। ਕੀ ਉਹ ਲੋੜ ਨਾਲੋਂ ਵਧ ਆਸਵੰਦ ਸੀ ਜਾਂ ਕਿਸੇ ਹੋਰ ਪੱਖ ਵੱਲ ਉਸ ਦਾ ਧਿਆਨ ਉੱਕਾ ਈ ਨਹੀਂ ਗਿਆ। ਉਹ ਸੋਚਦੀ-ਸੋਚਦੀ ਕਮਲੀ ਹੋ ਗਈ ਪਰ ਕੋਈ ਲੜ ਸਿਰਾ ਉਹਦੇ ਹੱਥ ਨਹੀਂ ਲੱਗ ਰਿਹਾ ਸੀ। ਉਹ ਰੋਣਹਾਕੀ ਜਿਹੀ ਹੋ ਕੇ ਡਰਾਇੰਗ ਰੂਮ ਵਿਚ ਸੋਫੇ 'ਤੇ ਬਹਿ ਗਈ। ਉਸ ਨੇ ਸੈਂਟਰ ਟੇਬਲ 'ਤੇ ਕੂਹਣੀਆਂ ਰੱਖ ਲਈਆਂ ਅਤੇ ਅੱਖਾਂ ਬੰਦ ਕਰਕੇ ਹਥੇਲੀਆਂ 'ਤੇ ਸਿਰ ਟਿਕਾ ਲਿਆ। ਉਹ ਪਤਾ ਨਹੀਂ ਕਿੰਨੀ ਦੇਰ ਇਸ ਮੁਦਰਾ ਵਿਚ ਬੈਠੀ ਰਹਿੰਦੀ ਪਰ ਮੋਢੇ 'ਤੇ ਪਾਪਾ ਦੇ ਹੱਥ ਦੇ ਪੋਲੇ ਜਿਹੇ ਸਪਰਸ਼ ਨੇ ਉਸ ਦੀ ਬਿਰਤੀ ਭੰਗ ਕਰ ਦਿੱਤੀ। ਉਸ ਅੱਖਾਂ ਖੋਲ੍ਹ ਲਈਆਂ। ਪਾਪਾ ਮੋਹ ਭਿੰਨੀਆਂ ਨਜ਼ਰਾਂ ਨਾਲ ਉਸ ਨੂੰ ਦੇਖ ਰਹੇ ਸਨ।

"ਯਸ ਪਾਪਾ..!"

"ਕੋਈ ਸਮਸਿਆ..?"

"ਨੋ, ਨਾੱਟ ਐਟ ਆਲ, ਕਿਉਂ ਕੀ ਗੱਲ...?"

"ਮੈਨੂੰ ਲੱਗਿਆ, ਤੂੰ ਉਦਾਸ ਏਂ, ਇਸੇ ਲਈ" ਪਾਪਾ ਨੇ ਸੰਖੇਪ ਜਿਹਾ ਉੱਤਰ ਦਿੱਤਾ।

"ਇਹੋ ਜਿਹੀ ਕੋਈ ਗੱਲ ਨਹੀਂ ਪਾਪਾ, ਉਂਜ ਹੀ ਬੈਠੀ ਸਾਂ।"

"ਓ. ਕੇ. ਦੈਨ" ਉਹ ਉਸ ਦਾ ਸਿਰ ਪਲੋਸਦਿਆਂ ਬਾਹਰ ਨਿਕਲ ਗਏ।

ਸਵਾਤੀ ਨੇ ਪਾਪਾ ਦੀ ਤਸੱਲੀ ਕਰਾ ਦਿੱਤੀ ਤੇ ਉਹ ਚਲੇ ਵੀ ਗਏ ਸਨ। ਪਰ ਉਹਦੀ ਮਨੋਦਸ਼ਾ ਵਿਚ ਕੋਈ ਫਰਕ ਨਹੀਂ ਪਿਆ। ਉਹ ਚਾਹੁੰਦੀ ਸੀ ਪਾਪਾ ਦੇ ਗੱਲ ਲੱਗ ਭੁੱਬਾਂ ਮਾਰ ਕੇ ਰੋਵੇ, ਆਪਣੇ ਦਿਲ ਦਾ ਦਰਦ ਹੰਝੂਆਂ ਵਿਚ ਬਹਾ ਦੇਵੇ ਤੇ ਹੌਲੀ ਫੁੱਲ ਹੋ ਕੇ ਘਰ ਵਿਚ ਚਹਿਕੇ, ਅੰਦਰ-ਬਾਹਰ ਦੌੜਦੀ ਫਿਰੇ, ਛੋਟੇ ਭੈਣ-ਭਰਾ ਨਾਲ ਹੱਸੇ, ਬੋਲੇ, ਮਜ਼ਾਕ ਕਰੇ ਤੇ ਮਜ਼ਾਕ ਕਰਾਵੇ, ਪਰ ਹਾਲ ਦੀ ਘੜੀ ਇਹ ਹੋ ਨਹੀਂ ਸਕਦਾ ਸੀ। ਉਹ ਅੰਦਰ ਹੀ ਅੰਦਰ ਘੁਟਦੀ ਰਹੀ। ਪਾਪਾ ਆਪਣੇ ਕੰਮ 'ਤੇ ਜਾ ਚੁੱਕੇ ਸਨ। ਪਰ ਪਤਾ ਨਹੀਂ ਕਿਉਂ ਉਹਨੂੰ ਅਜੇ ਵੀ ਇਹੋ ਲੱਗ ਰਿਹਾ ਸੀ ਕਿ ਉਹ ਉਥੇ ਖਲੋਤੇ ਮੋਹ ਭਿੰਨੀਆਂ ਨਜ਼ਰਾਂ ਨਾਲ ਉਸ ਨੂੰ ਤੱਕ ਰਹੇ ਸਨ। ਉਹ ਪਾਪਾ ਦੀ ਆਦਤ ਚੰਗੀ ਤਰ੍ਹਾਂ ਜਾਣਦੀ ਸੀ। ਉਹ ਕਿਸੇ ਵੀ ਗੱਲ ਦੀ ਤਹਿ ਵਿਚ ਚਲੇ ਜਾਂਦੇ ਹਨ। ਕੁਝ ਬੋਲੀ ਤਾਂ ਉਹ ਪਤਾ ਨਹੀਂ ਕਿੰਨੇ ਸਵਾਲ ਕਰ ਦੇਣ। ਉਨ੍ਹਾਂ ਦੇ ਸਵਾਲਾਂ ਦੇ ਤਿੱਖੇ ਬਾਣਾਂ ਦੀ ਮਾਰ ਝੱਲਣੀ ਉਸ ਦੇ ਬਸ ਦੀ ਗੱਲ ਨਹੀਂ ਸੀ। ਅਫਸੋਸ ਤਾਂ ਇਸੇ ਗੱਲ ਦਾ ਸੀ ਕਿ ਉਹ ਚਾਹ ਕੇ ਵੀ ਆਪਣਾ ਦਿਲ ਉਨ੍ਹਾਂ ਅੱਗੇ ਫਰੋਲ ਨਹੀਂ ਸਕਦੀ ਸੀ। ਇਸੇ ਦੁਬਿਧਾ ਤੇ ਮਾਨਸਿਕ ਉਲਝਣ ਵਿਚ ਪਤਾ ਨਹੀਂ ਕਿਸ ਸਮੇਂ ਉਹਦੀ ਅੱਖ ਲੱਗ ਗਈ ਤੇ ਉਹ ਸੋਫੇ 'ਤੇ ਈ ਢੇਰੀ ਹੋ ਗਈ।

----0---

ਟਰਨ...ਟਰਨ...ਟਰਨ...। ਕੁਝ ਦੇਰ ਮਗਰੋਂ ਫੇਰ ਟਰਨ...ਟਰਨ...ਟਰਨ...। ਫੋਨ ਚੁਕਿਆ ਨਹੀਂ ਜਾਂਦਾ। ਤੀਜੀ ਵਾਰ ਫੇਰ ਟਰਨ...ਟਰਨ...ਟਰਨ...। ਇਸ ਵਾਰ ਵੀ ਕਿਸੇ ਨੇ ਫੋਨ ਨਹੀਂ ਚੁੱਕਿਆ। ਇਕ ਵਾਰ ਫੇਰ ਟਰਨ...ਟਰਨ...ਟਰਨ...! ਸਵਾਤੀ ਦੀ ਮਾਂ ਅੰਦਰੋਂ ਭੱਜੀ ਆਉਂਦੀ ਹੈ...ਕਾਹਲੀ ਨਾਲ ਫੋਨ ਦਾ ਚੋਗਾ ਚੁੱਕਦੀ ਹੈ...ਉਧਰੋਂ ਅਵਾਜ਼ ਆਉਂਦੀ ਹੈ... "ਸਵਾਤੀ...!"

"ਉਹ ਤਾਂ ਜੀ ਘੋੜੇ ਵੇਚ ਕੇ ਸੁੱਤੀ ਪਈ ਏ।" ਮਾਂ ਨੇ ਕਾਹਲੀ ਨਾਲ ਜਵਾਬ ਦਿੱਤਾ।

“ਇਹ ਕੋਈ ਵੇਲਾ ਏ ਸੌਣ ਦਾ..?” ਦੂਜੇ ਪਾਸਿਓਂ ਸਵਾਤੀ ਦੀ ਸਹੇਲੀ ਪੁੱਛ ਰਹੀ ਸੀ।

“ਪਤਾ ਨਹੀਂ, ਏਦਾਂ ਕਦੇ ਸੌਂਦੀ ਤਾਂ ਨਹੀਂ।”

“ਠੀਕ ਨਹੀਂ ਹੋਣੀ।”

“ਮੈਨੂੰ ਤਾਂ ਜੀ ਕੁਝ ਦਸਿਆ ਨਹੀਂ, ਉਂਜ ਕਲ੍ਹ ਦੀ ਚੁਪ ਚੁਪ ਜਿਹੀ ਸੀ, ਹੋ ਸਕਦੈ ਦਫਤਰ ਵਿਚ ਕੋਈ ਗੱਲ ਹੋਈ ਹੋਵੇ” ਮਾਂ ਨੇ ਥੋੜ੍ਹਾ ਚਿੰਤਿਤ ਹੁੰਦਿਆਂ ਕਿਹਾ।

“ਹੁਣ ਸਮਝੀ। ਚਲ ਕੋਈ ਨਹੀਂ, ਬਾਅਦ ਵਿਚ ਦੇਖਦੇ ਆਂ।”

“ਮੈਂ ਕਹਿ ਦੇਵਾਂਗੀ, ਉਹ ਆਪੇ ਤੇਰੇ ਨਾਲ ਗੱਲ ਕਰ ਲਵੇਗੀ।”

“ਨਹੀਂ ਇਹਦੀ ਕੋਈ ਲੋੜ ਨਹੀਂ। ਚੰਗਾ ਨਮਸਤੇ” ਤੇ ਉਹਨੇ ਫੋਨ ਰੱਖ ਦਿੱਤਾ।

“ਪਤਾ ਨਹੀਂ ਕੀ ਗੱਲ ਹੋਵੇਗੀ, ਸਹੇਲੀ ਨੇ ਵੀ ਕੁਝ ਨਹੀਂ ਦਸਿਆ, ਕਲ੍ਹ ਸਵੇਰੇ ਚੰਗੀ ਭਲੀ ਗਈ ਸੀ, ਸ਼ਾਮ ਨੂੰ ਦਫਤਰੋਂ ਆਈ ਤਾਂ ਚਿਹਰੇ ਦੀਆਂ ਹਵਾਈਆਂ ਉੱਡੀਆਂ ਸਨ, ਪੁੱਛਿਆ ਤਾਂ ਬਸ ਇਹੋ ਕਿਹਾ, ‘ਕੁਝ ਨਹੀਂ ਹੋਇਆ ਮੈਨੂੰ, ਕੰਮ ਦੀ ਥਕਾਵਟ ਐ, ਥੋੜ੍ਹਾ ਆਰਾਮ ਕਰਾਂਗੀ ਤਾਂ ਆਪੇ ਠੀਕ ਹੋ ਜਾਵਾਂਗੀ।’ ਮਾਂ ਸੋਚਦੀ-ਸੋਚਦੀ ਆਪਣੇ ਆਹਰੇ ਲੱਗ ਗਈ।

----0---

ਸਵਾਤੀ ਦੀ ਅੱਖ ਜਦ ਖੁਲ੍ਹੀ ਤਾਂ ਸ਼ਾਮਾਂ ਪੈ ਚੁੱਕੀਆਂ ਸਨ। ਇਕ ਵਾਰ ਫੇਰ ਚਲ ਚਿੱਤਰ ਵਾਂਗ ਅੱਖਾਂ ਅੱਗੇ ਮੀਟਿੰਗ ਤੋਂ ਪਹਿਲਾਂ ਦਾ ਦ੍ਰਿਸ਼ ਘੁੰਮਣ ਲੱਗਾ। ਉਹ ਆਪਣੇ ਸੈਕਸ਼ਨ ਵਿਚ ਨਾਲ ਕੰਮ ਕਰਦੀਆਂ ਸਹੇਲੀਆਂ ਨਾਲ ਗੱਲੀ ਲੱਗੀ ਹੋਈ ਸੀ। ਸੈਕਸ਼ਨ ਦੀ ਸੁਪਰਵਾਈਜਰ ਉਹਦੇ ਕੋਲ ਆਉਂਦੀ ਹੈ, “ਹਾਏ ਸਵਾਤੀ, ਬਈ ਸੋਚਿਆ ਨਮਸਤੇ ਕਰ ਈ ਦੇਈਏ, ਮੌਕਾ ਚੰਗਾ ਹੈ। ਇਹੋ ਜਿਹੇ ਮੌਕੇ ਕਲ੍ਹ ਤੋਂ ਬਾਅਦ ਭਾਗਾਂ ਵਾਲਿਆਂ ਨੂੰ ਈ ਨਸੀਬ ਹੋਇਆ ਕਰਨਗੇ।”

“ਮੈਡਮ ਜੀ, ਕੋਈ ਕਸਰ ਬਾਕੀ ਰਹਿ ਗਈ ਹੈ ਤਾਂ ਤੁਸੀਂ ਆਹ ਜੁੱਤੀ ਲਾਹ ਲਓ ਤੇ ਜਿੰਨੀਆਂ ਚਾਹੇ ਮਾਰ ਲਓ, ਪਰ ਏਦਾਂ ਤਾਂ ਠਿੱਠ ਨਾ ਕਰੋ।” ਸਵਾਤੀ ਨੇ ਗੰਭੀਰ ਹੁੰਦਿਆਂ ਕਿਹਾ।

“ਨਾ ਮੇਰੀ ਜਾਨ, ਏਦਾਂ ਨਾ ਕਹਿ, ਝੱਲੀਏ ਇਹ ਤਾਂ ਸਗੋਂ ਖੁਸ਼ੀ ਦੀ ਗੱਲ ਹੈ, ਸਾਡੇ ਸਾਰਿਆਂ ਲਈ। ਰੱਬ ਕਰੇ, ਇਹੋ ਜਿਹਾ ਸਬਬ ਕਲ੍ਹ ਦੀ ਥਾਂ ਅਜ ਈ ਬਣ ਜਾਵੇ। ਮੈਂ ਤਾਂ ਅਰਦਾਸਾਂ ਕਰਦੀ ਰਹਿੰਦੀ ਹਾਂ। ਰੱਬ ਕਦੇ ਸਾਡੀ ਵੀ ਸੁਣੇਗਾ...।” ਸੁਪਰਵਾਈਜਰ ਨੇ ਉਹਨੂੰ ਕਲਾਵੇ ਵਿਚ ਲੈਂਦਿਆਂ ਹੱਲਾ ਸ਼ੇਰੀ ਦਿੱਤੀ।

“ਤੁਹਾਡੇ ਮੂੰਹ ਵਿਚ ਘਿਉ-ਸ਼ੱਕਰ...ਤੁਹਾਡੀ ਹੱਲਾ ਸ਼ੇਰੀ ਨਾਲ ਹੀ ਤਾਂ ਹੌਸਲੇ ਵਿਚ ਰਹੀ ਹਾਂ ਹੁਣ ਤਕ।” ਸਵਾਤੀ ਨੇ ਭਾਵੁਕ ਹੁੰਦਿਆਂ ਉਹਦੀ ਗੱਲ ਦਾ ਜਵਾਬ ਦਿੱਤਾ।

“ਮੇਰੀ ਛੋਟੀ ਭੈਣ ਜਿਹੀ ਐਂ, ਏਨਾ ਤਾਂ ਬਣਦਾ ਈ ਆ। ਤੂੰ ਉੱਕਾ ਈ ਫਿਕਰ ਨਾ ਕਰ। ਤਕੜੀ ਹੋ ਕੇ ਇੰਟਰਵਿਉ ਦੇ, ਸਾਡੇ ਸਾਰਿਆਂ ਦੀਆਂ ਦੁਆਵਾਂ ਤੇਰੇ ਨਾਲ ਨੇ..।”

“ਤੂੰ ਘਾਬਰਦੀ ਕਿਉਂ ਏਂ, ਉਨ੍ਹਾਂ ਕਿਤੇ ਮੂੰਹ ’ਚ ਨਹੀਂ ਪਾ ਲੈਣਾ, ਫੇਰ ਤੇਰੇ ਜਿਹਾ ਹੋਰ ਹੈ ਵੀ ਕੌਣ।” ਕੋਲ ਬੈਠੀ ਇਕ ਹੋਰ ਸੀਨੀਅਰ ਸਾਥਣ ਨੇ ਕਿਹਾ ਤਾਂ ਸਵਾਤੀ ਦੇ ਦਿਲ ਦਾ ਡਰ ਨਿਕਲ ਗਿਆ।

“ਸਵਾਤੀ, ਕਿਸ ਪੋਸਟ ਲਈ ਅਪਲਾਈ ਕੀਤੈ..? ਸਾਹਮਣੇ ਸੋਫੇ ’ਤੇ ਬੈਠੀ ਸਿਆਣੀ ਉਮਰ ਦੀ ਔਰਤ ਨੇ ਪੁਛਿਆ।

“ਸੈਕਟਰੀ ਦੀ ਪੋਸਟ ਲਈ..!”

“ਚੇਅਰਮੈਨ ਕਮ ਮੈਨੇਜਿੰਗ ਡਾਇਰੈਕਟਰ ਦੀ ਸੈਕਟਰੀ ਦੀ ਪੋਸਟ ਲਈ..?”

“ਜੀ ਹਾਂ...!”

“ਕੋਈ ਹੋਰ ਵੀ ਮੈਦਾਨ ਵਿਚ ਹੈ? ਮੇਰਾ ਮਤਲਬ ਏ ਮੈਨੇਜਮੈਂਟ ਵਿਚੋਂ ਈ ਕਿਸੇ ਦਾ ਖਾਸ ਬੰਦਾ..?” ਸਿਆਣੀ ਉਮਰ ਦੀ ਔਰਤ ਨੇ ਦਿਲਚਸਪੀ ਲੈਂਦਿਆਂ ਪੁੱਛਿਆ।

“ਅਜੇ ਤਕ ਇਹ ਨਹੀਂ ਪਤਾ ਲੱਗ ਸਕਿਆ ਕਿ ਹੋਰ ਕੌਣ ਕੌਣ ਏ, ਪਰ ਇਹਦੀ ਚੰਗੀ ਮੈਰਿਟ ਦੇਖ ਕੇ ਆਸ ਤਾਂ ਇਹੋ ਈ ਐ ਕਿ ਇਹ ਬੜੇ ਆਰਾਮ ਨਾਲ ਸਿਲੈਕਟ ਹੋ ਜਾਵੇਗੀ।” ਸੁਪਰਵਾਈਜਰ ਵਿਚੋਂ ਈ ਬੋਲ ਪਈ।

“ਕੁਝ ਪਤਾ ਨਹੀਂ ਲੱਗਦਾ। ਅੰਦਰਖਾਤੇ ਕੀ ਕੜ੍ਹੀ ਘੁਲ ਰਹੀ ਐ। ਜੁਗਾੜੂ ਬੰਦਿਆਂ ਦੀ ਕੋਈ ਕਮੀ ਨਹੀਂ, ਇਹ ਲੋਕ ਕਦੋਂ ਵਿਚ ਟਪਕ ਪੈਂਦੇ ਨੇ, ਇਹਦੀ ਸੂਹ ਤਕ ਨਹੀਂ ਲਗਦੀ। ਸਭ ਅੰਦਰ ਈ ਅੰਦਰ ਚੁਪ ਚੁਪੀਤਿਆਂ ਹੋ ਜਾਂਦਾ ਏ।” ਸਿਆਣੀ ਤੀਵੀਂ ਦਾ ਤਜਰਬਾ ਬੋਲ ਰਿਹਾ ਸੀ।

“ਚਲ ਕੋਈ ਨਾ, ਤੂੰ ਤਕੜੀ ਹੋ, ਬਾਹਲਾ ਫਿਕਰ ਕਰਨ ਦੀ ਲੋੜ ਨਹੀਂ।” ਹੁਣ ਤਕ ਚੁਪ ਬੈਠੀ ਇਕ ਕਰੀਬੀ ਸਹੇਲੀ ਨੇ ਸਵਾਤੀ ਦੀ ਪਿੱਠ ਥਾਪੜਦਿਆਂ ਕਿਹਾ।

“ਲੈ ਇਹ ਕਿਹੜਾ ਪਹਿਲੀ ਵਾਰ ਇੰਟਰਵਿਊ ਦੇਣ ਜਾ ਰਹੀ ਐ, ਪਤਾ ਨਹੀਂ ਕਿੰਨੀ ਵਾਰ ਇਹੋ ਜਿਹੇ ਪੱਤਣ ਇਸ ਗਾਹੇ ਐ, ਕਿੰਨੀ ਵਾਰ ਸਿਲੈਕਟ ਹੋਈ ਐ ਤੇ ਕਿੰਨੀ ਵਾਰ ਨਹੀਂ ਹੋਈ, ਅਸੀਂ ਕਿਤੇ ਜਾਣਦੇ ਨਹੀਂ।“ ਥੋੜ੍ਹਾ ਹਟ ਕੇ ਖਲੋਤੀ ਮੁਟਿਆਰ ਨੇ ਉਚੀ ਸੁਰ ਵਿਚ ਕਿਹਾ।

“ਹੁਣ ਤਕ ਧੱਕੇ ਈ ਤਾਂ ਖਾਂਦੇ ਰਹੇ ਆਂ, ਟੈਂਪਰੇਰੀ ਭਰਤੀ ਹੋ ਹੋ ਕੇ ਅੱਕੀ ਪਈ ਆਂ, ਜਿੱਥੇ ਜਾਓ ਟੈਂਪਰੇਰੀ, ਇਹੋ ਕਿਹਾ ਜਾਂਦੈ..ਇਹ ਕੰਮ ਕੁਝ ਮਹੀਨਿਆਂ ਲਈ ਜਾਂ ਸਾਲ-ਦੋ ਸਾਲ ਲਈ ਐ, ਜਦ ਇਥੇ ਆਈ ਤਾਂ ਕਿਹਾ ਗਿਆ ਕਿ ਕੰਮ ਸੰਤੋਸ਼ਜਨਕ ਹੋਇਆ ਤਾਂ ਸਥਾਈ ਵੀ ਕੀਤਾ ਜਾ ਸਕਦਾ। ਕੀ ਮੈਨੇਜਰ ਤੇ ਕੀ ਦੂਜੇ ਵੱਡੇ ਅਫਸਰ ਸਾਰਿਆਂ ਨੇ ਸਮੇਂ ਸਮੇਂ ਮੇਰੇ ਕੰਮ ਦੀ ਪ੍ਰਸ਼ੰਸਾ ਕੀਤੀ ਹੈ। ਇਕ-ਦੋ ਨੇ ਤਾਂ ਖੁਸ਼ੀ ਦੇ ਰੌਂ ਵਿਚ ਇਥੋਂ ਤਕ ਕਹਿ ਦਿੱਤਾ ਸੀ ਕਿ ਮੈਡਮ ਤੁਹਾਡਾ ਪੱਕੇ ਹੋ ਜਾਣਾ ਬੱਟ ’ਤੇ ਪਿਆ। ਚੇਅਰਮੈਨ ਦੀ ਸੈਕਟਰੀ ਦੀ ਅਸਾਮੀ ਕੁਝ ਦਿਨ ਪਹਿਲਾਂ ਖਾਲੀ ਹੋਈ ਤਾਂ ਉਨ੍ਹਾਂ ਦੇ ਕਹੇ ਕਹਾਏ ਮੈਂ ਇਸ ਪੋਸਟ ਲਈ ਅਪਲਾਈ ਕਰ ਦਿੱਤਾ...ਹੁਣ ਜੋ ਹੋਊ ਦੇਖੀ ਜਾਊ!” ਸਵਾਤੀ ਬੋਲਦੀ-ਬੋਲਦੀ ਚੁੱਪ ਹੋ ਗਈ।

----0---

ਇੰਟਰਵਿਊ ਵਾਲਾ ਦਿਨ। ਕੁਝ ਨੌਜਵਾਨ ਮੁੰਡੇ-ਕੁੜੀਆਂ ਸਾਹਿਬ ਦੇ ਦਫਤਰ ਦੇ ਬਾਹਰ ਸਵਾਗਤੀ ਕਮਰੇ ਵਿਚ ਬੈਠੇ ਆਪੋ ਆਪਣੀ ਵਾਰੀ ਦੀ ਉਡੀਕ ਕਰ ਰਹੇ ਸਨ। ਸਵਾਤੀ ਵੀ ਇਨ੍ਹਾਂ ਲੋਕਾਂ ਵਿਚ ਸ਼ਾਮਲ ਸੀ। ਛੋਟੀ ਉਮਰ ਦਾ ਇਕ ਨੌਜਵਾਨ ਜਿਸ ਦੇ ਅਜੇ ਮੁੱਛਾਂ ਵੀ ਨਹੀਂ ਆਈਆਂ ਸਨ, ਉਸ ਹਾਲ ਕਮਰੇ ਵਿਚ ਆਇਆ ਤੇ ਸਵਾਤੀ ਦੇ ਖੱਬੇ ਪਾਸੇ ਡੱਠੇ ਸੋਫੇ ’ਤੇ ਬਹਿ ਗਿਆ। ਉਸ ਦੀ ਛੋਟੀ ਉਮਰ ਦੇਖਦਿਆਂ ਲਗਦਾ ਨਹੀਂ ਸੀ ਕਿ ਉਸ ਨੂੰ ਕੰਮ ਦਾ ਕੋਈ ਤਜਰਬਾ ਹੋਵੇਗਾ, ਪਰ ਚਿਹਰੇ ਦਾ ਰੋਹਬ ਤੇ ਸਵੈ ਵਿਸ਼ਵਾਸ ਦੇਖ ਇਕ ਸੱਜਣ ਨੇ ਨਾਲ ਬੈਠੀ ਮਹਿਲਾ ਨੂੰ ਹੌਲੀ ਜਿਹੀ ਕਿਹਾ, “ਇਹ ਮੁੰਡਾ ਅੱਗੇ ਜਾਏਗਾ, ਅੱਜ ਸਿਲੈਕਟ ਭਾਵੇਂ ਨਾ ਹੋਵੇ, ਪਰ ਸਾਡੇ ਵਾਂਗ ਬਹੁਤੀ ਦੇਰ ਲੈਫਟ ਰਾਈਟ ਨਹੀਂ ਕਰਦਾ, ਮੇਰੀ ਇਹ ਗੱਲ ਤੁਸੀਂ ਨੋਟ ਕਰ ਲਓ।”

“ਤੁਸੀਂ ਇਹ ਕਿੱਦਾਂ ਕਹਿ ਸਕਦੇ ਹੋ..? ਹੋਰ ਵੀ ਤਾਂ ਬੈਠੇ ਨੇ, ਇਕ ਤੋਂ ਇਕ ਵਧਕੇ ਨੇ।”

“ਹੋਣ ਭਾਵੇਂ, ਪਰ ਮੇਰੀ ਗੱਲ ਭੁੰਜੇ ਸੁਟਣ ਵਾਲੀ ਨਹੀਂ। ਇਸ ਮੁੰਡੇ ਦਾ ਸਵੈ ਵਿਸ਼ਵਾਸ ਦੇਖਿਐ? ਕੋਈ ਡਰ-ਭੈ ਨਹੀਂ, ਕੋਈ ਘਬਰਾਹਟ ਨਹੀਂ, ਉਧਰ ਦੇਖ ਤਾਂ ਸਹੀ, ਇਹ ਤੁਰ ਕਿੰਨੀ ਟੌਹਰ ਨਾਲ ਰਿਹੈ।” ਉਸ ਸੱਜਣ ਨੇ ਇਨ੍ਹਾਂ ਸ਼ਬਦਾਂ ਵਿਚ ਆਪਣੀ ਗੱਲ ਦੀ ਪੁਸ਼ਟੀ ਕੀਤੀ। ਨੌਜਵਾਨ ਨੇ ਸਾਹਿਬ ਦੇ ਕਮਰੇ ਅੱਗੇ ਖਲੋਤੇ ਸੇਵਾਦਾਰ ਨੂੰ ਇਸ਼ਾਰੇ ਨਾਲ ਆਪਣੇ ਕੋਲ ਸਦਿਆ। “ਯਸ ਸਰ..?” ਸੇਵਾਦਾਰ ਨੇ ਪੁਛਿਆ ਤਾਂ ਉਸ ਇਕ ਕਾਗਜ਼ ਉੱਪਰ ਆਪਣਾ ਨਾਂਅ ਲਿਖਿਆ। ਇਕ ਪਲ ਲਈ ਉਸ ਨੂੰ ਦੇਖਿਆ ਤੇ ਕਿਹਾ, “ਅੰਦਰ ਜਾ ਕੇ ਵੱਡੇ ਸਾਹਿਬ ਨੂੰ ਦੇ ਦਿਓ..!” ਸੇਵਾਦਾਰ

"ਠੀਕ ਹੈ ਸਾਹਿਬ" ਕਹਿ ਉਹਦੀ ਚਿਟ ਅੰਦਰ ਲੈ ਗਿਆ। ਇਹ ਕੌਤਕ ਦੇਖ ਨਾਲ ਬੈਠੀ ਔਰਤ ਨੇ ਉਸ ਸੱਜਣ ਨੂੰ ਕਿਹਾ, "ਤੁਸੀਂ ਠੀਕ ਕਹਿ ਰਹੇ ਹੋ।" ਉਥੇ ਬੈਠੀ ਇਕ ਹੋਰ ਸਿਆਣੀ ਉਮਰ ਦੀ ਔਰਤ ਦੀ ਤਿਰਛੀ ਨਜ਼ਰ ਵੀ ਨੌਜਵਾਨ 'ਤੇ ਪੈ ਰਹੀ ਸੀ। ਜਦ ਉਸ ਤੋਂ ਰਿਹਾ ਨਾ ਗਿਆ ਤਾਂ ਉਸ ਨੀਵੀਂ ਆਵਾਜ਼ ਵਿਚ ਨੌਜਵਾਨ ਨੂੰ ਪੁੱਛਿਆ, "ਬੇਟਾ, ਤੂੰ ਕਿਹੜੀ ਪੋਸਟ ਲਈ ਅਪਲਾਈ ਕੀਤੈ..?"

"ਜੀ, ਚੇਅਰਮੈਨ ਦੇ ਸੈਕਟਰੀ ਦੀ ਪੋਸਟ ਲਈ!" ਨੌਜਵਾਨ ਨੇ ਝਿਝਕੇ ਬਿਨਾਂ ਤਟ ਫਟ ਜਵਾਬ ਦੇ ਦਿੱਤਾ।

"ਪਰ ਉਹਦੇ ਲਈ ਤਾਂ ਬਹੁਤ ਅਨੁਭਵ ਦੀ ਲੋੜ ਐ, ਤੇਰੀ ਉਮਰ ਤਾਂ ਏਨੀ ਲੱਗਦੀ ਨਹੀਂ।" ਔਰਤ ਨੇ ਆਪਣੀ ਰਾਏ ਦੇ ਦਿੱਤੀ।

"ਉਮਰ ਦਾ ਕੀ ਐ ਜੀ, ਬੰਦਾ ਸਿਆਣਾ ਚਾਹੀਦਾ, ਸਾਰੀ ਉਮਰ ਦਫਤਰਾਂ ਵਿਚ ਹੱਡ ਭੰਨਾ ਕੇ ਵੀ ਲੋਕ ਕੁਝ ਨਹੀਂ ਸਿੱਖਦੇ। ਉਮਰ ਦੀ ਗੱਲ ਤਾਂ ਰਹਿਣ ਹੀ ਦਿਓ!" ਨੌਜਵਾਨ ਨੇ ਥੋੜ੍ਹੀ ਤਲਖੀ ਨਾਲ ਕਿਹਾ, ਜਾਪਦਾ ਸੀ ਉਸ ਨੂੰ ਔਰਤ ਦੀ ਗੱਲ ਚੰਗੀ ਨਹੀਂ ਲੱਗੀ।

"ਗੱਲ ਤਾਂ ਤੇਰੀ ਠੀਕ ਐ ਕਾਕਾ, ਦੂਰ ਕਾਹਨੂੰ ਜਾਣਾ, ਸਾਡੇ ਵੱਲ ਈ ਦੇਖ ਲੈ, ਹੁਣ ਤਕ ਪਏ ਧੱਕੇ ਖਾਈ ਜਾ ਰਹੇ ਆਂ।" ਸਿਆਣੀ ਉਮਰ ਦੀ ਔਰਤ ਨੇ ਨੌਜਵਾਨ ਨੂੰ ਸ਼ਾਂਤ ਕਰਦਿਆਂ ਇਕ ਤਰ੍ਹਾਂ ਨਾਲ ਆਪਣੇ ਦਿਲ ਦਾ ਦਰਦ ਬਿਆਨ ਕਰ ਦਿੱਤਾ।

"ਫੇਰ ਵੀ ਬੇਟਾ ਕੰਮ ਸਿੱਖਣ ਵਿਚ ਸਮਾਂ ਤਾਂ ਲੱਗਦਾ ਹੀ ਹੈ।" ਥੋੜ੍ਹਾ ਹਟ ਕੇ ਖਲੋਤੇ ਇਕ ਹੋਰ ਸੱਜਣ ਨੇ ਮੋਹ ਜਿਹੇ ਨਾਲ ਕਿਹਾ।

"ਅਸੀਂ ਤਾਂ ਜੀ ਧੁਰੋਂ ਈ ਸਿੱਖੇ ਸਿਖਾਏ ਹਾਂ, ਇਹਦੀ ਤੁਸੀਂ ਚਿੰਤਾ ਨਾ ਕਰੋ...!" ਨੌਜਵਾਨ ਦੀ ਗੱਲ ਸੁਣ ਸਾਰੇ ਹੱਸ ਪਏ।

"ਤੂੰ ਠੀਕ ਕਹਿੰਦਾ ਹੈਂ...ਧੁਰੋਂ ਸਿਖ ਕੇ ਆਇਆਂ ਨੂੰ ਕੋਈ ਕੀ ਸਿਖਾ ਸਕਦਾ" ਉਸ ਨਾਲ ਜੁੜ ਕੇ ਬੈਠੇ ਸੱਜਣ ਨੇ ਕਹਿਣਾ ਚਾਹਿਆ ਪਰ ਕਹਿ ਨਾ ਸਕਿਆ।

"ਕੋਈ ਸਾਡੀ ਬਾਂਹ ਫੜਨ ਵਾਲਾ ਹੁੰਦਾ ਤਾਂ ਅਸੀਂ ਵੀ ਚੱਜ ਦੀ ਗੱਲ ਸਿੱਖ ਲੈਂਦੇ।" ਸਿਆਣੀ ਉਮਰ ਦੀ ਔਰਤ ਆਪਣੀ ਥਾਂ ਬੈਠੀ ਬੜਬੜਾ ਰਹੀ ਸੀ।

"ਬਾਂਹ ਵੀ ਲੋਕ ਰੱਜੇ ਪੁੱਜੇ ਦੀ ਫੜਦੇ ਐ ਆਂਟੀ, ਹਮਾਤੜ ਸਾਥ ਨੂੰ ਕੋਈ ਨਹੀਂ ਪੁੱਛਦਾ" ਇਹ ਸਵਾਤੀ ਦੇ ਦਿਲ ਦੀ ਗੱਲ ਸੀ।

"ਕੋਈ ਨਾ ਬੱਚੀ, ਉੱਪਰ ਵਾਲਾ ਸਭ ਦਾ ਖਿਆਲ ਰੱਖਦਾ, ਕਦੇ ਨਾ ਕਦੇ ਸਾਡੇ ਗਰੀਬਾਂ ਦੀ ਵੀ ਸੁਣੀ ਜਾਵੇਗੀ।" ਸਿਆਣੀ ਉਮਰ ਦੀ ਔਰਤ ਨੇ ਸਵਾਤੀ ਦਾ ਹੌਂਸਲਾ ਵਧਾਇਆ।

"ਆਹੋ ਜੀ, ਉਹ ਸਭ ਦਾ ਖਿਆਲ ਰਖਦਾ, ਕਿਸੇ ਦਾ ਇਥੇ ਤੇ ਕਿਸੇ ਦਾ ਉੱਪਰ ਜਾਣ ਤੇ।" ਥੋੜ੍ਹੀ ਦੂਰ ਦਰਵਾਜੇ ਨੇੜੇ ਖਲੋਤਾ ਇਕ ਸੱਜਣ ਆਪ ਮੁਹਾਰੇ ਬੋਲੀ ਜਾ ਰਹੀ ਸੀ।

ਸੇਵਾਦਾਰ ਬਾਹਰ ਨਿਕਲਿਆ ਤਾਂ ਸਾਰੇ ਉਸ ਵੱਲ ਦੇਖਣ ਲੱਗੇ। ਉਸ ਪੂਰੇ ਜੋਰ ਨਾਲ ਆਵਾਜ ਦਿੱਤੀ, "ਸਵਾਤੀ ਮੈਡਮ!"

"ਯਸ!"

"ਤੁਹਾਨੂੰ ਅੰਦਰ ਸੱਦਿਐ..!" ਸੇਵਾਦਾਰ ਨੇ ਕਿਹਾ।

"ਓ. ਕੇ...!" ਸਵਾਤੀ ਇਕਦਮ ਆਪਣੀ ਸੀਟ ਤੋਂ ਉੱਠ ਪਈ। ਸਿਆਣੀ ਉਮਰ ਦੀ ਔਰਤ ਨੇ ਉਹਦੇ ਮੋਢੇ 'ਤੇ ਹੱਥ ਰੱਖ "ਵਿਸ਼ ਯੂ ਗੁਡ ਲੱਕ" ਕਿਹਾ ਤੇ ਉਹ ਅੰਦਰ ਚਲੀ ਗਈ।

----0---

ਇੰਟਰਵਿਉ ਦੇ ਕੇ ਬਾਹਰ ਨਿਕਲੀ ਸਵਾਤੀ ਬਹੁਤ ਖੁਸ਼ ਸੀ। ਉਹ ਭੁੱਲ ਕੇ ਵੀ ਸੋਚ ਨਹੀਂ ਸਕਦੀ ਸੀ ਕਿ ਇਹ ਕੁਝ ਹੋ ਜਾਵੇਗਾ। ਸੁਣਿਆ ਸੀ ਦਫ਼ਤਰ ਵਾਲੇ ਚੰਗੇ ਕਾਮੇ ਤੇ ਉਸ ਦੇ ਚੰਗੇ ਕੰਮ ਦੀ ਕਦਰ ਕਰਦੇ ਨੇ।' ਇੰਟਰਵਿਉ ਲਈ ਸੱਦਾ ਪੱਤਰ ਮਿਲਣ 'ਤੇ ਉਹ ਖੁਸ਼ੀ ਨਾਲ ਝੂਮ ਉੱਠੀ ਸੀ। ਉਹ ਇਸ ਅਸਾਮੀ ਲਈ ਚੁਣ ਲਈ ਜਾਵੇਗੀ, ਉਸ ਨੂੰ ਪੂਰੀ ਆਸ ਸੀ। ਹੋਰ ਤਾਂ ਹੋਰ ਜਿਸ ਅਧਿਕਾਰੀ ਦੀ ਉਸ ਸੈਕਟਰੀ ਬਣਨਾ ਸੀ ਉਹ ਮੇਹਰਬਾਨ ਸੀ ਉਸ ਦਾ। ਉਸ ਦੀ ਨਿਯੁਕਤੀ ਹੋਵੇ, ਉਹ ਵੀ ਚਾਹੁੰਦਾ ਸੀ, ਪਰ ਇਹ ਹੋ ਨਹੀਂ ਸਕਿਆ, ਪਤਾ ਨਹੀਂ ਕਿਉਂ!

ਇੰਟਰਵਿਉ ਲੈਣ ਵਾਲੇ ਇਕ ਅਧਿਕਾਰੀ ਨੇ ਜਦ ਉਹਦੇ ਦਸਤਾਵੇਜਾਂ ਨੂੰ ਗਹੁ ਨਾਲ ਦੇਖਦਿਆਂ ਜੋਰ ਦੇ ਕੇ ਕਿਹਾ ਸੀ, "ਤੁਸੀਂ ਇਸੇ ਦਫਤਰ ਵਿਚ ਕੰਮ ਕਰਦੇ ਹੋ, ਕੰਮ ਦਾ ਅਨੁਭਵ ਹੈ ਤੇ ਕੰਡਕਟ ਵੀ ਬਹੁਤ ਚੰਗਾ ਹੈ। ਗੁਡ, ਵੈਰੀ ਗੁਡ" ਤਾਂ ਖੁਸ਼ੀ ਵਿਚ ਖੀਵੀ ਹੋਈ ਸਵਾਤੀ ਨੇ ਸਤਿਕਾਰ ਨਾਲ ਉਸ ਅੱਗੇ ਸਿਰ ਝੁਕਾ ਦਿੱਤਾ ਸੀ। ਪਰ ਫੇਰ ਵੀ ਉਹਦਾ ਕੰਮ ਕਿਉਂ ਨਹੀਂ ਹੋਇਆ...ਇਹ ਗੱਲ ਸਮਝਣ ਦੀ ਜਿੰਨੀ ਕੋਸ਼ਿਸ਼ ਕਰਦੀ ਉਨੀ ਹੀ ਹੋਰ ਉਲਝ ਜਾਂਦੀ। ਥੱਕ ਹਾਰ ਕੇ ਉਸ ਸੋਚਾਂ ਦਾ ਖਹਿੜਾ ਛੱਡ ਦਿੱਤਾ। ਉਸ ਅੱਖਾਂ ਬੰਦ ਕਰਕੇ ਰਿਲੈਕਸ ਕਰਨ ਦਾ ਉਪਰਾਲਾ ਕੀਤਾ।

"ਹਾਏ...ਸਵਾਤੀ...ਹਾਉ ਆਰ ਯੂ ਮਾਈ ਡਿਅਰ...!" ਪਾਰੁਲ ਦੀ ਆਵਾਜ ਸੁਣ ਸਵਾਤੀ ਨੇ ਅੱਖਾਂ ਖੋਲ੍ਹਿਆਂ।

"ਘੱਟੋ ਘੱਟ ਇਸ ਸਮੇਂ ਫਾਈਨ ਤਾਂ ਨਹੀਂ ਕਹਿ ਸਕਦੀ।" ਸਵਾਤੀ ਨੇ ਕਿਹਾ ਤੇ ਥੋੜ੍ਹਾ ਜਿਹਾ ਇਕ ਪਾਸੇ ਸਰਕ ਕੇ ਪਾਰੁਲ ਦੇ ਬਹਿਣ ਲਈ ਜਗ੍ਹਾ ਬਣਾ ਦਿੱਤੀ।

"ਤੈਨੂੰ ਕੁਝ ਕਹਿਣ ਦੀ ਲੋੜ ਨਹੀਂ, ਸਭ ਜਾਣਦੀ ਹਾਂ..ਤੇਰੀ ਇੰਟਰਵਿਉ ਚੰਗੀ ਹੋਈ ਸੀ...ਸਾਰੇ ਖੁਸ਼ ਸਨ ਪਰ ਇਕ ਜਣੇ ਨੇ ਐਨ ਮੌਕੇ 'ਤੇ ਲੱਤਾਂ ਖਿੱਚ ਦਿਤੀਆਂ ਤੇ ਬਣਦਾ-ਬਣਦਾ ਕੰਮ ਬਿਗੜ ਗਿਆ।" ਪਾਰੁਲ ਨੇ ਅੰਦਰ ਦੀ ਖਬਰ ਸੁਣਾ ਦਿੱਤੀ।

"ਮੈਨੂੰ ਸਮਝ ਨਹੀਂ ਆਉਂਦਾ, ਉਹਨੇ ਮੇਰਾ ਕੰਮ ਕਿਉ ਖਰਾਬ ਕੀਤਾ, ਮੈਂ ਉਹਦਾ ਕੀ ਵਿਗਾੜਿਆ ਸੀ..." ਸਵਾਤੀ ਨੇ ਗਿਲਾ ਕੀਤਾ।

"ਤੇਰਾ ਗਿਲਾ ਜਾਇਜ ਨਹੀਂ...ਤੈਂ ਉਹਦੇ ਨਾਲ ਘੱਟ ਨਹੀਂ ਕੀਤੀ ਸੀ...!" ਪਾਰੁਲ ਨੇ ਵਿਚਲੀ ਗੱਲ ਦੀ ਤਹਿ ਖੋਲ੍ਹਦਿਆਂ ਹੌਲੀ ਜਿਹੇ ਕਿਹਾ।

"ਪਰ ਉਹ ਹੈ ਕੌਣ...?"

"ਤੇਰੇ ਪਹਿਲੇ ਦਫਤਰ ਵਿਚ ਤੇਰਾ ਬੱਸ ਸੀ ਉਹ...।" ਪਾਰੁਲ ਨੇ ਉਸ ਨੂੰ ਹਿੰਟ ਦਿੱਤਾ।

"ਪਰ ਉਹ ਗੱਲ ਤਾਂ ਉੱਥੇ ਈ ਖ਼ਤਮ ਹੋ ਗਈ ਸੀ।"

"ਤੇਰੇ ਵੱਲੋਂ, ਉਸ ਵੱਲੋਂ ਨਹੀਂ।"

"ਪਰ ਉਹਨੂੰ ਪਤਾ ਕਿਵੇਂ ਲੱਗਾ..?"

"ਉਹ ਵੀ ਇੰਟਰਵਿਉ ਲੈਣ ਵਾਲਿਆਂ ਵਿਚ ਬੈਠਾ ਸੀ...।" ਪਾਰੁਲ ਨੇ ਦਸਿਆ।

"ਪਰ ਮੈਂ ਤਾਂ ਉਸ ਨੂੰ ਸਿਆਣਿਆ ਨਹੀਂ..।"

"ਤੈਂ ਜ਼ਖ਼ਮ ਦਿੱਤੇ ਸਨ, ਇਸ ਲਈ ਤੈਂ ਸਿਆਣਿਆਂ ਨਹੀਂ, ਉਹਨੇ ਜ਼ਖ਼ਮ ਖਾਧੇ ਸਨ, ਇਸ ਲਈ ਉਹ ਝੱਟ ਸਿਆਣ ਗਿਆ। ਤੇਰੇ ਦਿੱਤੇ ਜ਼ਖ਼ਮਾਂ ਨੇ ਉਸ ਨੂੰ ਬਹੁਤ ਤੜਪਾਇਆ, ਤੇ ਅੱਜ ਉਹਨੂੰ ਅਗਲੀ-ਪਿਛਲੀ ਸਾਰੀ ਕਸਰ ਕੱਢਣ ਦਾ ਮੌਕਾ ਮਿਲ ਗਿਆ। ਤੇਰੀਆਂ ਉਲਟੀਆਂ-ਸਿੱਧੀਆਂ ਗੱਲਾਂ ਨਾਲ ਉਹਦਾ ਪੂਰੇ ਦਫ਼ਤਰ ਵਿਚ ਮੌਜੂ ਬਣਿਆ, ਉਹਨੂੰ ਪਰਮੋਸ਼ਨ ਨਹੀਂ ਮਿਲੀ, ਉਹਦੇ ਚਰਿੱਤਰ 'ਤੇ ਚਿੱਕੜ ਸੁੱਟਣ ਸਮੇਂ ਤੈਂ ਅੱਗਾ-ਪਿੱਛਾ ਨਹੀਂ ਸੀ ਦੇਖਿਆ। ਤੈਂ ਉਹਦੀ ਹਾਲਤ ਖਰਾਬ ਕਰ ਦਿੱਤੀ ਸੀ। ਉਹਨੂੰ ਮਜਬੂਰ ਹੋ ਕੇ ਉਹ ਕੰਪਨੀ ਛੱਡਣੀ ਪੈ ਗਈ ਸੀ। ਜੇ ਨਾ ਛੱਡਦਾ ਤਾਂ ਹੋਰ ਬਦਨਾਮ ਹੁੰਦਾ।"

"ਪਰ ਉਹ ਤਾਂ ਮੇਰਾ ਬਚਪੁਣਾ ਸੀ। ਮੈਂ ਜੋ ਕੀਤਾ ਆਪਣੇ ਦੂਜੇ ਬੱਾਸ ਦੇ ਕਹਿਣ 'ਤੇ ਕੀਤਾ ਸੀ। ਉਹਨਾਂ ਦੀ ਆਪਸ ਵਿਚ ਲੱਗਦੀ ਸੀ। ਮੈਂ ਤਾਂ ਬਸ ਮੋਹਰਾ ਸੀ।" ਸਵਾਤੀ ਨੇ ਸਫਾਈ ਦਿੱਤੀ।

"ਗਲਤ, ਬਿਲਕੁਲ ਗਲਤ! ਘੱਟੋ ਘੱਟ ਹੁਣ ਤਾਂ ਝੂਠ ਨਾ ਬੋਲ! ਦੂਜੇ ਬੱਾਸ ਦਾ ਮੋਹਰਾ ਤੂੰ ਕਦੇ ਨਹੀਂ ਰਹੀ। ਤੂੰ ਤਰੱਕੀ ਲੈਣਾ ਚਾਹੁੰਦੀ ਸੀ। ਉਸ ਨੂੰ ਠਿੱਬੀ ਲਾਉਣ ਲਈ ਤੈਂ ਦਜੇ ਬੱਾਸ ਨੂੰ ਵਰਤਿਐ। ਜਿਹੜਾ ਗੁਨਾਹ ਉਹਨੇ ਕਦੇ ਕੀਤਾ ਨਹੀਂ, ਉਹਦਾ ਦੋਸ਼ ਵੀ ਤੈਂ ਉਹਦੇ ਸਿਰ ਮੜ੍ਹ ਦਿੱਤਾ। ਉਸ ਉੱਪਰ ਅਸ਼ਲੀਲ ਹਰਕਤ ਕਰਨ, ਗੰਦੀ ਭਾਸ਼ਾ ਬੋਲਣ ਤੇ ਭੈੜੇ ਇਸ਼ਾਰੇ ਕਰਨ ਜਿਹੇ ਘਿਨੌਣੇ ਇਲਜ਼ਾਮ ਲਾਉਂਦਿਆਂ ਤੇਰੇ ਜਬਾਨ ਕਦੇ ਨਹੀਂ ਥਥਲਾਈ..." ਪਾਰੁਲ ਹੋਰ ਵੀ ਬਹੁਤ ਕੁਝ ਕਹਿਣਾ ਚਾਹੁੰਦੀ ਸੀ ਪਰ ਉਹ ਇਸ ਤੋਂ ਅੱਗੇ ਕੁਝ ਬੋਲ ਨਹੀਂ ਸਕੀ।

ਸਵਾਤੀ ਨੂੰ ਚੇਤੇ ਆਇਆ। ਇੰਟਰਵਿਊ ਵਿਚ ਇਕ ਅਧਿਕਾਰੀ ਦੇ ਖਰ੍ਹਵੇ ਬੋਲ ਸੁਣ ਕੇ ਉਹ ਹਲੂਣੀ ਗਈ ਸੀ। ਉਹਨੇ ਪਹਿਲਾਂ ਤਾਂ ਉਸ ਨੂੰ ਗਹਿਰੀ ਨਜ਼ਰ ਨਾਲ ਦੇਖਿਆ ਤੇ ਫਿਰ ਉਹ ਸੋਚੀਂ ਪੈ ਗਿਆ ਸੀ; ਕੁਝ ਚੇਤੇ ਆ ਜਾਣ 'ਤੇ ਉਹਦੇ ਚਿਹਰੇ ਦੇ ਹਾਵ ਭਾਵ ਬਦਲ ਗਏ ਸਨ ਤੇ ਉਹ ਕਹਿਰ ਭਰੀਆਂ ਨਜ਼ਰਾਂ ਨਾਲ ਸਵਾਤੀ ਨੂੰ ਦੇਖਣ ਲੱਗ ਪਿਆ ਸੀ।

"ਯੂ ਕੈਨ ਗੋ ਮੈਡਮ !" ਉਹ ਕੜਕਿਆ।

"ਪਰ ਸਰ...?"

"ਆਈ ਸੇ ਯੂ ਕੈਨ ਗੋ...!" ਉਹਦੇ ਏਨਾ ਕਹਿਣ 'ਤੇ ਉਹ ਹੋਰ ਨਹੀਂ ਬੈਠ ਸਕੀ ਤੇ ਬਾਹਰ ਆ ਗਈ ਸੀ।

"ਓਹ ਮਾਈ ਗਾੱਡ, ਇਹ ਉਹੋ ਮਹਾਪੁਰਖ ਸੀ।"

"ਹਾਂ ਇਹ ਉਹੋ ਸੀ। ਉਹਦੇ ਅੰਦਰ ਅਪਮਾਨ, ਗੁੱਸੇ ਤੇ ਨਫਰਤ ਦੀ ਵਰ੍ਹਿਆਂ ਤੋਂ ਦੱਬੀ ਅੱਗ ਤੈਨੂੰ ਅਚਨਚੇਤ ਸਾਹਮਣੇ ਦੇਖ ਮਚ ਉੱਠੀ। ਇਹਦਾ ਨਤੀਜਾ ਸਾਹਮਣੇ ਐ।" ਕਹਿੰਦਿਆਂ ਪਾਰੁਲ ਚੁਪ ਹੋ ਗਈ।

ਦੂਜੇ ਹੀ ਪਲ ਸਾਹਿਬ ਦੇ ਕਮਰੇ ਵਿਚੋਂ ਬਾਹਰ ਭੱਜੇ ਆਏ ਨੌਜਵਾਨ ਦੀ ਆਵਾਜ ਨੇ ਉਨ੍ਹਾਂ ਦੀਆਂ ਸੋਚਾਂ 'ਤੇ ਬਰੇਕ ਲਾ ਦਿੱਤੀ। ਇਹ ਨੌਜਵਾਨ ਉਨ੍ਹਾਂ ਨੇੜੇ ਬੈਠੀ ਸਿਆਣੀ ਉਮਰ ਦੀ ਔਰਤ ਦੇ ਗੋਡੀ ਹੱਥ ਲਾਉਂਦਿਆਂ ਤੇ ਉਹਦਾ ਹੱਥ ਆਪਣੇ ਸਿਰ 'ਤੇ ਰੱਖ ਉੱਚੀ ਆਵਾਜ਼ ਵਿਚ ਕਹਿ ਰਿਹਾ ਸੀ, "ਬੇਬੇ ਜੀ, ਮੈਂ ਸਿਲੈਕਟ ਹੋ ਗਿਆਂ...ਅਸ਼ੀਰਵਾਦ ਦਿਓ!"

(5-5-2016)

09810628570 (ਫੋਨ)

I-263, karampura,
New Delhi-110015

(Broadcast on A. I. R.)

(ਇਹ ਕਹਾਣੀ ਜੰਮੂ ਤੋਂ ਛਪਦੀ ਪੱਤ੍ਰਿਕਾ 'ਆਬਰੂ' ਦੇ ਅਪਰੈਲ-ਜੂਨ 2018 ਦੇ ਅੰਕ ਵਿਚ ਛਪ ਗਈ ਹੈ।)

# ਰੱਬ ਨਾ ਕਰੇ

□ਅਸ਼ੋਕ ਵਾਸਿਸ਼ਠ

"ਭਾਈ ਸਾਹਿਬ, ਤੁਸੀਂ ਮੂੰਹ ਨਾ ਖੁਲ੍ਹਵਾਓ, ਮੈਂ ਅਜਿਹੇ ਬੰਦੇ ਨੂੰ ਜਾਣਦਾ ਹਾਂ ਜਿਹੜਾ ਕਹਿਣ ਨੂੰ ਤਾਂ ਬੜਾ ਮਹਾ ਪੁਰਖ ਬਣਿਆ ਫਿਰਦੈ, ਪਰ ਆਪਣੀ ਅਸਲ ਜ਼ਿੰਦਗੀ ਵਿਚ ਉਸ ਤੋਂ ਉਲਟ, ਕੋਈ ਦੀਨ ਈਮਾਨ ਨਹੀਂ ਉਸਦਾ।"

ਕੁਝ ਬੰਦਿਆਂ ਦੀ ਇਕ ਢਾਣੀ ਗੱਲਾਂ ਕਰਨ ਵਿਚ ਰੁਝੀ ਹੋਈ ਸੀ। ਗੱਲਾਂ ਕਰਦਿਆਂ ਉਹ ਕਦੇ ਉੱਚੀ ਉਚੀ ਹੱਸਣ ਲਗਦੇ, ਕਦੇ ਉਚੇ ਸੁਰ ਵਿਚ ਕਿਸੇ ਮੁੱਦੇ 'ਤੇ ਬਹਿਸਣ ਲੱਗ ਪੈਂਦੇ ਤੇ ਇਕ-ਦੋ ਵਾਰ ਤਾਂ ਉਹ ਬਹਿਸਦੇ-ਬਹਿਸਦੇ ਇੰਝ ਲੜਨ ਲੱਗ ਪੈਂਦੇ ਜਾਣੋਂ ਹੁਣੇ ਜੁੱਤਮ ਜੁੱਤੀ ਹੋਏ ਕਿ ਹੋਏ। ਫਿਰ ਪਤਾ ਨਹੀਂ ਕੀ ਹੁੰਦਾ, ਉਨ੍ਹਾਂ ਵਿਚਲੀ ਗਰਮੀ ਘੱਟ ਜਾਂਦੀ ਤੇ ਉਹੀ ਲੋਕ ਗੱਲ ਗੱਲ ਤੇ ਇਕ ਦੂਜੇ ਨਾਲ ਜੱਫੀਆਂ ਪਾਉਣ ਲੱਗ ਪੈਂਦੇ। ਇਹੋ ਜਿਹਾ ਅਜੀਬ ਦ੍ਰਿਸ਼ ਭਾਵੇਂ ਕਿਸੇ ਕਵੀ ਦੀ ਕਲਪਨਾ ਨਾ ਹੋਵੇ ਪਰ ਮਨੁੱਖੀ ਮਨ ਦੀਆਂ ਪਰਤਾਂ ਖੋਲ੍ਹਣ ਵਿਚ ਦਿਲਚਸਪੀ ਰੱਖਣ ਵਾਲੇ ਸੱਜਣ ਦਾ ਮਨ ਭਾਉਂਦਾ ਵਿਸ਼ਾ ਜਰੂਰ ਹੈ। ਇਕ ਸੱਜਣ ਨੇ ਮੁਹੱਲੇ ਦੇ ਕਿਸੇ ਬਜੁਰਗ ਦੀਆਂ ਤਾਰੀਫਾਂ ਦੇ ਪੁਲ ਬਨ੍ਹਦਿਆਂ ਜਦ ਇਥੋਂ ਤਕ ਕਹਿ ਦਿੱਤਾ ਕਿ 'ਮੈਂ ਆਪਣੀ ਜ਼ਿੰਦਗੀ ਵਿਚ ਇਹੋ ਜਿਹਾ ਨੇਕ, ਸੁਹਿਰਦ ਅਤੇ ਖੁਲ੍ਹ ਦਿਲਾ ਇਨਸਾਨ ਨਹੀਂ ਦੇਖਿਆ' ਤਾਂ ਉਸਦੇ ਨਾਲ ਜੁੜ ਕੇ ਬੈਠੇ ਦੂਜੇ ਸੱਜਣ ਦੇ ਸੱਤੀ ਕੱਪੜੀਂ ਅੱਗ ਲੱਗ ਗਈ। ਕਿਉਂ ਭਲਾ..? ਖਬਰੇ ਉਹਦਾ ਵਾਹ ਉਸ ਜਾਂ ਕਿਸੇ ਇਹੋ ਜਿਹੇ ਮਹਾਂਪੁਰਖ ਨਾਲ ਪਿਆ ਹੀ ਨਹੀਂ ਹੋਵੇਗਾ। ਕੁਝ ਵੀ ਹੋ ਸਕਦਾ ਹੈ।

"ਇਹ ਬੰਦਾ ਜਿਸ 'ਮਹਾਪੁਰਖ' ਦੀ ਗੱਲ ਕਰਦਾ ਹੈ, ਉਹਦਾ ਅਸਲ ਚੇਹਰਾ ਅਜੇ ਇਸ ਨੇ ਦੇਖਿਆ ਨਹੀਂ, ਜੇ ਦੇਖਦਾ ਤਾਂ ਇਹੋ ਜਿਹੀ ਗੱਲ ਮੂੰਹ 'ਚੋਂ ਕੱਢਣ ਤੋਂ ਪਹਿਲਾਂ ਸੌ ਵਾਰ ਸੋਚਦਾ।" ਉਹ ਬੁੜ ਬੁੜ ਕਰਦਾ ਆਪਣੇ ਘਰ ਵੱਲ ਤੁਰਿਆ ਜਾ ਰਿਹਾ ਸੀ।

"ਕੀ ਗੱਲ ਐ ਚਾਚਾ ਜੀ, ਆਪਣੇ ਨਾਲ ਈ ਗੱਲਾਂ ਕਰਦੇ ਤੁਰੇ ਜਾ ਰਹੇ ਹੋ, ਕਦੇ ਇਸ ਗਰੀਬ ਵੱਲ ਵੀ ਮਿਹਰ ਦੀ ਨਜ਼ਰ ਸੁੱਟ ਦਿਆ ਕਰੋ...!" ਸਾਹਮਣਿਓਂ ਆਉਂਦਾ ਇਕ ਨੌਜਵਾਨ ਉਸ ਦੇ ਗੋਡੀ ਹੱਥ ਲਾ ਉਥੇ ਖਲੋ ਗਿਆ।

"ਉਹ ਨਹੀਂ ਯਾਰ, ਗੱਲ ਸੁਆਹ ਹੋਣੀ ਐ, ਐਵੇਂ ਆਪਣੇ ਖਿਆਲਾਂ ਵਿਚ ਤੁਰਿਆ ਜਾ ਰਿਹਾ ਸੀ, ਤੂੰ ਦੱਸ, ਕਿਵੇਂ ਐ..।" ਸਵਰਨ ਦੇ ਅਚਨਚੇਤ ਸਾਹਮਣੇ ਆ ਜਾਣ ਨਾਲ ਉਸ ਦੇ ਖਿਆਲਾਂ ਦੀ ਲੜੀ ਟੁੱਟ ਗਈ।

"ਜੇ ਉਸ ਸੱਜਣ ਨੂੰ ਇਹੋ ਜਿਹੇ ਬਜੁਰਗ ਦੀਆਂ ਅਸਲ ਕਰਤੂਤਾਂ ਦਾ ਪਤਾ ਲੱਗ ਜਾਵੇ ਤਾਂ ਹੋ ਸਕਦੈ ਉਹਦਾ ਕਤਲ ਈ ਕਰ ਦੇਵੇ, ਜਵਾਨ ਖ਼ੂਨ ਐ। ਮੈਂ ਚੰਗੀ ਤਰ੍ਹਾਂ ਜਾਣਦਾਂ ਉਸ ਦੇ ਸੁਭਾਅ ਨੂੰ। ਉਹ ਤਾਂ ਸਕੇ ਪਿਉ ਦੀ ਗਲਤ ਗੱਲ ਬਰਦਾਸ਼ਤ ਨਹੀਂ ਕਰਦਾ!" ਉਸ ਮਨ ਹੀ ਮਨ ਸੋਚਿਆ।

"ਚਾਚਾ ਜੀ, ਤੁਸੀਂ ਫੇਰ ਕੁਝ ਸੋਚਣ ਲੱਗ ਪਏ ਓ...।" ਸਵਰਨ ਨੇ ਉਨ੍ਹਾਂ ਨੂੰ ਹਲੂਣਿਆ।

"ਅਸੀਂ ਕੀ ਸੋਚਣਾ ਕਾਕਾ ਜੀ, ਸੋਚਣ ਵਾਲਾ ਮਹਿਕਮਾ ਹੁਣ ਤੁਹਾਡੇ ਹਵਾਲੇ ਕਰ ਦਿਤੈ, ਅਸੀਂ ਤਾਂ ਬਸ..." ਉਹ ਬੋਲਦ-ਬੋਲਦੇ ਰੁਕ ਗਏ ਪਰ ਦੂਜੇ ਹੀ ਪਲ, "ਚਲ ਛੱਡ, ਤੂੰ ਆਪਣੀ ਸੁਣਾ.." ਕਹਿ ਕੇ ਉਨ੍ਹਾਂ ਗੱਲ ਦਾ ਰੁਖ ਬਦਲ ਦਿੱਤਾ।

ਦੋਵੇਂ ਗੱਲਾਂ ਕਰਦੇ ਜਦ ਗਲੀ ਦੇ ਮੋੜ 'ਤੇ ਪੁੱਜੇ ਤਾਂ ਉਸ ਸਵਰਨ ਦਾ ਮੋਢਾ ਥਾਪੜਦਿਆਂ ਮੋਹ ਨਾਲ ਕਿਹਾ, "ਆਜਾ ਕਾਕਾ, ਚਾਹ-ਪਾਣੀ ਪੀ ਕੇ ਜਾਈਂ..!"

"ਨਹੀਂ ਚਾਚਾ ਜੀ, ਘਰ ਜਲਦੀ ਪੁੱਜਣਾ। ਤੁਸੀਂ ਮਿਲ ਗਏ ਤਾਂ ਗਲੀਂ ਲੱਗ ਗਿਆ।"

"ਇਹ ਤਾਂ ਸਗੋਂ ਚੰਗਾ ਈ ਹੋਇਐ, ਗੱਲਾਂ ਗੱਲਾਂ ਵਿਚ ਪਤਾ ਹੀ ਨਹੀਂ ਲੱਗਾ ਕਦੋਂ ਇਥੇ ਪੁਜ ਵੀ ਗਏ। ਚੰਗਾ ਫੇਰ, ਤੂੰ ਜਾਹ, ਘਰ ਦੇ ਉਡੀਕਦੇ ਹੋਣਗੇ।" ਬਜੁਰਗ ਨੇ ਸਵਰਨ ਦੀ ਪਿੱਠ ਥਾਪੜੀ ਤੇ ਦੋਵੇਂ ਆਪੋ ਆਪਣੇ ਰਾਹ ਤੁਰ ਪਏ।

---0---

“ਪਾਪਾ...ਮੇਰਾ ਜਾਣਾ ਬਹੁਤ ਜਰੂਰੀ ਐ।” ਦੀਕਸ਼ਾ ਨੇ ਜੋਰ ਦੇ ਕੇ ਕਿਹਾ।

“ਚਲੀ ਜਾਈਂ, ਪਰ ਘੜੀ ਦੋ ਘੜੀ ਆਪਣੇ ਪਾਪਾ ਕੋਲ ਵੀ ਬਹਿ ਲਿਆ ਕਰ।”

“ਜਰੂਰ ਬੈਠਾਂਗੀ ਪਾਪਾ, ਪਰ ਐਸ ਵੇਲੇ ਨਹੀਂ, ਮੈਨੂੰ ਬਹੁਤ ਕਾਹਲੀ ਐ।”

“ਕੀ ਮੈਂ ਪੁੱਛ ਸਕਦਾਂ...ਮੇਰੀ ਬੱਚੀ ਕਿਧਰ ਜਾ ਰਹੀ ਐ...।”

“ਇਹ ਸੀਕਰੇਟ ਐ...ਇਸ ਵੇਲੇ ਮੈਂ ਦਸ ਨਹੀਂ ਸਕਦੀ...ਮੇਰਾ ਕੰਮ ਹੋ ਜਾਵੇ ਫੇਰ ਮੈਂ ਆਪੇ ਸਰਪ੍ਰਾਈਜ਼ ਦੇਵਾਂਗੀ।”

“ਸਰਪ੍ਰਾਈਜ਼..? ਇਹਦਾ ਮਤਲਬ ਕੋਈ ਖੁਸ਼ੀ ਦੀ ਗੱਲ ਈ ਹੋਵੇਗੀ।”

“ਗੱਲ ਤਾਂ ਖੁਸ਼ੀ ਦੀ ਐ..ਪਰ ਕੰਮ ਹੋ ਜਾਣ ਦੇ ਬਾਅਦ..!” ਦੀਕਸ਼ਾ ਨੇ ਕਿਹਾ ਤਾਂ ਪਾਪਾ ਨੇ ਹੋਰ ਕੁਝ ਪੁੱਛਣਾ ਠੀਕ ਨਹੀਂ ਸਮਝਿਆ। ਉਨ੍ਹਾਂ ਕੇਵਲ ਏਨਾ ਕਿਹਾ, “ਚੰਗੀ ਗੱਲ ਐ...ਪਰ ਆਪਣਾ ਖਿਆਲ ਰੱਖੀ...ਜੇ ਕੋਈ ਸਮਸਿਆ ਹੋਵੇ ਤਾਂ ਦੱਸਣ ਵਿਚ ਦੇਰ ਨਾ ਕਰੀਂ।”

“ਠੀਕ ਐ ਪਾਪਾ, ਓ ਕੇ ਦੈਨ..!” ਦੀਕਸ਼ਾ ਕਾਹਲੀ ਨਾਲ ਬਾਹਰ ਚਲੀ ਗਈ।

ਉਹਨੂੰ ਜਾਂਦੀ ਦੇਖ ਪਾਪਾ ਸੋਚਣ ਲੱਗੇ, ਭਲਾ ਸਰਪ੍ਰਾਈਜ਼ ਵਾਲੀ ਕਿਹੜੀ ਗੱਲ ਹੋਈ। ਘਰ ਵਿਚ ਕੁਝ ਚੰਗਾ ਹੋਣ ਵਾਲਾ ਜਾਪਦਾ ਤਾਂ ਨਹੀਂ। ਨਾ ਕਿਸੇ ਦਾ ਵਿਆਹ ਐ ਤੇ ਨਾ ਹੀ ਕੋਈ ਦੂਜੀ ਖੁਸ਼ੀ ਆਉਣ ਦੀ ਉਡੀਕ ਹੋ ਰਹੀ ਏ। ਸਭ ਕੁਝ ਆਮ ਵਰਗਾ ਹੈ। ਫੇਰ ਸਰਪ੍ਰਾਈਜ ਕਿਸ ਗੱਲ ਦਾ। ਦੀਕਸ਼ਾ ਐਮ ਏ ਕਰ ਚੁੱਕੀ ਐ, ਨੌਕਰੀ ਕਰਨ ਦਾ ਇਰਾਦਾ ਨਹੀਂ, ਜੇ ਹੋਵੇ ਤਾਂ ਸਾਡੇ ਵਲੋਂ ਕਿਸੇ ਤਰ੍ਹਾਂ ਦੀ ਰੋਕ ਟੋਕ ਨਹੀਂ।

“ਮੈਂ ਕਿਹਾ ਜੀ, ਕੀ ਪਏ ਸੋਚਦੇ ਓ...?” ਸ਼੍ਰੀਮਤੀ ਜੀ ਨੇ ਉਨ੍ਹਾਂ ਨੂੰ ਸੋਚਾਂ ਵਿਚ ਪਏ ਦੇਖ ਸੈਭਨ ਪੁੱਛ ਲਿਆ।

“ਅੱਜ ਦੀ ਪੀੜ੍ਹੀ ਦੇ ਤੌਰ ਤਰੀਕੇ ਦੇਖ-ਦੇਖ ਕਈ ਵਾਰ ਮਲੋ ਮਲੀ ਸੋਚੀ ਪੈ ਜਾਨਾ, ਇਨ੍ਹਾਂ ਦੀ ਉਮਰ ਵਿਚ ਅਸੀਂ ਵੱਡਿਆਂ ਨੂੰ ਪੁੱਛੇ ਬਿਨਾ ਇਕ ਕਦਮ ਵੀ ਤੁਰ ਨਹੀਂ ਸਕਦੇ ਸੀ। ਹਰ ਵੇਲੇ ਧੁੜਕੂ ਲੱਗਾ ਰਹਿੰਦਾ ਸੀ ਕਿਤੇ ਭਾਈਆ ਜੀ ਗੁੱਸੇ ਨਾ ਹੋ ਜਾਣ, ਬੇਬੇ ਜੀ ਦੀਆਂ ਝਿੜਕਾਂ ਨਾ ਖਾਣੀਆਂ ਪੈ ਜਾਣ, ਪਰ ਅੱਜ ਦੀ ਪੀੜ੍ਹੀ...! ਕਿਧਰੋਂ ਆਉਂਦੀ ਹੈ ਤੇ ਕਿੱਧਰ ਜਾਂਦੀ ਹੈ, ਬਸ ਕੁਝ ਨਾ ਪੁੱਛੋ, ਪਾਗਲਾਂ ਵਾਂਗ ਉਨ੍ਹਾਂ ਦਾ ਮੂੰਹ ਦੇਖਦੇ ਰਈਦਾ।”

“ਉਹ ਵੇਲੇ ਹੁਣ ਰਹੇ ਨੀਂ, ਰਹਿਣੇ ਇਹ ਵੀ ਨਹੀਂ, ਕਿਉਂ ਦੁਖੀ ਹੁੰਦੇ ਓ, ਇਨ੍ਹਾਂ ਦਾ ਆਪਣਾ ਜੀਵਨ ਹੈ, ਜਿੱਦਾਂ ਮਰਜੀ ਜੀਣ, ਐਵੇਂ ਮਨ-ਚਿਤ ਨਾ ਲਾਇਆ ਕਰੋ, ਮਸਤ ਰਹੋ” ਸ਼੍ਰੀਮਤੀ ਜੀ ਨੇ ਉਨ੍ਹਾਂ ਨੂੰ ਸਮਝਾਉਂਦਿਆਂ ਕਿਹਾ।

“ਤੇਰੀ ਗੱਲ ਠੀਕ ਆ...ਪਰ ਉਹਦੇ ‘ਸੀਕਰੇਟ’ ਨੇ ਮੇਰੇ ਕੰਨ ਖੜ੍ਹੇ ਕਰ ਦਿੱਤੇ ਨੇ। ਪਤਾ ਨਹੀਂ ਕਿਹੜਾ ਸੀਕਰੇਟ ਆ ਜਿਹਦੇ ਪਿੱਛੇ ਉਹ ਕਮਲੀ ਹੋਈ ਫਿਰਦੀ ਆ...ਮੈਨੂੰ ਤਾਂ ਕਈ ਵਾਰ ਡਰ ਜਿਹਾ ਲੱਗਣ ਲੱਗਦੈ, ਇਹ ਕਿਤੇ...” ਪਾਪਾ ਕਹਿੰਦੇ ਕਹਿੰਦੇ ਚੁੱਪ ਕਰ ਗਏ।

“ਸਾਡੀ ਕੁੜੀ ਬਹੁਤ ਸਿਆਣੀ ਐ, ਤੁਸੀਂ ਫਿਕਰ ਨਾ ਕਰੋ। ਉਹ ਇਹੋ ਜਿਹੀ ਕੋਈ ਗੱਲ ਨਹੀਂ ਕਰੇਗੀ ਜਿਸ ਨਾਲ ਤੁਹਾਡੀ ਸਾਖ ’ਤੇ ਵੱਟਾ ਲੱਗਦਾ ਹੋਵੇ” ਸ਼੍ਰੀਮਤੀ ਜੀ ਦੇ ਭਰੋਸੇ ਨੇ ਪਾਪਾ ਦਾ ਮਨ ਸ਼ਾਂਤ ਕਰ ਦਿੱਤਾ।

----0---

“ਭਾਈ ਸਾਹਿਬ, ਤੁਸੀਂ ਕੁਝ ਨਾ ਪੁੱਛੋ, ਚੋਰਾਂ ਦਾ ਟੋਲਾ ਇਕੱਠਾ ਹੋਇਐ, ਹਰ ਵੇਲੇ ਧੁੜਕੂ ਜਿਹਾ ਲੱਗਾ ਰਹਿੰਦਾ। ਰਾਤ ਨੂੰ ਕਈ-ਕਈ ਵਾਰ ਉੱਠ ਕੇ ਘਰ ਅੰਦਰ ਦੇਖਦਾਂ...ਏਸ ਚੱਕਰ ਵਿਚ ਨੀਂਦ ਵੀ ਚੱਜ ਨਾਲ ਨਹੀਂ ਆਉਂਦੀ।” ਇਕ ਜਣਾ ਦੂਜੇ ਸਾਥੀਆਂ ਨੂੰ ਕਹਿ ਰਿਹਾ ਸੀ।

“ਹੱਡ ਹਰਾਮੀ ਪਈ ਹੋਈ ਆ। ਡੱਕਾ ਭੰਨ ਕੇ ਦੋਹਰਾ ਨਹੀਂ ਕਰਦੇ।” ਦੂਜੇ ਨੇ ਉਹਦੀ ਗੱਲ ਦੀ ਪੁਸ਼ਟੀ ਕੀਤੀ।

“ਨਾ ਇਹ ਗੱਲ ਝੂਠੀ, ਹੱਡ ਹਰਾਮੀ ਤਾਂ ਉੱਕਾ ਈ ਨਹੀਂ, ਇਹਨਾਂ ਦੇ ਹੱਡ ਸਾਡੇ ਤੁਹਾਡੇ ਨਾਲੋਂ ਵੱਧ ਚੱਲਦੇ ਨੇ, ਤਾਂਹੀ ਤਾਂ ਇਧਰ-ਉਧਰ ਭੱਜਦੇ ਫਿਰਦੇ ਤਾਂ ਦੇਖੋ।” ਤੀਜੇ ਨੇ ਰੋਹ ਨਾਲ ਕਿਹਾ।

“ਤੇ ਇਨ੍ਹਾਂ ਦਾ ਦਿਮਾਗ ਉਹਤੋਂ ਵੀ ਵੱਧ ਚਲਦੈ” ਪਹਿਲੇ ਨੇ ਚੁਟਕੀ ਲਈ।

“ਉਹ ਵੀ ਪੁੱਠੇ ਪਾਸੇ..” ਚੌਥੇ ਨੇ ਤੁਣਕਾ ਮਾਰਿਆ।

“ਬਈ ਇਹ ਤਾਂ ਮੋਹਰੇ ਨੇ ਮੋਹਰੇ। ਅਸਲ ਖਿਲਾੜੀ ਤਾਂ ਕੋਈ ਹੋਰ ਐ...!” ਦੂਜੇ ਨੇ ਦਸਿਆ।

“ਤੇ ਉਹ ਕੌਣ...?” ਪਹਿਲਾ ਸਵਾਲੀਆ ਨਜ਼ਰਾਂ ਨਾਲ ਉਸ ਵੱਲ ਦੇਖ ਰਿਹਾ ਸੀ।

“ਉਹਨੂੰ ਤੂੰ ਵੀ ਜਾਣਦਾਂ, ਮੈਂ ਵੀ ਜਾਣਦਾਂ, ਸਾਰਾ ਜਗ ਜਾਣਦੈ, ਓਸ ਮੱਕਾਰ ਨੂੰ!” ਦੂਜੇ ਦੀ ਥਾਂ ਪੰਜਵਾਂ ਬੋਲਿਆ।

“ਕਿਤੇ ਆਪਣੇ ਮੁਹੱਲੇ ਦੇ ਬਜੁਰਗ ਦੀ ਗੱਲ ਤਾਂ ਨਹੀਂ ਕਰ ਰਹੇ..?” ਪਹਿਲੇ ਨੇ ਪੁਛਿਆ।

“ਹਾਂ, ਉਹੋ ਈ, ਉਹ ਇਨ੍ਹਾਂ ਸਾਰਿਆਂ ਦਾ ਮਾਈ-ਬਾਪ ਐ, ਜਦ ਕਦੇ ਇਹ ਛੋਕਰ ਬਾਧਾ ਪੁਲਿਸ ਦੇ ਢਹੇ ਚੜ੍ਹਦਾ ਹੈ ਤਾਂ ਇਹੋ ਬਜੁਰਗ ਉਨ੍ਹਾਂ ਦੀ ਢਾਲ ਬਣਕੇ ਅੱਗੇ ਆ ਖਲੋਂਦੈ, ਇਨ੍ਹਾਂ ਦਾ ਵਾਲ ਵੀ ਵਿੰਗਾ ਨਹੀਂ ਹੋਣ ਦਿੰਦਾ।” ਦੂਜੇ ਨੇ ਪਤੇ ਦੀ ਗੱਲ ਦੱਸੀ।

“ਤੇ ਨਾਲੇ ਛੋਕਰੇ ਤਾਂ ਕੇਵਲ ਇਕ ਹਿੱਸਾ ਨੇ, ਬਹੁਤ ਵੱਡਾ ਜਾਲ ਐ, ਕਿਹੜਾ ਕੰਮ ਹੈ ਜੋ ਇਹ ਲੋਕ ਕਰਦੇ ਨਹੀਂ।” ਤੀਜਾ ਦੱਸ ਰਿਹਾ ਸੀ।

“ਤੁਹਾਡਾ ਗੁਆਂਢੀ...ਉਹਦੀ ਸੱਜੀ ਬਾਂਹ ਏ ਇਨ੍ਹਾਂ ਸਾਰਿਆਂ ਕੰਮਾਂ ਵਿਚ...” ਪੰਜਵੇਂ ਨੇ ਤੀਜੇ ਨੂੰ ਸੰਬੋਧਤ ਹੁੰਦਿਆਂ ਕਿਹਾ।

“ਉਹ ਜਵਾਨ ਗਭਰੂ..?” ਤੀਜੇ ਨੇ ਪੁੱਛਿਆ।

“ਹਾਂ ਉਹੋ ਈ..!” ਦੋ ਜਣੇ ਇਕੋ ਸਮੇਂ ਬੋਲ ਪਏ।

“ਪਰ ਉਹ ਤਾਂ ਸੁਣਿਆਂ ਫਿਲਮਾਂ ਬਣਾਉਣ ਵਾਲੇ ਪਾਸੇ ਕੰਮ ਕਰਦਾ।” ਤੀਜੇ ਨੇ ਥੋੜ੍ਹਾ ਹੈਰਾਨ ਹੁੰਦਿਆਂ ਕਿਹਾ।

“ਕਾਹਨੂੰ ਜੀ, ਇਹ ਸਭ ਉਸੇ ਬੁੱਢੇ ਦਾ ਢਕੋਂਸਲਾ ਹੈ, ਕੁਝ ਨਾਮੀ ਸਮਗਲਰਾਂ ਨਾਲ ਵੀ ਇਨ੍ਹਾਂ ਦੀ ਯਾਰੀ ਐ ਜਿਹੜੇ ਨਸ਼ੇ ਸਪਲਾਈ ਕਰਦੇ ਨੇ। ਗਾਂਜਾ, ਚਰਸ, ਅਫੀਮ ਖੁਆ-ਖੁਆ ਇਨ੍ਹਾਂ ਘਰਾਂ ਦੇ ਘਰ ਤਬਾਹ ਕਰ ਦਿੱਤੇ। ਇਲਾਕੇ ਦੀ ਨੌਜਵਾਨੀ ਕਿਸੇ ਚੰਗੇ ਆਹਰੇ ਲੱਗਣ ਦੀ ਥਾਂ ਨਸ਼ਿਆਂ ਵਿਚ ਗਰਕਦੀ ਜਾ ਰਹੀ ਏ। ਦੂਜੇ ਪਾਸੇ ਤੁਸੀਂ ਜਿਹੜੇ ਜੁਆਨ ਗਭਰੂ ਦੀ ਗੱਲ ਕੀਤੀ ਐ ਉਹਨੇ ਇਲਾਕੇ ਦੀਆਂ ਕੁੜੀਆਂ ਦਾ ਸਤਿਆਨਾਸ਼ ਕਰ ਛੱਡਿਐ। ਕਿਸੇ ਨੂੰ ਫਿਲਮਾਂ ਵਿਚ ਕੰਮ ਦੁਆਉਣ ਦਾ ਲਾਰਾ ਲਾ ਕੇ ਤੇ ਕਿਸੇ ਨੂੰ ਮਾਡਲ ਬਣਾਉਣ ਦਾ ਝਾਂਸਾ ਦੇ ਕੇ ਠਗਿਆ ਜਾ ਰਿਹੈ। ਪਤਾ ਨਹੀਂ ਕਿੰਨੀਆਂ ਥਾਵਾਂ ’ਤੇ ਇਹਨਾਂ ਦੇ ਚਕਲੇ ਚਲਦੇ ਨੇ, ਅੰਨੀ ਕਮਾਈ ਕਰਦੇ ਨੇ ਤੇ ਦੂਜੇ ਪਾਸੇ ਕੁੜੀਆਂ ਦੇ ਮਾਪੇ ਇਸ ਖੁਸ਼ ਫਹਿਮੀ ਵਿਚ ਫਸੇ ਰਹਿੰਦੇ ਹਨ ਕਿ ਉਹਨਾਂ ਦੀ ਕੁੜੀ ਕਿਸੇ ਚੰਗੀ ਕੰਪਨੀ ਵਿਚ ਨੌਕਰੀ ਕਰਦੀ ਐ ਤੇ ਇਧਰ...ਉਨ੍ਹਾਂ ਦੀਆਂ ਆਸਾਂ ਦਾ ਘਾਣ ਹੁੰਦਾ ਹੈ, ਛੀ...ਮੈਨੂੰ ਤਾਂ ਘਿਣ ਆਉਂਦੀ ਐ..!” ਕਹਿੰਦਾ ਕਹਿੰਦਾ ਪੰਜਵਾਂ ਜਣਾ ਚੁਪ ਕਰ ਗਿਆ।

“ਪਰ ਸਾਡੇ ਇਲਾਕੇ ਵਿਚ ਤਾਂ ਇਨ੍ਹਾਂ ਇਹੋ ਜਿਹਾ ਕੋਈ ਕਾਰਾ ਨਹੀਂ ਕੀਤਾ..?” ਪਹਿਲੇ ਨੂੰ ਅਜੇ ਵੀ ਆਪਣੇ ਸਾਥੀਆਂ ਦੀ ਗੱਲ ਜਚ ਨਹੀਂ ਰਹੀ ਸੀ।

“ਬਾਈ ਜੀ, ਇਹੋ ਤਾਂ ਚਾਲ ਐ ਇਨ੍ਹਾਂ ਦੀ। ਆਪਣੇ ਘਰ, ਆਪਣੇ ਆਲੇ ਦੁਆਲੇ ਚੰਗੇ ਬਣੇ ਰਹੋ ਤੇ ਦੂਜੇ ਇਲਾਕਿਆਂ ਵਿਚ ਜਾ ਕੇ ਚੰਮ ਦੀਆਂ ਚਲਾਓ, ਇਹ ਇਨ੍ਹਾਂ ਦੀ ਰਣਨੀਤੀ ਦਾ ਇਕ ਹਿੱਸਾ ਹੈ। ਕੁਝ ਸਮਝ ਪਈ ?” ਤੀਜੇ ਦੇ ਤਿੱਖੇ ਬੋਲ ਹਵਾ ਵਿਚ ਗੂੰਜ ਉੱਠੇ।

ਪਹਿਲੇ ਨੇ ਕੁਝ ਚੇਤੇ ਕਰਦਿਆਂ ਆਪਣੇ ਸਾਥੀਆਂ ਵੱਲ ਦੇਖਿਆ। “ਤੁਹਾਡੀਆਂ ਗੱਲਾਂ ਸੁਣ ਕੇ ਮੈਨੂੰ ਇਕ ਘਟਨਾ ਯਾਦ ਆ ਗਈ ਏ। ਇਹ ਗੱਲ ਕੋਈ ਪੰਦਰਾਂ ਕੁ ਦਿਨ ਪਹਿਲਾਂ ਦੀ ਐ। ਮੈਂ ਕਿਸੇ ਕੰਮ ਉਸ ਗਭਰੂ ਜਵਾਨ ਨਾਲ ਗੱਲ ਕਰਨ ਲਈ ਉਹਦੇ ਘਰ ਗਿਆ ਸਾਂ। ਉਹ ਅੰਦਰ ਸੀ। ਉਹਦੇ ਨੌਕਰ ਨੇ ਮੈਨੂੰ ਬੈਠਕ ਵਿਚ ਬਹਾ ਦਿੱਤਾ ਪਰ ਸੰਜੋਗ ਨਾਲ

ਜਿਸ ਥਾਂ ਮੈਂ ਬੈਠਾ ਸਾਂ, ਉਥੋਂ ਅੰਦਰਲੇ ਕਮਰੇ ਵਿਚ ਬੈਠੇ ਬੰਦੇ ਸਾਫ ਦਿਖਾਈ ਦੇ ਰਹੇ ਸਨ। ਮੇਰੀ ਸੁਨਣ ਦੀ ਤਾਕਤ ਬਹੁਤ ਚੰਗੀ ਆ, ਬਸ ਮਿਹਰ ਆ ਓਸ ਸੱਚੇ ਪਾਤਸ਼ਾਹ ਦੀ। ਜਾਪਦੈ, ਅੰਦਰ ਬੈਠੇ ਗਭਰੂ ਤੇ ਉਹਦੇ ਨਾਲ ਜੁੜ ਕੇ ਬੈਠੀ ਮੁਟਿਆਰ ਨੂੰ ਮੈਂ ਬੈਠਾ ਦਿਖਾਈ ਨਈਂ ਦਿੱਤਾ। ਨਹੀਂ ਤਾਂ ਉਹ ਨਿਸੰਗ ਹੋ ਕੇ ਇਉਂ ਗੱਲਾਂ ਨਾ ਕਰਦੇ। ਖੈਰ, ਮੈਂ ਧਿਆਨ ਨਾਲ ਦੇਖਿਆ ਤਾਂ ਮੈਨੂੰ ਸਦਮਾ ਜਿਹਾ ਲੱਗਾ, ਉਹ ਦੀਕਸ਼ਾ ਸੀ, ਸਾਡੇ ਗੁਆਂਢੀ ਦੀ ਧੀ। ਉਹ ਗਭਰੂ ਨੂੰ ਪੁੱਛ ਰਹੀ ਸੀ: "ਹੋਰ ਕਿੰਨੀ ਦੇਰ ਏਸ ਨਰਕ ਦੀ ਅੱਗ ਵਿਚ ਮੈਨੂੰ ਸੜਨਾ ਪਵੇਗਾ...?"

"ਓਹਨੇ ਜਰੂਰ ਕੋਈ ਕਾਰਾ ਕੀਤਾ ਹੋਣਾ..." ਦੂਜੇ ਨੇ ਚਿੰਤਿਤ ਹੁੰਦਿਆਂ ਅੰਦਾਜਾ ਲਾਇਆ।

"...ਤੇ ਉਸ ਕੀ ਕਿਹਾ...ਮਾ ਦੇ..." ਤੀਜਾ ਗਾਲ੍ਹ ਕਢਦਾ-ਕਢਦਾ ਰੁਕ ਗਿਆ।

"ਬਈ ਪਹਿਲਾਂ ਪੂਰੀ ਗੱਲ ਤਾਂ ਸੁਣ ਲਓ..ਤੁਸੀਂ ਦੱਸੋ, ਫੇਰ ਕੀ ਹੋਇਆ।" ਚੌਥੇ ਨੇ ਕਾਹਲਾ ਪੈਂਦਿਆਂ ਕਿਹਾ।

"ਹੋਣਾ ਕੀ ਸੀ। ਗਭਰੂ ਨੇ ਉਸ ਨੂੰ ਬਨਾਉਟੀ ਮੋਹ ਜਿਹੇ ਨਾਲ ਆਪਣੇ ਨੇੜੇ ਖਿੱਚ ਲਿਆ ਤੇ ਕਹਿਣ ਲੱਗਾ, 'ਅਹਿ ਗੱਲ ਨਾ ਕਰ, ਨਰਕ ਦੀ ਅੱਗ ਵਿਚ ਸੜਨ ਤੇਰੇ ਦੁਸ਼ਮਣ।"

"ਦੁਸ਼ਮਣਾਂ ਦਾ ਤਾਂ ਮੈਨੂੰ ਪਤਾ ਨਹੀਂ, ਪਰ ਤੇਰੇ ਲਾਰਿਆਂ ਦੀ ਪੱਟੀ ਮੈਂ ਜਰੂਰ ਸੜ ਰਹੀ ਆਂ। ਹਾਲ ਦੀ ਘੜੀ ਇਹ ਅੱਗ ਬੁੱਝਦੀ ਦਿਸਦੀ ਨਹੀਂ" ਰੋਣਹਾਕੀ ਹੋਈ ਦੀਕਸ਼ਾ ਫੁੱਟ ਪਈ।

"ਨਾ ਮੇਰੀ ਜਾਨ...ਇਹ ਕੰਮ ਨਾ ਕਰ...ਤੂੰ ਹਸਦੀ ਚੰਗੀ ਲੱਗਦੀ ਏਂ...ਜਿੱਥੇ ਏਨਾ ਚਿਰ ਸਬਰ ਕੀਤੈ ਮੇਰੇ ਕਹਿਣ 'ਤੇ ਥੋੜ੍ਹਾ ਹੋਰ ਕਰ ਲੈ...ਜੋ ਤੂੰ ਚਾਹੁੰਦੀ ਏਂ ਉਹੀ ਹੋਵੇਗਾ। ਚਲ ਉਠ, ਮੂਡ ਠੀਕ ਕਰ, ਉਹ ਆਉਂਦੇ ਹੋਣਗੇ, ਵੱਡੇ ਬੰਦੇ ਨੇ, ਜੇ ਖੁਸ਼ ਹੋ ਗਏ ਤਾਂ ਅਗਲੀ ਪਿਛਲੀ ਸਾਰੀ ਕਸਰ ਨਿਕਲ ਜਾਏਗੀ। ਜੇਬਾਂ ਤਾਂ ਗਰਮ ਹੋਣੀਆਂ ਈ ਹੋਣੀਆਂ, ਤੇਰਾ ਮਾਡਲਿੰਗ ਵਾਲਾ ਚਾਂਸ ਵੀ ਬਣ ਸਕਦੈ, ਪਰ ਜ਼ਰਾ ਹੁਸ਼ਿਆਰੀ ਨਾਲ, ਇਹ ਸਾਮੀ ਹੱਥੋਂ ਜਾਣੀ ਨਹੀਂ ਚਾਹੀਦੀ।" ਗਭਰੂ ਨੇ ਗੱਲ੍ਹਾਂ 'ਤੇ ਹੱਥ ਫੇਰਦਿਆਂ ਉਹਨੂੰ ਤਾੜਿਆ।

"ਇਹਦੀ ਚਿੰਤਾ ਤੁਸੀਂ ਨਾ ਕਰੋ...ਮੈਨੂੰ ਕਿਸੇ ਤਣ-ਪੱਤਣ ਲਾਓ, ਜਿੰਨੀ ਛੇਤੀ ਹੋ ਸਕੇ, ਤੰਗ ਆਈ ਪਈ ਆਂ ਇਸ ਸਭ ਕਾਸੇ ਤੋਂ।" ਉਹ ਇਕੋ ਸਾਹੇ ਬੋਲ ਉੱਠੀ।

"ਕੋਈ ਨਹੀਂ, ਤੂੰ ਸਬਰ ਰੱਖ, ਸਭ ਠੀਕ ਹੋ ਜਾਵੇਗਾ।" ਏਨਾ ਕਹਿ ਗਭਰੂ ਬਾਹਰ ਚਲਿਆ ਗਿਆ।

"ਦੂਰ ਫਿਟੇ ਮੂੰਹ ਤੇਰਾ, ਵੱਡਾ ਗੱਭਰੂ ਬਣਿਆ ਫਿਰਦੈ, ਤੇਰਾ ਕੱਖ ਨਾ ਰਹੇ" ਪੂਰੀ ਗੱਲ ਸੁਣ ਦੂਜਾ ਗਭਰੂ ਨੂੰ ਬਦਸੀਸਾਂ ਦੇ ਰਿਹਾ ਸੀ।

"ਫੇਰ ਦੀਕਸ਼ਾ ਦਾ ਕੀ ਹੋਇਆ..?" ਤੀਜਾ ਪੁੱਛ ਰਿਹਾ ਸੀ।

"ਮੈਨੂੰ ਪਤਾ ਲੱਗਿਐ ਕਿ ਗਭਰੂ ਦੀਆਂ ਗੱਲਾਂ ਸੁਣ ਦੀਕਸ਼ਾ ਨੇ ਸਬਰ ਦਾ ਘੁੱਟ ਭਰ ਲਿਆ" ਪਹਿਲਾ ਦੱਸਣ ਲੱਗਾ, "ਪਰ ਉਸਦੀ ਵੇਦਨਾ ਦਾ ਅੰਤ ਨਾ ਹੋਣਾ ਸੀ ਤੇ ਨਾ ਹੋਇਆ। ਉਹ ਬਥੇਰਾ ਰੋਈ, ਕੁਰਲਾਈ, ਚੀਕੀ ਪਰ ਮਨੁੱਖੀ ਦੇਹਾਂ ਦਾ ਸੌਦਾ ਕਰਨ ਵਾਲਿਆਂ ਦਾ ਦਿਲ ਕਦ ਪਸੀਜਦਾ। ਜਦ ਕਦੇ ਉਹ ਆਕੀ ਹੁੰਦੀ ਉਹਨੂੰ ਨਵੇਂ ਤੇ ਲੁਭਾਵਣੇ ਲਾਰਿਆਂ ਨਾਲ ਪਰਚਾ ਦਿੱਤਾ ਜਾਂਦਾ। ਇਕ ਤਰ੍ਹਾਂ ਨਾਲ ਅੱਤ ਹੋ ਗਈ ਸੀ। ਉਹਦਾ ਸ਼ਰੀਰ ਜਵਾਬ ਦੇਣ ਲੱਗ ਪਿਆ ਤੇ ਹੌਲੀ ਹੌਲੀ ਉਹ ਇਕ ਗੰਭੀਰ ਇਸਤਰੀ ਰੋਗ ਦਾ ਸ਼ਿਕਾਰ ਹੋ ਗਈ।" ਇਹ ਕਹਿੰਦਾ ਪਹਿਲਾ ਚੁੱਪ ਕਰ ਗਿਆ। ਸਿਰ ਨੀਵਾਂ ਕਰ ਉਹ ਧਰਤ 'ਤੇ ਦੇਖਣ ਲੱਗਾ। ਉਸ ਵਿਚ ਦੂਜਿਆਂ ਨਾਲ ਅੱਖ ਮਿਲਾ ਕੇ ਗੱਲ ਕਰਨ ਦੀ ਤਾਕਤ ਨਹੀਂ ਰਹੀ ਸੀ।

"ਬਾਈ, ਤੁਸੀਂ ਕਾਹਨੂੰ ਸ਼ਰਮਸਾਰ ਹੁੰਦੇ ਓ, ਇਸ ਵਿਚ ਤੁਹਾਡਾ ਕੀ ਕਸੂਰ ਐ, ਜੋ ਤੁਸੀਂ ਦੇਖਿਆ ਸੁਣਿਆ, ਉਹ ਦਸ ਦਿੱਤਾ" ਦੂਜੇ ਨੇ ਉਹਦੀ ਪਿੱਠ 'ਤੇ ਹੱਥ ਰੱਖਦਿਆਂ ਹੌਲੀ ਜਿਹੇ ਕਿਹਾ।

"ਪਰ ਉਹ ਸੀ ਤਾਂ ਸਾਡੀ ਧੀ, ਉਹਦੇ ਨਾਲ ਏਨਾ ਗਲਤ ਹੋਇਆ ਤੇ ਅਸੀਂ ਕੁਝ ਕਰ ਨਹੀਂ ਸਕੇ। ਹੁਣ ਗੱਲਾਂ ਕਰ ਰਹੇ ਹਾਂ..!"

“ਬਦਕਿਸਮਤੀ ਐ ਭਾਈ ਸਾਹਿਬ, ਸਾਡੇ ਸਾਰਿਆਂ ਦੀ ਬਦਕਿਸਮਤੀ, ਕਿਹਨੂੰ ਦੋਸ਼ ਦੇਈਏ ਤੇ ਕਿਹਨੂੰ ਨਾ ਦੇਈਏ, ਸਾਡਾ ਦਿਲ ਰੋਂਦਾ ਇਸ ਲਈ ਕਿਉਂਕਿ ਸਾਡੇ ਅੰਦਰ ਦਾ ਮਨੁੱਖ ਅਜੇ ਮਰਿਆ ਨਹੀਂ, ਸਾਡੇ ਅੰਦਰ ਮਨੁੱਖੀ ਦਰਦ ਤੇ ਸੰਵੇਦਨਾ ਹੈ, ਪਰ ਇਹੋ ਜਿਹੀਆਂ ਜੋਕਾਂ ਇਸ ਸਭ ਤੋਂ ਸੱਖਣੀਆਂ ਹੁੰਦੀਆਂ ਨੇ ਮੇਰੇ ਦੋਸਤ” ਕਹਿੰਦਾ ਕਹਿੰਦਾ ਤੀਜਾ ਵਿਲਖਣ ਲੱਗ ਪਿਆ।

“ਚਾਚਾ ਜੀ ਨਮਸਤੇ…!”

“ਸਵਰਨ ਤੂੰ…!” ਪਹਿਲੇ ਨੇ ਹੁਣੇ ਹੁਣੇ ਆਏ ਨੌਜਵਾਨ ਦਾ ਸਿਰ ਪਲੋਸਿਆ। “ਹੋਰ ਸੁਣਾ ਤੂੰ ਕਿਵੇਂ ਐਂ..?”

“ਮੈਂ ਤਾਂ ਠੀਕ ਆਂ ਚਾਚਾ ਜੀ, ਪਰ ਦੀਦੀ ਦੀ ਹਾਲਤ ਬੜੀ ਖਰਾਬ ਆ।”

“ਕੀ ਹੋਇਆ ਦੀਕਸ਼ਾ ਨੂੰ…?” ਸਭ ਜਾਣਦੇ ਹੋਇਆਂ ਵੀ ਪਹਿਲੇ ਨੇ ਪੁੱਛਿਆ।

“ਪੁੱਛੋ ਤਾਂ ਡਾਕਟਰ ਚੱਜ ਨਾਲ ਦੱਸਦੇ ਨਹੀਂ…ਉਂਝ ਕਹਿੰਦੇ ਨੇ ਮਰੀਜ ਦੀ ਹਾਲਤ ਠੀਕ ਨਹੀਂ…ਕਿਸੇ ਸਮੇਂ ਕੁਝ ਵੀ ਹੋ ਸਕਦਾ ਹੈ। ਹਫਤੇ ਤੋਂ ਵੱਧ ਹੋ ਗਿਐ, ਉਹਨੂੰ ਬੀਮਾਰ ਹੋਇਆਂ। ਬੁਖਾਰ ਉਤਰਦਾ ਈ ਨਹੀਂ ਤੇ ਹਾਲਤ ਦਿਨੋ ਦਿਨ ਵਿਗੜਦੀ ਜਾ ਰਹੀ ਐ।” ਸਵਰਨ ਨੇ ਹੌਲੀ ਹੌਲੀ ਦਸਿਆ।

“ਸਾਰੇ ਜਣਿਆਂ ਦੇ ਮੂੰਹੋਂ ਇਕੋ ਸਾਹੇ ਨਿਕਲਿਆ…”ਬਖਸ਼ੀਂ ਮੇਰਿਆ ਰੱਬਾ…ਅਜੇ ਕੁੜੀ ਨੇ ਦੇਖਿਆ ਈ ਕੀ ਐ।”

“ਚਾਚਾ ਜੀ, ਦੀਦੀ ਦੀ ਬੀਮਾਰੀ ਸਮਝ ਨਹੀਂ ਆਉਂਦੀ, ਪਾਪਾ ਤੇ ਮੰਮੀ ਬਹੁਤ ਪਰੇਸ਼ਾਨ ਨੇ!”

ਸਵਰਨ ਦੀਆਂ ਗੱਲਾਂ ਸੁਣ ਪਹਿਲੇ ਦੀਆਂ ਅੱਖਾਂ ਭਰ ਆਈਆਂ। ਉਸ ਨੌਜਵਾਨ ਨੂੰ ਗੱਲ ਨਾਲ ਲਾ ਲਿਆ। ਉਹਦੇ ਹੰਝੂ ਵਗਣ ਲੱਗੇ। ਨਾਲ ਖਲੋਤੇ ਦੂਜੇ ਸਾਥੀਆਂ ਦੇ ਚਿਹਰੇ ਵੀ ਉਤਰੇ ਹੋਏ ਸਨ। ਸਵਰਨ ਨੂੰ ਪਿਆਰ ਦੇਣ ਸਮੇਂ ਉਹਦਾ ਦਿਲ ਰੋ ਰਿਹਾ ਸੀ। ਉਹ ਮੂੰਹੋਂ ਤਾਂ ਕੁਝ ਬੋਲ ਨਹੀਂ ਸਕਿਆ, ਪਰ ਉਹਦਾ ਦਿਲ ਕੁਰਲਾ ਕੁਰਲਾ ਕੇ ਕਹਿ ਰਿਹਾ ਸੀ, “ਬੇਟਾ, ਮੈਨੂੰ ਮਾਫ ਕਰ ਦੇਈਂ। ਨਹੀਂ ਦੱਸ ਸਕਦਾ ਤੈਨੂੰ, ਅਸਲ ਵਿਚ ਹੋਇਆ ਕੀ ਐ। ਨਹੀਂ ਦਸ ਸਕਦਾ, ਜੇ ਚਾਹਾਂ ਤਾਂ ਵੀ ਨਹੀਂ। ਜਿੱਦਣ ਤੈਨੂੰ ਉਸ ਸਭ ਦਸਣ ਦੀ ਬੇਵਕੂਫੀ ਕਰ ਲਈ, ਬੱਚਾ ਤੇਰਾ ਮੁਸਕਰਾਂਦਾ ਚਿਹਰਾ ਸੋਗੀ ਹੋ ਜਾਵੇਗਾ। ਇਹੋ ਤਾਂ ਮੈਂ ਦੇਖਣਾ ਨਹੀਂ ਚਾਹੁੰਦਾ, ਪਰ ਕਦ ਤਕ..?”

---0---

“ਪੁਲਸ ਇਥੇ ਕੀ ਕਰਨ ਆਈ ਐ…?” ਦੂਰੋਂ ਆਉਂਦੀ ਪੁਲਸ ਦੀ ਗਾਰਦ ਤੇ ਨਜ਼ਰ ਪੈਂਦਿਆਂ ਸੜਕ ’ਤੇ ਤੁਰਿਆ ਜਾਂਦਾ ਇਕ ਵਿਅਕਤੀ ਬੜਬੜਾ ਰਿਹਾ ਸੀ।

“ਕੁਝ ਸੁਣਿਆ ਤਾਂ ਨਹੀਂ..ਜਰੂਰ ਕੁਝ ਹੋਇਆ ਹੋਣਾ!” ਉਸ ਨਾਲ ਚਲਦੀ ਔਰਤ ਕਹਿ ਰਹੀ ਸੀ।

“ਤੁਹਾਨੂੰ ਨਹੀਂ ਪਤਾ ਕੁਝ..?” ਨੇੜੇ ਖਲੋਤੇ ਸਿਆਣੀ ਉਮਰ ਦੇ ਵਿਅਕਤੀ ਨੇ ਹੈਰਾਨ ਹੁੰਦਿਆਂ ਪੁੱਛਿਆ।

“ਨਹੀਂ ਤਾਂ…!” ਆਦਮੀ ਤੇ ਤੀਵੀਂ ਦੋਵੇਂ ਬੋਲ ਪਏ।

“ਉਹ ਸਾਹਮਣੇ ਦੇਖਦੇ ਓ, ਜਿਥੇ ਬੜੀ ਭੀੜ ਲੱਗੀ ਏ!”

“ਕੋਲੋਂ ਲੰਘੇ ਤਾਂ ਸੀ ਪਰ ਕਾਹਲੀ ਵਿਚ ਉਸ ਪਾਸੇ ਬਹੁਤਾ ਧਿਆਨ ਨਹੀਂ ਦਿੱਤਾ। ਹੋਇਆ ਕੀ ਐ ?” ਆਦਮੀ ਨੇ ਸਾਫਗੋਈ ਤੋਂ ਕੰਮ ਲੈਂਦਿਆਂ ਕਿਹਾ।

“ਉਨ੍ਹਾਂ ਦੀ ਜਵਾਨ ਕੁੜੀ ਦੀ ਮੌਤ ਹੋ ਗਈ ਐ!” ਬਜੁਰਗ ਦੇ ਮੂੰਹੋਂ ਨਿਕਲਿਆ।

“ਹੈਂ……! ਇਹ ਤਾਂ ਬਹੁਤ ਬੁਰਾ ਹੋਇਆ!!”

“ਬੁਰਾ ਜਿਹਾ ਬੁਰਾ, ਖੁਦਕਸ਼ੀ ਕੀਤੀ ਐ ਉਹਨੇ, ਪਿਛਲੇ ਕਈ ਦਿਨਾਂ ਤੋਂ ਬਹੁਤ ਦੁਖੀ ਸੀ, ਕੋਈ ਗੱਲ ਨਹੀਂ ਕਰਦੀ ਸੀ ਕਿਸੇ ਨਾਲ, ਸ਼ਰੀਰ ਨਾਲੋਂ ਅੰਦਰਲੇ ਦਰਦ ਨਾਲ ਵੱਧ ਪੀੜਿਤ ਸੀ, ਇਸੇ ਲਈ...” ਕਹਿੰਦਾ ਕਹਿੰਦਾ ਬਜੁਰਗ ਹਟਕੋਰੇ ਲੈਣ ਲੱਗਾ।

“ਏਦਾਂ ਤਾਂ ਰੱਬ ਦੁਸ਼ਮਣਾਂ ਨਾਲ ਵੀ ਕਰੇ।” ਇਕ ਬਜੁਰਗ ਔਰਤ ਰੌਲਾ ਪਾਉਂਦੀ ਉਨ੍ਹਾਂ ਕੋਲੋਂ ਲੰਘੀ। ਦੋਵੇਂ ਇਕ ਪਾਸੇ ਹਟ ਗਏ।

“ਸੁਭਾਸ਼, ਅਸੀਂ ਫੇਰ ਕਦੇ ਉਥੇ ਚਲੇ ਜਾਵਾਂਗੇ, ਹੁਣ ਵਾਪਸ ਚਲੋ, ਉਨ੍ਹਾਂ ਦੇ ਚਲਦੇ ਹਾਂ!”

“ਠੀਕ ਹੈ!” ਦੋਵੇਂ ਜਿੱਦਾਂ ਆਏ ਸਨ ਓਦਾਂ ਪਰਤ ਗਏ।

ਭੀੜ ਵਿਚ ਖਲੋਤੇ ਲੋਕ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਕਰ ਰਹੇ ਸਨ। ਕੋਈ ਦੀਕਸ਼ਾ ਨਾਲ ਆਪਣੀ ਹਮਦਰਦੀ ਜਾਹਰ ਕਰ ਰਿਹਾ ਸੀ। ਕੋਈ ਸਤਿਕਾਰਤ ਬਜੁਰਗ ਨੂੰ ਲਾਹਨਤਾਂ ਪਾ ਰਿਹਾ ਸੀ ਤੇ ਕੋਈ ਘਰ ਦੇ ਵਿਹੜੇ ਵਿਚ ਢਹਿ ਢੇਰੀ ਹੋਏ ਉਸਦੇ ਮਾਤਾ ਪਿਤਾ ਨੂੰ ਦੇਖ ਅੰਦਰੋ ਅੰਦਰੀ ਕੁਰਲਾ ਰਿਹਾ ਸੀ। ਇਕ ਪਾਸੇ ਖਲੋਤੀਆਂ ਦੋ ਵਡੇਰੀ ਉਮਰ ਦੀਆਂ ਔਰਤਾਂ ਕੁੜੀ ਦੇ ਮਾਪਿਆਂ ਵੱਲ ਦੇਖ ਹੰਝੂ ਬਹਾ ਰਹੀਆਂ ਸਨ।

“ਮਾਪਿਆਂ ਦਾ ਕਹਿਣਾ ਨਾ ਮੰਨਣ ਦਾ ਨਤੀਜਾ ਇਹ ਹੁੰਦਾ, ਅਪ ਤਾਂ ਚਲੀ ਗਈ ਆ ਪਰ ਬਜੁਰਗਾਂ ਲਈ ਸਾਰੀ ਉਮਰ ਦਾ ਰੋਣਾ ਛੱਡ ਗਈ ਐ...ਉਹ ਨਾ ਜਿਉਂਦਿਆਂ ਵਿਚ ਤੇ ਨਾ ਮੋਇਆਂ ਵਿਚ...ਦੇਖ ਕੇ ਤਰਸ ਆਉਂਦਾ...।” ਇਕ ਕਹਿ ਰਹੀ ਸੀ।

“ਇਹ ਤਾਂ ਹੋਣਾ ਈ ਸੀ ਆਂਟੀ ਜੀ...ਦੀਕਸ਼ਾ ਨੂੰ ਉਸ ਦੇ ਪਾਪਾ ਨੇ ਬਥੇਰਾ ਸਮਝਾਇਆ ਪਰ ਉਸ ਇਕ ਨਾ ਸੁਣੀ...ਸੁਣਨਾ ਤਾਂ ਇਕ ਪਾਸੇ ਰਿਹਾ...ਜੇਕਰ ਉਹ ਪੁੱਛਦੇ ਸਨ ਤਾਂ ਮਜਾਲ ਏ ਉਹਨੇ ਕਦੇ ਚੱਜ ਨਾਲ ਜਵਾਬ ਦਿੱਤਾ ਹੋਵੇ।”

“ਇਹ ਸਭ ਉਸੇ ਹਰਾਮੀ ਦਾ ਕੀਤੈ...ਏਸ ਬੁੱਢੇ ਨੇ ਸਾਰੇ ਇਲਾਕੇ ਵਿਚ ਗੰਦ ਪਾ ਦਿੱਤੈ। ਹੋਰ ਤਾਂ ਹੋਰ ਗਭਰੂ ਈ ਮਾਣ ਨੀ ਜਿਹੜਾ ਉਹਦਾ ਚੇਲਾ ਬਣਿਆ ਫਿਰਦਾ...ਕੀੜੇ ਪੈਣ ਇਨ੍ਹਾਂ ਮਰ ਜਾਣਿਆਂ ਦੇ। ਦੂਜਿਆਂ ਦੇ ਘਰ ਉਜਾੜਨ ਵਾਲੇ ਦੈਂਤ...ਕਿਸੇ ਥਾਂ ਦੇ...।” ਗੁਆਂਢ ਦੀ ਇਕ ਸੁਆਣੀ ਨੇ ਭੜਾਸ ਕੱਢੀ।

“ਮਾਸੀ ਜੀ, ਇਹਨਾਂ ਨੇ ਘਰਾਂ ਦੇ ਘਰ ਤਬਾਹ ਕਰ ਦਿੱਤੇ ਨੇ। ਗਭਰੂ ਨੇ ਤਾਂ ਪਤਾ ਨਹੀਂ ਕਿੰਨੀਆਂ ਮੁਟਿਆਰਾਂ ਦੀ ਜਿੰਦਗੀ ਰੋਲ ਛੱਡੀ ਏ, ਇਹਦਾ ਤਾਂ ਹਿਸਾਬ ਈ ਨਹੀਂ।” ਛੋਟੀ ਉਮਰ ਦੀ ਇਕ ਮੁਟਿਆਰ ਕਹਿ ਰਹੀ ਸੀ।

“ਪਹਿਲਾਂ ਇਹ ਲੋਕ ਕੁੜੀਆਂ ਨੂੰ ਸਬਜ ਬਾਗ ਦਿਖਾ-ਦਿਖਾ ਕੇ ਆਪਣੇ ਪਿੱਛੇ ਲਾ ਲੈਂਦੇ ਨੇ। ਕੁੜੀਆਂ ਆਪਣੇ ਮਾਂ ਪਿਓ ਜਾਂ ਘਰ ਦਿਆਂ ਨੂੰ ਕੁਝ ਨਹੀਂ ਦਸਦੀਆਂ। ਜਦ ਇਹ ਪੂਰੀ ਤਰ੍ਹਾਂ ਇਨ੍ਹਾਂ ਦੇ ਜਾਲ ਵਿਚ ਫਸ ਜਾਂਦੀਆਂ ਨੇ ਤਾਂ ਆਪਣੇ ਅਸਲੀ ਰੰਗ ਵਿਚ ਆ ਜਾਂਦੇ ਹਨ। ਕੁੜੀਆਂ ਨੂੰ ਉਹ ਤਾਂ ਕੀ ਉਨ੍ਹਾਂ ਦੇ ਦੱਲੇ, ਗਾਹਕ ਤੇ ਹੋਰ ਦੋਸਤ-ਮਿੱਤਰ ਬੁਰੀ ਤਰ੍ਹਾਂ ਚਰੂੰਡਦੇ ਨੇ। ਜਦ ਕੁੜੀ ਨੂੰ ਹੋਸ਼ ਆਉਂਦੀ ਏ ਤਾਂ ਬਹੁਤ ਦੇਰ ਹੋ ਚੁੱਕੀ ਹੁੰਦੀ ਹੈ। ਉਹ ਚਾਹ ਕੇ ਵੀ ਕੁਝ ਨਹੀਂ ਕਰ ਸਕਦੀ।” ਮੁਟਿਆਰ ਦੀ ਦੂਜੀ ਸਹੇਲੀ ਕਹਿ ਰਹੀ ਸੀ।

“ਇਨ੍ਹਾਂ ਕੁੜੀਆਂ ਨੂੰ ਗੰਭੀਰ ਰੋਗ ਲੱਗ ਜਾਂਦੇ ਨੇ। ਉਨ੍ਹਾਂ ਦਾ ਸ਼ਰੀਰ ਕਿਸੇ ਕੰਮ ਦਾ ਨਹੀਂ ਰਹਿੰਦਾ। ਬਹੁਤ ਸਾਰੀਆਂ ਕੁੜੀਆਂ ਤਾਂ ਬਦਨਾਮੀ ਅਤੇ ਸਰੀਰਕ ਰੋਗਾਂ ਤੋਂ ਤੰਗ ਆ ਕੇ ਮੌਤ ਨੂੰ ਗਲੇ ਲਗਾ ਲੈਂਦੀਆਂ ਨੇ।” ਕਿਸੇ ਐਨਜੀਓ ਨਾਲ ਜੁੜੀ ਪ੍ਰੌੜ੍ਹ ਉਮਰ ਦੀ ਇਕ ਔਰਤ ਕਹਿ ਰਹੀ ਸੀ।

“ਦੀਕਸ਼ਾ ਨੇ ਵੀ ਤਾਂ ਇਹੋ ਕੁਝ ਕੀਤੈ...ਪਤਾ ਨਹੀਂ ਉਹਨੇ ਕਿੰਨੀ ਮਾਨਸਿਕ ਪੀੜਾ ਸਹਿਨ ਕੀਤੀ ਹੋਵੇਗੀ!” ਨਾਲ ਖਲੋਤੀ ਇਕ ਔਰਤ ਦੇ ਮੂੰਹੋਂ ਨਿਕਲਿਆ।

“ਰੱਬ ਨਾ ਕਰੇ, ਇਹੋ ਜਿਹੀ ਅਨਹੋਣੀ ਕਦੇ ਕਿਸੇ ਦੁਸ਼ਮਣ ਨਾਲ ਵੀ ਨਾ ਹੋਵੇ ਜਿਹੜੀ ਤੇਰੇ ਨਾਲ ਹੋਈ ਆ” ਗੁਆਂਢ ਵਿਚ ਰਹਿਣ ਵਾਲੀ ਬੇਬੇ ਦੀਕਸ਼ਾ ਦੀ ਮਾਂ ਨੂੰ ਕਲਾਵੇ ਵਿਚ ਲੈ ਕੇ ਵਿਰਲਾਪ ਕਰ ਰਹੀ ਸੀ।

---0---

"ਸਰ, ਮਾਮਲਾ ਸਾਫ ਐ। ਦੀਕਸ਼ਾ ਨੇ ਕਿਨ੍ਹਾਂ ਹਾਲਤਾਂ ਵਿਚ ਆਤਮ ਘਾਤ ਕੀਤਾ, ਇਸ ਸਭ ਕਾਸੇ ਦਾ ਵੇਰਵਾ ਉਸ ਦੇ ਇਸ ਨੋਟ ਵਿਚ ਦਰਜ ਹੈ।" ਪੁਲਸ ਦਾ ਇਕ ਜਾਂਚ ਅਧਿਕਾਰੀ ਆਪਣੇ ਸੀਨੀਅਰ ਨੂੰ ਦੱਸ ਰਿਹਾ ਸੀ।

"ਹੂੰ...ਕਿਸੇ ਤਰ੍ਹਾਂ ਦਾ ਕੋਈ ਭੁਲੇਖਾ ਨਹੀਂ ਰਿਹਾ, ਤੁਸੀਂ ਅੱਗੇ ਦੀ ਕਾਰਵਾਈ ਸ਼ੁਰੂ ਕਰੋ...!" ਸੀਨੀਅਰ ਨੇ ਹੁਕਮ ਦਿੱਤਾ।

"ਠੀਕ ਹੈ ਸਰ...!" ਜੂਨੀਅਰ ਆਪਣੇ ਕੰਮ ਵਿਚ ਲੱਗ ਗਿਆ। (16-5-2016)

09810628570 (ਫੋਨ)

I-263, karampura,
New Delhi-110015

(ਇਹ ਕਹਾਣੀ 'ਮਹਿਰਮ' ਮਾਰਚ 2017 ਦੇ ਅੰਕ ਵਿਚ ਛਪ ਗਈ ਹੈ।)

## ਮੁਫ਼ਤਖ਼ੋਰਾ

□ਅਸ਼ੋਕ ਵਾਸਿਸ਼ਠ

"ਖ਼ਯਾਲੋਂ ਮੇਂ...!"

"ਓਹ ਸੁਮੇਸ਼ ਤੂੰ...ਵੁਟ ਏ ਪਲੈੱਯਰ!" ਸੁਰਭੀ ਦੇ ਮੂੰਹੋਂ ਨਿਕਲਿਆ।

"ਯਸ, ਕੋਈ ਸ਼ੱਕ..?"

"ਬਿਲਕੁਲ ਨਹੀਂ...!"

"ਚੱਲੀਏ ਫੇਰ..?"

“ਜਰੂਰ...ਜੋ ਹੁਕਮ ਮੇਰੇ ਆਕਾ..।” ਸੁਮੇਸ਼ ਨੇ ਸ਼ਾਇਰਾਂ ਵਾਲੇ ਅੰਦਾਜ ਵਿਚ ਕਿਹਾ।

“ਪਰ ਜਾਣਾ ਕਿੱਥੇ ਹੈ ?” ਸੁਰਭੀ ਨੇ ਤਿਰਛੀ ਨਜ਼ਰ ਨਾਲ ਦੇਖਦਿਆਂ ਸਵਾਲ ਕੀਤਾ।

“ਜਿੱਧਰ ਹਜੂਰ ਦਾ ਹੁਕਮ ਹੋਵੇ..!”

“ਪਰ ਮੈਂ ਤਾਂ ਘਰ ਜਾ ਰਹੀ ਆਂ!” ਸੁਰਭੀ ਨੇ ਦਸਿਆ।

“ਘਰ ਜਰੂਰ ਜਾਓ...ਪਰ ਥੋੜ੍ਹਾ ਰੁਕ ਕੇ।”

“ਰੁਕ ਨਹੀਂ ਸਕਦੀ...ਮੈਂ ਜਾਣਾ ਹੀ ਹੈ।” ਸੁਰਭੀ ਨੇ ਦ੍ਰਿੜ੍ਹਤਾ ਨਾਲ ਕਿਹਾ।

“ਕੋਈ ਖਾਸ ਗੱਲ..?”

“ਭੁੱਖ ਨੇ ਜਾਨ ਕੱਢੀ ਪਈ ਐ...ਇਹੋ ਖਾਸ ਗੱਲ ਹੈ...ਕੋਈ ਇਤਰਾਜ...?”

“ਠੀਕ ਕਿਹਾ। ਭੁੱਖ ਤਾਂ ਮੈਨੂੰ ਵੀ ਲੱਗੀ ਆ।”

ਸੁਰਭੀ ਨੇ ਕਹਿਣਾ ਚਾਹਿਆ, ‘ਫੇਰ ਤੁਸੀਂ ਵੀ ਚੱਲੋ’ ਪਰ ਉਹ ਕਹਿ ਨਹੀਂ ਸਕੀ। ਨਵੀਂ ਨਵੀਂ ਦੋਸਤੀ ਤੇ ਇਕ ਤਰ੍ਹਾਂ ਨਾਲ ਅਨਜਾਣ ਲੜਕੇ ਨੂੰ ਘਰ ਲਿਜਾਣਾ, ਘਰ ਦਿਆਂ ਦੇ ਪ੍ਰਸ਼ਨਾਂ ਦੀ ਬੁਛਾੜ ਸਹਿਨ ਕਰਨੀ ਤੇ ਹੋਰ ਕਈ ਤਰ੍ਹਾਂ ਦੇ ਕਿੰਤੂ-ਪਰੰਤੂਆਂ ਨਾਲ ਸਿੱਝਣਾ ਸੌਖਾ ਕੰਮ ਨਹੀਂ ਸੀ। ਉਸ ਨੇ ਘੇਸ ਵੱਟ ਲਈ।

“ਠੀਕ ਹੈ...ਫਿਰ ਮਿਲਦੇ ਹਾਂ” ਇਕ ਆਟੋ ਵਾਲਾ ਉੱਥੇ ਰੁਕਿਆ ਤਾਂ ਸੁਮੇਸ਼ ਦੇ ਜਵਾਬ ਦੀ ਉਡੀਕ ਕੀਤੇ ਬਿਨਾ ਉਸ ਚਾਲੇ ਪਾ ਲਏ। ਥੋੜੀ ਦੂਰ ਜਾਣ ’ਤੇ ਆਟੋ ਘਰੜ ਘਰੜ ਕਰਕੇ ਰੁਕ ਗਿਆ। ਹਿਚਕੋਲੇ ਖਾਂਦੀ ਸੁਰਭੀ ਹੜਬੜਾ ਜਿਹੀ ਗਈ। “ਕਿਉਂ ਕੀ ਹੋ ਗਿਆ..?”

“ਇੰਜਣ ਵਿਚ ਖਰਾਬੀ ਆ ਗਈ ਐ...ਤੁਸੀਂ ਫਿਕਰ ਨਾ ਕਰੋ..” ਏਨਾ ਕਹਿ ਆਟੋ ਚਾਲਕ ਇੰਜਣ ਦੇਖਣ ਲੱਗਾ।

“ਕੋਈ ਗੱਲ ਨਹੀਂ ਜੀ, ਇੰਜ ਹੋ ਜਾਂਦਾ ਏ” ਇਹ ਸੁਮੇਸ਼ ਦੀ ਆਵਾਜ਼ ਸੀ। ਉਹ ਦੂਜੇ ਆਟੋ ਵਿਚ ਸਵਾਰ ਹੋ ਘਰ ਜਾ ਰਿਹਾ ਸੀ।

“ਓਹ ਸੁਮੇਸ਼ ਤੂੰ ਮੇਰਾ ਪਿੱਛਾ ਨਹੀਂ ਛਡਿਆ।” ਸੁਰਭੀ ਨੇ ਨਖਰੇ ਜਿਹੇ ਨਾਲ ਕਿਹਾ।

“ਏਦਾਂ ਤਾਂ ਨਾ ਕਹੋ ਮੇਡਮ ਜੀ। ਤੁਸੀਂ ਅੱਗੇ ਅੱਗੇ ਜਾ ਰਹੇ ਸੀ। ਜੇ ਤੁਹਾਡਾ ਆਟੋ ਖਰਾਬ ਹੋ ਗਿਐ ਤਾਂ ਇਹਦੇ ਵਿਚ ਮੇਰਾ ਕੀ ਕਸੂਰ, ਤੁਹਾਨੂੰ ਇਸ ਤਰ੍ਹਾਂ ਹੈਰਾਨ-ਪਰੇਸ਼ਾਨ ਦੇਖ ਕੇ ਮੈਂ ਰੁਕ ਗਿਆ।”

“ਬਹੁਤੀਆਂ ਗੱਲਾਂ ਨਾ ਮਾਰ, ਜੇ ਕਹੇਂ ਤਾਂ ਮੈਂ ਤੇਰੇ ਆਟੋ ਵਿਚ ਬੈਠ ਜਾਵਾਂ..?”

“ਨੇਕੀ ਔਰ ਪੂਛ ਪੂਛ...ਬੰਦਾ ਤੁਹਾਡੈ ਤੇ ਆਟੋ ਵੀ ਤੁਹਾਡਾ...ਦੇਰ ਨਾ ਕਰੋ...ਧੁੱਪ ਲੱਗ ਜਾਏਗੀ...ਫਿਰ ਕਹਿੰਦੇ ਫਿਰੋਗੇ...ਧੁੱਪ ਵਿਚ ਖੜੀ ਕਰਕੇ ਰੰਗ ਕਾਲਾ ਕਰ ਦਿੱਤਾ। ਨਾ ਬਈ ਨਾ ਅਸੀਂ ਇਹ ਨਹੀਂ ਸੁਣਨਾ। ਤੁਸੀਂ ਝਟ ਪਟ ਆ ਕੇ ਬਹਿ ਜਾਓ..” ਉਸ ਜੇਬ੍ਹ ਵਿਚੋਂ ਦਸ ਦਾ ਨੋਟ ਕੱਢ ਸੁਰਭੀ ਦੇ ਆਟੋ ਚਾਲਕ ਨੂੰ ਕੋਲ ਸੱਦਿਆ, “ਲੈ ਬਈ ਜਵਾਨਾ, ਤੂੰ ਆਰਾਮ ਨਾਲ ਆਪਣੀ ਗੱਡੀ ਠੀਕ ਕਰ...ਕੋਈ ਜਲਦੀ ਨਹੀਂ...।”

“ਗੱਲ ਚੰਗੀ ਬਣਾ ਲੈਂਦੇ ਹੋ, ਅਖੇ ਰੰਗ ਨਾ ਕਾਲਾ ਹੋ ਜਾਵੇ, ਏਨੀ ਸੋਹਲ ਵੀ ਨਹੀਂ ਕਿ ਮਾੜੀ ਮੋਟੀ ਧੁੱਪ ਸਹਿਨ ਨਾ ਕਰ ਸਕਾਂ।” ਸੁਮੇਸ਼ ਦੇ ਕੂਹਣੀ ਮਾਰਦਿਆਂ ਸੁਰਭੀ ਨੇ ਹੌਲੀ ਜਿਹੇ ਕਿਹਾ।

“ਓ ਨਹੀਂ ਜੀ, ਤੁਸੀ ਤਾਂ ਫੌਲਾਦ ਜਿਹੇ ਮਜ਼ਬੂਤ ਹੋ। ਪਰ ਕੀ ਹੈ ਨਾ ਮੈਡਮ ਜੀ, ਏਨੀ ਸਿਖਰ ਦੁਪਹਿਰੇ ਬਾਹਰ ਖੜ੍ਹੇ ਰਹਿਣ ਨਾਲ ਥੋੜ੍ਹਾ ਬਹੁਤ ਅਸਰ ਤਾਂ ਹੋਈ ਜਾਂਦਾ..ਇਸੇ ਲਈ ਕਹਿ ਰਿਹਾ ਸਾਂ..।”

“ਬਸ..ਬਸ...ਬਹੁਤ ਹੋ ਗਿਐ...ਕੋਈ ਹੋਰ ਗੱਲ ਕਰ।”

“ਕੀ ਗੱਲ ਕਰਾਂ ਮੈਡਮ ਜੀ, ਤੁਹਾਡਾ ਘਰ ਆਉਣ ਵਾਲਾ, ਤੁਸੀਂ ਫੜਕ ਕਰਕੇ ਉੱਤਰ ਜਾਣਾ, ਤੇ ਮੈਂ ਵਿਚਾਰਾ, ਕੁਝ ਨਾ ਪੁੱਛੋ ਜੀ..!”

"ਮੈਂ ਵਿਚਾਰਾ ਇਥੇ ਇਨ੍ਹਾਂ ਸੜਕਾਂ ਦੀ ਧੂੜ ਫੱਕ ਰਿਹਾ ਹੋਵਾਂਗਾ, ਗਲੀ-ਗਲੀ ਭਟਕਾਂਗਾ, ਕਿਧਰੇ ਢੋਈ ਨਹੀਂ ਮਿਲੇਗੀ, ਅਫਸੋਸ ਕਿੰਨੀ ਮਾੜੀ ਹਾਲਤ ਐ ਏਸ ਮਹਾਪੁਰਖ ਦੀ, ਚਲ ਕੋਈ ਨਹੀਂ, ਇੰਜ ਵੀ ਹੋ ਜਾਂਦਾ ਏ, ਬੱਚੂ ਜਿੰਨੇ ਮਰਜੀ ਖੇਖਣ ਕਰ ਲੈ, ਅਜ ਤੈਨੂੰ ਘਰ ਨਹੀਂ ਲੈ ਕੇ ਜਾਣਾ...ਨਹੀਂ ਲੈ ਕੇ ਜਾਣਾ..!" ਸੁਰਭੀ ਨੇ ਸਾਂਗ ਲਾਉਣ ਦੇ ਅੰਦਾਜ ਵਿਚ ਕਿਹਾ ਤਾਂ ਮੋਹਰੇ ਬੈਠੇ ਆਟੋ ਡਰਾਈਵਰ ਦਾ ਹਾਸਾ ਵੀ ਨਿਕਲ ਗਿਆ। ਘਰ ਨੇੜੇ ਆਉਣ 'ਤੇ ਸੁਰਭੀ ਨੇ ਆਟੋ ਰਿਕਸ਼ਾ ਵਾਲੇ ਨੂੰ ਰੁਕਣ ਦਾ ਇਸ਼ਾਰਾ ਕੀਤਾ ਤੇ ਫੁਰਤੀ ਨਾਲ ਹੇਠਾਂ ਉੱਤਰ... "ਬਾਏ ਮਾਈ ਡਿਅਰ...ਆਜ ਕੀ ਮੁਲਾਕਾਤ ਬਸ ਇਤਨੀ.." ਕਹਿੰਦੀ ਉਹ ਘਰ ਅੰਦਰ ਚਲੀ ਗਈ।

---0---

"ਹਾਏ, ਉਪਮਾ..!"

"ਓ ਹਾਏ...!"

"ਕੀ ਗੱਲ, ਇਕੱਲੀ ਬੈਠੀ ਏਂ...? ਸੁਰਭੀ ਕਿੱਥੇ ਹੈ..?" ਉਪਮਾ ਨੂੰ ਇਕੱਲੀ ਬੈਠੀ ਦੇਖ ਗੁੰਜਨ ਨੇ ਪੁੱਛਿਆ।

"ਗੁੰਜਨ, ਤੂੰ ਚੰਗੀ ਤਰ੍ਹਾਂ ਜਾਣਦੀ ਏਂ...ਉਹ ਅਜ ਕਲ੍ਹ ਆਪਣੀ ਦੁਨੀਆਂ ਵਿਚ ਮਸਤ ਹੈ...।"

"ਜਿੰਨੀ ਮਰਜੀ ਮਸਤ ਹੋਵੇ..ਪੁਰਾਣੀਆਂ ਸਹੇਲੀਆਂ ਦਾ ਖਿਆਲ ਤਾਂ ਰੱਖਣਾ ਈ ਚਾਹੀਦੈ.।"

"ਉਹ ਤਾਂ ਠੀਕ ਐ...ਪਰ ਇਸ ਦਿਲ ਦਾ ਕੋਈ ਕੀ ਕਰੇ" ਛਾਤੀ 'ਤੇ ਹੱਥ ਰਖਦਿਆਂ ਉਪਮਾ ਨੇ ਅੱਖ ਮਾਰੀ। ਦੋਵੇਂ ਸਹੇਲੀਆਂ ਹੱਸਣ ਲੱਗੀਆਂ।

"ਅਰੇ ਵਾਹ, ਅਜ ਤਾਂ ਇਥੇ ਹਾਸੇ ਦੀ ਛਹਿਬਰ ਲੱਗੀ ਹੋਈ ਐ, ਰੱਬ ਖੈਰ ਕਰੇ।" ਸੁਰਭੀ ਦੇ ਬੋਲਾਂ ਨੇ ਉਨ੍ਹਾਂ ਦੇ ਹਾਸਿਆਂ 'ਤੇ ਬਰੇਕ ਲਾ ਦਿੱਤੀ। ਦੋਵੇਂ ਉਹਦਾ ਮੂੰਹ ਦੇਖਣ ਲੱਗੀਆਂ। ਉਹਨਾਂ ਦੇ ਚਿਹਰੇ 'ਤੇ ਛਾਈ ਹੈਰਾਨੀ ਸਾਫ ਦਿਖਾਈ ਦੇ ਰਹੀ ਸੀ।

"ਤੂੰ ਕਿਥੋਂ ਟਪਕ ਪਈ ਏਂ...?" ਗੁੰਜਨ ਦੇ ਮੂੰਹੋਂ ਨਿਕਲਿਆ।

"ਬਸ ਇਥੋਂ ਈ। ਮੈਂ ਸੋਚਿਆ, ਮੇਰੀਆਂ ਚੁਗਲੀਆਂ ਹੋ ਰਹੀਆਂ ਹੋਣੀਆਂ, ਕਿਉਂ ਨਾ ਅੱਜ ਦੋਹਾਂ ਨੂੰ ਰੰਗੇ ਹੱਥੀਂ ਫੜ ਲਵਾਂ" ਏਨਾ ਕਹਿ ਸੁਰਭੀ ਜੋਰ ਜੋਰ ਨਾਲ ਹੱਸਣ ਲੱਗ ਪਈ। ਦੋਹਾਂ ਨੂੰ ਚੁਪ ਦੇਖ "ਹੁਣ ਹਾਸੇ ਵਿਚ ਮੇਰਾ ਸਾਥ ਤਾਂ ਦੇਵੋ" ਉਸ਼ਮਾ ਦੀ ਗਲ੍ਹ 'ਤੇ ਚੂੰਡੀ ਵੱਢਦਿਆਂ ਸੁਰਭੀ ਹੋਰ ਵੀ ਜੋਰ ਨਾਲ ਹੱਸਣ ਲੱਗੀ।

"ਊਈ ਮੈਂ ਮਰ ਗਈ" ਚੂੰਡੀ ਦਾ ਦਰਦ ਨਾ ਸਹਾਰਦਿਆਂ ਉਸ਼ਮਾ ਚੀਕੀ ਤੇ ਉਹਦੇ ਵੱਲ ਦੇਖ ਗੁੰਜਨ ਦਾ ਹਾਸਾ ਵੀ ਨਿਕਲ ਗਿਆ।

"ਹੁਣ ਦੱਸ, 'ਇਸ ਦਿਲ ਦਾ ਕੋਈ ਕੀ ਕਰੇ...' ਸੁਰਭੀ ਨੇ ਵਿਅੰਗ ਬਾਣ ਛੱਡਿਆ।

"ਕਰਨਾ ਕੀ ਐ...ਗੱਲ ਨਾਲ ਲਾ ਉਸ ਨੂੰ...।" ਉਸ਼ਮਾ ਨੇ ਜਵਾਬੀ ਬਾਣ ਛੱਡਿਆ।

"ਜੇ ਕਹਾਂ, ਮੈਂ ਹਿੱਕ ਨਾਲ ਲਾ ਲਿਐ...ਤੈਨੂੰ ਕੋਈ ਇਤਰਾਜ ਤਾਂ ਨਹੀਂ...?" ਤਿਰਛੀ ਨਜ਼ਰ ਨਾਲ ਦੇਖਦਿਆਂ ਸੁਰਭੀ ਹੱਸੀ।

"ਕੋਈ ਇਤਰਾਜ ਨਹੀਂ ਮਾਈ ਬਾਪ...ਪਰ ਤੁਹਾਡੇ ਪ੍ਰੀਤ ਰੰਗ ਵਿਚ ਕਿਧਰੇ ਸਾਡੇ ਚਿਹਰੇ ਧੁੰਧਲੇ ਨਾ ਪੈ ਜਾਣ...ਬਸ ਇਹੋ ਚਿੰਤਾ ਸਾਂਝੀਆਂ ਕਰਦੀਆਂ ਤੈਨੂੰ ਯਾਦ ਤੇ ਯਾਦ ਕਰਦੀਆਂ ਜਾ ਰਹੀਆਂ ਸੀ ਕਿ ਤੂੰ ਏਸ ਤਰ੍ਹਾਂ ਅਚਾਨਕ ਬਹੁੜ ਗਈ" ਉਪਮਾ ਨੇ ਗੱਲ ਸਾਫ ਕੀਤੀ।

"ਉਹ ਤਾਂ ਮੈਨੂੰ ਪਤੈ..ਆਪਣੀਆਂ ਪੱਕੀਆਂ ਸਹੇਲੀਆਂ ਨੂੰ ਮਨੋ ਵਿਸਾਰਨਾ ਤਾਂ ਦੂਰ ਇਕ ਛਿਣ ਲਈ ਵੀ ਭੁਲਾ ਨਹੀਂ ਸਕਦੀ।" ਸੁਰਭੀ ਨੂੰ ਜਜ਼ਬਾਤਾਂ ਦੇ ਵਹਿਣ ਵਿਚ ਵਹਿੰਦੀ ਦੇਖ ਗੁੰਜਨ ਬੋਲ ਪਈ... "ਨਾ ਬਈ ਨਾ...ਏਦਾਂ

ਨਹੀਂ...ਹਰਗਿਜ ਨਹੀਂ...ਪਿਆਰ ਮਾਨਣ ਦੀ ਚੀਜ ਐ..ਇਕ ਦੂਜੇ ਦੀ ਖੁਸ਼ੀ ਗ਼ਮੀ ਸਾਂਝਿਆਂ ਕਰਨ ਦਾ ਪਵਿੱਤਰ ਵਸੀਲਾ ਏ...ਭਾਗਾਂ ਵਾਲੀ ਏਂ ਤੂੰ...ਤੈਨੂੰ ਤੇਰਾ ਪਿਆਰ ਮੁਬਾਰਕ...ਅਸੀਂ ਤਾਂ ਬਸ ਹੱਸ ਖੇਡ ਰਹੀਆਂ ਸਾਂ ਤੇ ਉਹ ਵੀ ਤੇਰੇ ਬਹਾਨੇ।"

"ਤੁਸੀਂ ਹੱਸ ਖੇਡ ਲੈਂਦੀਆਂ ਹੋ ਤੇ ਉਹ ਵੀ ਮੇਰੇ ਬਹਾਨੇ.. ਮੇਰੇ ਲਈ ਏਸ ਤੋਂ ਚੰਗੀ ਗੱਲ ਹੋਰ ਕਿਹੜੀ ਹੋ ਸਕਦੀ ਹੈ। ਚਲੋ, ਕੈਨਟੀਨ ਵਿਚ ਰਤੀ ਬਹਿ ਕੇ ਚਾਹ ਪੀਂਦੇ ਹਾਂ।"

ਤਿੰਨੇ ਸਹੇਲੀਆਂ ਕੈਂਟੀਨ ਵੱਲ ਚਲੀਆਂ ਗਈਆਂ। ਇਕ ਮੇਜ ਦੁਆਲੇ ਜੁੜ ਕੇ ਬਹਿੰਦਿਆਂ ਉਪਮਾ ਨੇ ਮੋਹ ਭਿੰਨੀਆਂ ਨਜ਼ਰਾਂ ਨਾਲ ਸੁਰਭੀ ਨੂੰ ਦੇਖਿਆ, "ਮੇਰੀ ਪਿਆਰੀ ਬਹਿਨਾ, ਜ਼ਰਾ ਆਪਣੇ ਇਸ਼ਕ ਦੀ ਦਾਸਤਾਨ ਤਾਂ ਸੁਣਾ, ਇਹ ਕਦੋਂ ਤੇ ਕਿੱਥੇ ਸ਼ੁਰੂ ਹੋਇਆ ਤਾਂ ਜੋ ਅਸੀਂ ਵੀ ਇਸ ਤੋਂ ਕੁਝ ਸਬਕ ਸਿੱਖ ਕੇ ਲੋੜ ਪੈਣ ਤੇ ਇਸ ਰਸਤੇ ਚਲ ਸਕੀਏ..!"

"ਰਸਤੇ ਸਾਰਿਆਂ ਦੇ ਆਪੋ ਆਪਣੇ ਹੁੰਦੇ ਨੇ। ਤੂੰ ਚੱਲਣ ਵਾਲੀ ਬਣ ਰਸਤਾ ਆਪੇ ਬਣ ਜਾਵੇਗਾ..।" ਸੁਰਭੀ ਨੇ ਹਸਦਿਆਂ ਉਹਦੀ ਗਲ੍ਹ 'ਤੇ ਚੂੰਡੀ ਵੱਢੀ।

"ਹਾਏ ਮੈਂ ਮਰ ਗਈ। ਜਦ ਦਾ ਇਹਦੇ ਸਿਰ 'ਤੇ ਇਸ਼ਕ ਦਾ ਭੂਤ ਸਵਾਰ ਹੋਇਆ ਇਹ ਗੱਲ ਗੱਲ 'ਤੇ ਚੂੰਡੀਆਂ ਵੱਢਣ ਲਗ ਪਈ ਐ। ਮੇਰੀ ਸੱਜੀ ਗਲ੍ਹ ਸੁੱਜੀ ਪਈ ਐ।" ਉਪਮਾ ਨੇ ਰੋਸੇ ਨਾਲ ਕਿਹਾ।

"ਚਲ ਕੋਈ ਨਾ। ਗਲ੍ਹ ਘਰ ਜਾ ਕੇ ਸੇਕ ਲਈਂ। ਹਾਲ ਦੀ ਘੜੀ ਇਹਦੀ ਪ੍ਰੇਮ ਕਹਾਣੀ ਸੁਣ ਲੈ।" ਗੁੰਜਨ ਨੇ ਉਹਨੂੰ ਤਸੱਲੀ ਦਿੱਤੀ।

"ਲਓ, ਸੁਣ ਲਵੋ, ਮੇਰੇ ਇਸ਼ਕ ਦੀ ਦਾਸਤਾਨ! ਇਹ ਉਨ੍ਹਾਂ ਦਿਨਾਂ ਦੀ ਗੱਲ ਹੈ ਜਦ ਮੈਂ ਕਾਲਜ ਵਿਚ ਪੜ੍ਹਦੀ ਸੀ। ਬਰਸਾਤਾਂ ਦੇ ਦਿਨ ਸਨ। ਇਕ ਦਿਨ ਮੈਂ ਕਾਲਜ ਵਿਚੋਂ ਨਿਕਲੀ ਹੀ ਸੀ ਕਿ ਮੀਂਹ ਪੈਣਾ ਸ਼ੁਰੂ ਹੋ ਗਿਆ। ਸੜਕ 'ਤੇ ਸੁੰਨਮ ਸਾਨ, ਕੋਈ ਆਟੋ ਜਾਂ ਕਾਰ ਦਿਖਾਈ ਨਹੀਂ ਦਿੱਤੀ। ਇਸੇ ਸੋਚ ਵਿਚ ਸਾਂ ਕਿ ਘਰ ਕਿਵੇਂ ਅਪੜਾਂਗੀ ਕਿਉਂਕਿ ਮੇਰੇ ਨਾਲ ਦੀਆਂ ਸਹੇਲੀਆਂ ਤੇ ਦੋਸਤ ਜਾ ਚੁੱਕੇ ਸਨ। ਇਸੇ ਸਮੇਂ ਇਕ ਕਾਰ ਆਪਣੇ ਵੱਲ ਆਉਂਦੀ ਦਿਸੀ ਤਾਂ ਮੇਰੀ ਜਾਨ ਵਿਚ ਜਾਨ ਆਈ। ਸੋਚਿਆ, ਕੋਈ ਭਲਾ ਬੰਦਾ ਹੋਵੇਗਾ ਤਾਂ ਜਰੂਰ ਇਸ ਹਾਲਤ ਵਿਚ ਮੇਰੀ ਮਦਦ ਕਰੇਗਾ। ਕਾਰ ਮੇਰੇ ਸਾਹਮਣੇ ਆ ਕੇ ਰੁਕੀ। "ਤੁਸੀਂ ਇਥੇ ਕਿਉਂ ਖੜ੍ਹੇ ਹੋ, ਬੈਠੋ, ਤੁਸੀਂ ਜਿਥੇ ਜਾਣੈ, ਮੈਂ ਛੱਡ ਦੇਵਾਂਗਾ।" ਮੈਂ ਝਟ ਪਟ ਕਾਰ ਵਿਚ ਬਹਿ ਗਈ। ਬਾਅਦ ਵਿਚ ਪਤਾ ਲੱਗਾ ਕਿ ਕਾਰ ਵਾਲਾ ਨੌਜਵਾਨ ਮੈਨੂੰ, ਮੇਰੇ ਪਾਪਾ ਤੇ ਮੇਰੇ ਪਰਿਵਾਰ ਦੇ ਦੂਜੇ ਮੈਂਬਰਾਂ ਨੂੰ ਜਾਣਦਾ ਸੀ। ਉਹ ਸਾਡੇ ਨੇੜਲੇ ਘਰਾਂ ਵਿਚ ਰਹਿਣ ਵਾਲੇ ਇਕ ਰਈਸ ਦਾ ਇਕਲੌਤਾ ਬੇਟਾ ਸੀ।

ਸਾਡੀ ਦੋਸਤੀ ਹੋਈ। ਦੋਸਤੀ ਵੱਧਦੀ ਚਲੀ ਗਈ। ਅਸੀਂ ਇਕ ਦੂਜੇ ਨੂੰ ਚਾਹੁਣ ਲੱਗੇ। ਸਾਡੀਆਂ ਮੁਲਾਕਾਤਾਂ ਆਨੇ-ਬਹਾਨੇ ਹੋਣ ਲੱਗੀਆਂ। ਉਹ ਮੈਨੂੰ ਹਰ ਤਰ੍ਹਾਂ ਇਮਪ੍ਰੈਸ ਕਰਦਾ ਗਿਆ ਤੇ ਮੈਂ ਇਮਪ੍ਰੈਸ ਹੁੰਦੀ ਗਈ। ਇਕ ਦਿਨ ਕਹਿਣ ਲੱਗਾ... "ਸੁਰਭੀ, ਤੇਰੇ ਵਿਚ ਟੇਲੈਂਟ ਹੈ। ਤੂੰ ਮਾਡਲਿੰਗ ਜਾਂ ਟੀ ਵੀ ਸੀਰੀਅਲਾਂ ਲਈ ਟਰਾਈ ਕਿਉਂ ਨਹੀਂ ਕਰਦੀ?" "ਕੌਣ ਮੈਨੂੰ ਨੇੜੇ ਢੁਕਣ ਦੇਵੇਗਾ...ਇਹ ਕੰਮ ਮੈਥੋਂ ਨਹੀਂ ਹੋਣਾ।" ਮੈਂ ਸਾਫ ਨਾਂਹ ਕਰ ਦਿੱਤੀ। ਉਂਜ ਇਹੋ ਜਿਹਾ ਕੁਝ ਬਣਨ ਦੀ ਮੇਰੀ ਚਾਹ ਵੀ ਨਹੀਂ ਸੀ। ਪਰ ਉਹ ਮੇਰੇ ਪਿਛੇ ਪਿਆ ਰਿਹਾ। ਉਹ ਮੈਨੂੰ ਇਕ ਦਿਨ ਸਾਡੇ ਮੁਹੱਲੇ ਦੇ ਬਹੁਤ ਸਨਮਾਨਤ ਬਜੁਰਗ ਦੇ ਘਰ ਲੈ ਗਿਆ। ਉਨ੍ਹਾਂ ਮੈਨੂੰ ਬਹੁਤ ਪਿਆਰ ਕੀਤਾ ਤੇ ਨੌਜਵਾਨ ਦੇ ਆਖੇ ਲੱਗ ਆਪਣਾ ਤੇ ਆਪਣੇ ਪਰਿਵਾਰ ਦਾ ਭਵਿੱਖ ਸਵਾਰਨ ਦੀ ਪ੍ਰੇਰਣਾ ਦਿੱਤੀ।

ਇਹੋ ਜਿਹੀਆਂ ਗੱਲਾਂ ਉਹ ਮੇਰੇ ਹੋਰ ਨੇੜੇ ਆਉਣ ਲਈ ਕਰਦਾ ਸੀ। ਨਾ ਉਹਦਾ ਕੋਈ ਵਾਕਫ ਸੀ ਤੇ ਨਾ ਉਹਨੂੰ ਮਾਡਲਿੰਗ ਬਾਰੇ ਕੋਈ ਜਾਣਕਾਰੀ ਸੀ। ਹੋਰ ਤਾਂ ਹੋਰ ਉਸ ਜਿਹੜੇ ਬਜੁਰਗ ਨਾਲ ਮੈਨੂੰ ਮਿਲਾਇਆ ਸੀ, ਉਹ ਕੇਵਲ ਤੇ ਕੇਵਲ ਉਹਦਾ ਸ਼ੁਭ ਚਿੰਤਕ ਸੀ। ਉਨ੍ਹਾਂ ਸੱਚੇ ਦਿਲੋਂ ਮੈਨੂੰ ਅਸ਼ੀਰਵਾਦ ਦਿੱਤੀ ਸੀ। ਉਨ੍ਹਾਂ ਦਾ ਕੋਈ ਸਵਾਰਥ ਨਹੀਂ ਸੀ।

ਇਸ ਗੱਲ ਨੇ ਮੈਨੂੰ ਉਹਦੇ ਹੋਰ ਨੇੜੇ ਲੈ ਆਂਦਾ।" ਸੁਰਭੀ ਦੀ ਪ੍ਰੇਮ ਕਹਾਣੀ ਸੁਣਦਿਆਂ ਚੋਖਾ ਸਮਾਂ ਹੋ ਗਿਆ ਸੀ। ਤਿੰਨੇ ਸਹੇਲੀਆਂ ਇਕ ਦੂਜੀ ਤੋਂ ਵਿਦਾ ਲੈ ਕੇ ਘਰੀਂ ਤੁਰ ਗਈਆਂ।

---0---

"ਤੇਰੇ ਨਾਲ ਇਕ ਗੱਲ ਕਰਨੀ ਹੈ। ਕਈ ਦਿਨਾਂ ਤੋਂ ਸੋਚਦੀ ਪਈ ਸੀ ਕਿ ਕਰਾਂ ਜਾਂ ਨਾ ਕਰਾਂ। ਪਰ ਹੁਣ ਰਿਹਾ ਵੀ ਨਹੀਂ ਜਾਂਦਾ।" ਉਪਮਾ ਨੇ ਕੁਝ ਸੰਕੋਚ ਕਰਦਿਆਂ ਗੱਲ ਸ਼ੁਰੂ ਕੀਤੀ।

"ਕਰ ਨਾ ਫੇਰ..!" ਗੁੰਜਨ ਬੋਲੀ।

"ਪਤਾ ਨਹੀਂ ਤੈਨੂੰ ਚੰਗਾ ਲੱਗੇ ਜਾਂ ਨਾ ਲੱਗੇ।"

"ਫੇਰ ਉਹੋ ਗੱਲ...ਤੂੰ ਨਿਸੰਗ ਹੋ ਕੇ ਦਸ, ਕੀ ਕਹਿਣਾ ਚਾਹੁੰਦੀ ਏਂ..?" ਗੁੰਜਨ ਦੇ ਬੋਲਾਂ ਵਿਚ ਦ੍ਰਿੜ੍ਹਤਾ ਸੀ।

"ਉਹੀ ਸੁਰਭੀ ਤੇ ਸੁਮੇਸ਼ ਵਾਲੀ ਗੱਲ ਐ..ਪਹਿਲਾਂ ਤਾਂ ਇਹ ਦੋਵੇਂ ਦੋਸਤ ਸਨ। ਰਾਹ ਵਿਚ ਟਾਕਰਾ ਹੋ ਜਾਣ 'ਤੇ ਇਕ ਦੂਜੇ ਨੂੰ ਮਿਲਦੇ ਤੇ ਕੁਝ ਦੇਰ ਖਲੋ ਕੇ ਜਾਂ ਕਿਧਰੇ ਬਹਿ ਕੇ ਗੱਲ ਕਰਦੇ ਸਨ ਪਰ ਹੁਣ...।" ਉਸ਼ਮਾ ਨੇ ਦਿਲ ਦੀ ਗੱਲ ਕਹੀ।

"ਪਰ ਹੁਣ...? ਕੁਝ ਹੋ ਤਾਂ ਨਹੀਂ ਗਿਆ...?" ਗੁੰਜਨ ਨੇ ਚਿੰਤਤ ਹੁੰਦਿਆਂ ਪੁਛਿਆ।

"ਹੁਣ ਗੱਲ ਬਹੁਤ ਅੱਗੇ ਲੰਘ ਗਈ ਐ...ਰਾਹ ਵਿਚ ਹੀ ਨਹੀਂ ਮਿਲਦੇ ਸਗੋਂ ਪਾਰਕਾਂ, ਰੈਸਟੋਰੈਂਟਾਂ ਤੇ ਸਿਨਮਾ ਘਰਾਂ ਵਿਚ ਵੀ ਉਨ੍ਹਾਂ ਦਾ ਮੇਲ ਜੋਲ ਆਮ ਹੁੰਦਾ ਰਹਿੰਦਾ ਏ।" ਉਸ਼ਮਾ ਨੇ ਗੱਲ ਖੋਲ੍ਹੀ।

"ਬਸ ਇਹੀ ਗੱਲ ਸੀ..?" ਅੱਗੋਂ ਗੁੰਜਨ ਨੇ ਪੁੱਛਿਆ।

"ਇਸ ਸਮੇਂ ਤਾਂ ਇਹੀ ਗੱਲ ਹੈ। ਕਲ੍ਹ ਦਾ ਪਤਾ ਨਹੀਂ। ਦੋਵੇਂ ਕਿਹੋ ਜਿਹੀ ਕੜ੍ਹੀ ਘੋਲਦੇ ਹਨ।" ਉਸ਼ਮਾ ਨੇ ਸਹਿਜ ਹੁੰਦਿਆਂ ਕਿਹਾ।

"ਪਹਿਲੀ ਗੱਲ ਤਾਂ ਇਹ, ਮੈਂ ਇਸ ਬਾਰੇ ਚਿਰੋਕਣਾ ਜਾਣਦੀ ਆਂ। ਉਨ੍ਹਾਂ ਨੂੰ ਤਾਲ ਕਟੋਰਾ ਗਾਰਡਨ ਵਿਚ ਬੈਠਿਆਂ ਵੀ ਦੇਖਿਆ ਹੈ ਤੇ ਰੈਸਟੋਰੈਂਟ ਵਿਚ ਚਾਹ ਪੀਂਦਿਆਂ ਵੀ ਤੱਕ ਚੁੱਕੀ ਹਾਂ। ਇਹ ਕਿਹੜਾ ਜਗੋਂ ਬਾਹਰੀ ਗੱਲ ਐ। ਸਾਰੇ ਜੋੜੇ ਘੁੰਮਦੇ ਹਨ ਤੇ ਜੇ ਇਹ ਘੁੰਮ ਲੈਣ ਤਾਂ ਆਖਰ ਕੀ ਆ ਗਈ।" ਗੁੰਜਨ ਨੇ ਥੋੜ੍ਹਾ ਉੱਚੇ ਸੁਰ ਵਿਚ ਕਿਹਾ।

"ਮੇਰੀ ਗੱਲ ਖਤਮ ਨਹੀਂ ਹੋਈ। ਉਹ ਬਹੁਤ ਅੱਗੇ ਵੱਧ ਚੁੱਕੇ ਹਨ। ਸੁਮੇਸ਼ ਦੂਜੇ-ਤੀਜੇ ਦਿਨ ਸੁਰਭੀ ਦੇ ਘਰ ਜਾਂਦਾ ਹੈ। ਦੋਵੇਂ ਘੰਟਿਆਂ ਬੱਧੀ ਇਕੱਠੇ ਰਹਿੰਦੇ ਹਨ।" ਉਸ਼ਮਾ ਅੱਗੇ ਦੀ ਗੱਲ ਦੱਸਣ ਲੱਗੀ।

"ਸੁਰਭੀ ਦੇ ਪਿਤਾ ਬੀਮਾਰ ਰਹਿੰਦੇ ਹਨ। ਸੁਮੇਸ਼ ਆਕੂਪ੍ਰੈਸ਼ਰ ਦਾ ਕੰਮ ਜਾਣਦਾ। ਉਨ੍ਹਾਂ ਦੀ ਸੇਵਾ ਕਰਨ ਹਿਤ ਉਥੇ ਜਾਂਦਾ ਈ ਰਹਿੰਦਾ। ਘਰ ਵਿਚ ਮੁੰਡਾ ਨਹੀਂ। ਹੋਰ ਵੀ ਕਈ ਛੋਟੇ-ਵੱਡੇ ਕੰਮ ਹੁੰਦੇ ਹਨ। ਇਕ ਗੱਲ ਹੋਰ ਸੁਰਭੀ ਦੇ ਪਿਤਾ ਕਿਸੇ ਸਮੇਂ ਸਾਡੇ ਕਾਲਜ ਦੇ ਪ੍ਰੋਫੈਸਰ ਹੁੰਦੇ ਸਨ। ਸੁਮੇਸ਼ ਉਨ੍ਹਾਂ ਦਾ ਵਿਦਿਆਰਥੀ ਹੈ। ਕਾਲਜ ਦੇ ਦਿਨਾਂ ਤੋਂ ਹੀ ਪ੍ਰੋਫੈਸਰ ਸਾਹਿਬ ਦਾ ਭਗਤ ਰਿਹੈ। ਇਸ ਲਈ ਵੀ ਉਸ ਦਾ ਉਨ੍ਹਾਂ ਦੇ ਘਰ ਆਉਣਾ-ਜਾਣਾ ਬਣਿਆ ਰਹਿੰਦਾ।" ਗੁੰਜਨ ਨੇ ਉਨ੍ਹਾਂ ਦੇ ਸਬੰਧਾਂ ਦੀ ਪੁਰਾਣੀ ਕੰਨੀ ਖੋਲ੍ਹਦਿਆਂ ਥੋੜ੍ਹਾ ਵਿਸਥਾਰ ਨਾਲ ਦਸਿਆ।

"ਪਰ ਜਵਾਨ ਮੁੰਡੇ ਕੁੜੀ ਦਾ ਇਸ ਤਰ੍ਹਾਂ...।" ਉਸ਼ਮਾ ਬੁਦਬੁਦਾਈ।

"ਕਿਹੜੇ ਜ਼ਮਾਨਿਆਂ ਦੀ ਗੱਲ ਕਰਦੀ ਏਂ...? ਦੂਜੀ ਗੱਲ, ਉਹ ਹੁਣ ਜਵਾਨ ਨਹੀਂ ਰਹੇ। ਸੁਰਭੀ ਨੇ ਵਿਆਹ ਨਹੀਂ ਕਰਾਇਆ। ਇਕ ਅੱਧ ਵਾਰ ਮੈਂ ਪੁਛਿਆ ਵੀ ਤਾਂ ਉਸ ਕਿਹਾ ਕਿ ਮਨ ਨਹੀਂ ਮੰਨਦਾ। ਖੈਰ, ਇਹ ਉਸਦਾ ਆਪਣਾ ਮਸਲਾ। ਸੁਮੇਸ਼ ਘਰੋਂ ਰੱਜਿਆ-ਪੁੱਜਿਆ ਹੈ, ਉਹਨੂੰ ਕਿਹੜਾ ਕੁੜੀਆਂ ਦਾ ਘਾਟਾ। ਉਹ ਹਾਂ ਕਰੇ ਸਹੀ। ਤੇ ਨਾਲੇ ਬੱਲੀਏ ਇਹ ਤਾਂ ਦਿਲ ਮਿਲੇ ਦੇ ਸੌਦੇ ਹੁੰਦੇ ਨੇ।" ਗੁੰਜਨ ਨੇ ਗੱਲ ਖਤਮ ਕਰਨ ਦੀ ਨੀਤ ਨਾਲ ਕਿਹਾ।

"ਇਹ ਉਮਰ ਕੰਮ ਕਰਨ ਦੀ ਹੁੰਦੀ ਏ। ਸੁਰਭੀ ਕੋਲ ਪਿਉ ਦੀ ਜਾਇਦਾਦ ਹੈ, ਪੱਲੇ ਪੈਸਾ ਵੀ ਹੈ, ਉਹ ਕੁਝ ਨਾ ਕਰੇ ਤਾਂ ਵੀ ਕੱਟ ਲਵੇਗੀ।" ਉਪਮਾ ਕਿਸੇ ਹੋਰ ਚੈਨਲ ਤੋਂ ਬੋਲ ਰਹੀ ਸੀ।

"ਭੁੱਖਾ ਨੰਗਾ ਤਾਂ ਉਹ ਵੀ ਨਹੀਂ।" ਗੁੰਜਨ ਦਾ ਤਿੱਖ ਸੁਰ ਸੁਣਾਈ ਦਿੰਦਾ ਹੈ।

ਉਸ਼ਮਾ ਦੇ ਕਿੰਤੂ-ਪਰੰਤੂ ਖਤਮ ਨਹੀਂ ਹੋਏ। ਉਸ ਤਲਖ ਹੁੰਦਿਆਂ ਕਿਹਾ, "ਸੁਮੇਸ਼ ਉਨ੍ਹਾਂ ਦੇ ਘਰ ਬੈਠਾ ਰਹਿੰਦੈ, ਰੋਟੀ ਟੁਕ ਉਹ ਦੇ ਛੱਡਦੇ ਨੇ, ਇਸ ਤਰ੍ਹਾਂ ਮੁਫਤਖੋਰੇ ਬਣਕੇ ਵੀ ਜਿੰਦਗੀ ਨਿਕਲਦੀ ਹੈ..?"

"ਕੌਣ ਦਾਤਾ ਤੇ ਕੌਣ ਮੁਫ਼ਤਖ਼ੋਰਾ...ਕਹਿਣਾ ਮੁਸ਼ਕਲ ਹੈ। ਅਸੀਂ ਜੋ ਕੁਝ ਉਪਰਲੀ ਨਜ਼ਰ ਨਾਲ ਦੇਖਦੇ ਹਾਂ, ਜਰੂਰੀ ਨਹੀਂ ਉਹ ਸੱਚ ਹੋਵੇ। ਤੇਰੀ ਨਜ਼ਰ ਵਿਚ ਉਹ ਮੁਫ਼ਤਖ਼ੋਰਾ ਈ ਸਹੀ, ਪਰ ਉਹਨੂੰ ਕਿਸੇ ਚੀਜ ਦੀ ਮੁਥਾਜੀ ਵੀ ਤਾਂ ਨਹੀਂ। ਪੰਜਾਹ ਕੰਮ ਸਵਾਰਦਾ ਹੈ ਉਨ੍ਹਾਂ ਦੇ...ਪ੍ਰੋਫੈਸਰ ਸਾਹਿਬ ਦੀ ਹਰ ਨਿੱਕੀ-ਵੱਡੀ ਲੋੜ ਦਾ ਖਿਆਲ ਰੱਖਦਾ ਹੈ..ਏਨਾ ਖ਼ਿਆਲ ਤਾਂ ਸਕੇ ਪੁੱਤਰ ਵੀ ਨਹੀਂ ਰਖਦੇ।" ਗੁੰਜਨ ਨੇ ਵੀ ਉਸੇ ਤਲਖੀ ਵਿਚ ਜਵਾਬ ਦਿੱਤਾ।

"ਤੂੰ ਜੋ ਮਰਜੀ ਕਹਿ, ਪਰ ਮੇਰੀਆਂ ਨਜ਼ਰਾਂ ਵਿਚ ਉਹ ਮੁਫ਼ਤਖ਼ੋਰਾ ਹੈ ਮੁਫ਼ਤਖ਼ੋਰਾ...!" ਉਪਮਾ 'ਮੈਂ ਨਾ ਮਾਨੂੰ' ਵਾਲਾ ਆਪਣਾ ਹੱਠ ਕਿੱਥੇ ਛੱਡਣ ਵਾਲੀ ਸੀ।

"ਇਹ ਤੇਰੀ ਵਧੀਕੀ ਹੈ...ਨਿਰਾ ਧੱਕਾ...ਮੈਂ ਨਹੀਂ ਮੰਨਦੀ।" ਗੁੰਜਨ ਆਪਣੀ ਗੱਲ ਤੇ ਦ੍ਰਿੜ੍ਹ ਰਹਿੰਦਿਆਂ ਜੋਰ ਨਾਲ ਕਿਹਾ।

ਸੁਮੇਸ਼ ਤੇ ਸੁਰਭੀ ਨੂੰ ਲੈ ਕੇ ਦੋਹਾਂ ਸਹੇਲੀਆਂ ਵਿਚ ਚਲ ਰਹੀ ਬਹਿਸ ਖਤਮ ਹੋਣ ਦਾ ਨਾਂਅ ਨਹੀਂ ਲੈ ਰਹੀ ਸੀ। ਪਰ ਸਮੇਂ ਦੀ ਆਪਣੀ ਹੱਦ ਹੁੰਦੀ ਹੈ। ਬਹੁਤੀ ਦੇਰ ਹੋ ਜਾਣ ਤੇ ਦੋਹਾਂ ਚਲਦੀ ਬਹਿਸ ਵਿਚੇ ਛੱਡ ਦਿੱਤੀ ਤੇ ਉਥੋਂ ਤੁਰ ਗਈਆਂ।

---0---

ਘਰ ਵਿਚ ਖੁਸ਼ੀਆਂ ਹੀ ਖੁਸ਼ੀਆਂ ਸਨ, ਚਾਰੇ ਪਾਸੇ ਖੇੜਾ ਪੱਸਰਿਆ ਹੋਇਆ ਸੀ। ਸੁਰਭੀ ਦਾ ਜਨਮ ਦਿਨ ਸੀ। ਸਭ ਨਾਲ ਮਿਲ ਬੈਠਣ ਦਾ ਬਹਾਨਾ। ਇਕ ਨਿੱਕੀ ਜਿਹੀ ਸ਼ਾਨਦਾਰ ਪਾਰਟੀ ਕੀਤੀ ਗਈ। ਪਾਰਟੀ ਦਾ ਸਾਰਾ ਪ੍ਰਬੰਧ ਸੁਮੇਸ਼ ਨੇ ਕੀਤਾ ਸੀ, ਇਸ ਲਈ ਪਾਰਟੀ ਵਧੀਆਂ ਹੀ ਹੋਣੀ ਸੀ। ਉਪਮਾ, ਗੁੰਜਨਾ ਤੇ ਦੂਜੀਆਂ ਸਹੇਲੀਆਂ ਹੁਮ ਹੁਮਾ ਕੇ ਪੁੱਜੀਆਂ ਸਨ। ਸਾਰੀਆਂ ਜਣੀਆਂ ਉਥੋਂ ਦੀ ਠਾਠ ਤੇ ਸ਼ਾਨ ਦੇਖ ਦੰਗ ਰਹਿ ਗਈਆਂ। ਉਹ ਖੁਲ੍ਹ ਕੇ ਹੱਸੀਆਂ, ਖੁਲ੍ਹ ਕੇ ਬੋਲੀਆਂ, ਉਨ੍ਹਾਂ ਵਲੋਂ ਗੱਲ ਗੱਲ 'ਤੇ ਠਹਾਕੇ ਲਾਏ ਗਏ। ਵਾਤਾਵਰਣ ਵਿਚ ਰੰਗੀਨੀ ਸੀ। ਉਸ਼ਮਾ ਦੇ ਦਿਲ ਵਿਚ ਸੁਮੇਸ਼ ਪ੍ਰਤੀ ਜਿਹੜੀ ਕੁੜਿੱਤਣ ਸੀ, ਉਹ ਪਤਾ ਨਹੀਂ ਕਦ ਨਿੱਘੇ ਪਿਆਰ ਵਿਚ ਬਦਲ ਗਈ। ਸੁਮੇਸ਼ ਨੂੰ ਦੇਖਦਿਆਂ ਈ ਉਹ ਧਾ ਕੇ ਮਿਲੀ। ਉਸ ਦੀ ਸੋਚਣੀ, ਉਸ ਦੀ ਤੱਕਣੀ ਬਦਲ ਗਈ। ਕਲ੍ਹ ਤਕ ਮੁਫ਼ਤਖ਼ੋਰਾ ਲੱਗਣ ਵਾਲਾ ਬੰਦਾ ਅਜ ਉਸ ਨੂੰ ਕਿਸੇ ਬਾਦਸ਼ਾਹ ਤੋਂ ਘੱਟ ਨਹੀਂ ਲੱਗ ਰਿਹਾ ਸੀ। ਇਸ ਬਦਲਾਅ ਦਾ ਸਬਬ...? ਬਸ ਜੀ, ਦਿਲਾਂ ਦੀਆਂ ਗੱਲਾਂ ਨੇ। ਇਥੇ ਤਰਕ ਸ਼ਾਸਤਰ ਦਾ ਕੀ ਕੰਮ। ਸੁਰਭੀ ਦਾ ਵਾਰ ਵਾਰ ਸੁਮੇਸ਼ ਨਾਲ ਚਿੰਬੜਣਾ, ਉਹਨਾਂ ਦਾ ਇਕ ਦੂਜੇ ਨੂੰ ਘੁੱਟਣਾ, ਕਿਸੇ ਨੂੰ ਚੁੱਭ ਨਹੀਂ ਰਿਹਾ ਸੀ। ਸਗੋਂ ਕਈਆਂ ਦੇ ਮਨਾਂ ਅੰਦਰ ਇਹ ਵਿਚਾਰ ਵਾਰ ਵਾਰ ਆ ਰਿਹਾ ਸੀ, ਕਾਸ਼ ! ਸਾਡਾ ਵੀ ਕੋਈ ਮਿੱਤਰ ਹੁੰਦਾ।

ਸਭ ਨੇ ਰੱਜ ਕੇ ਆਨੰਦ ਮਾਣਿਆ। ਸਮਾਂ ਬਹੁਤਾ ਹੋਇਆ ਤਾਂ ਇਕ ਇਕ ਕਰਕੇ ਵਿਦਾ ਲੈਣ ਲੱਗੇ। ਉਸ਼ਮਾ ਕੁਝ ਥੱਕ ਜਿਹੀ ਗਈ। ਉਸ ਨੂੰ ਥੋੜ੍ਹੀ ਰੈਸਟ ਦੀ ਲੋੜ ਸੀ। ਪਾਰਟੀ ਚਲ ਰਹੀ ਸੀ। ਉਹ ਆਪਣੀ ਥਾਂ ਤੋਂ ਉੱਠੀ। ਕਿਸੇ ਨੂੰ ਦੱਸੇ-ਪੁਛੇ ਬਿਨਾ ਉੱਪਰ ਸੁਰਭੀ ਦੇ ਕਮਰੇ ਵਿਚ ਚਲੀ ਗਈ। ਛੇਤੀ ਹੀ ਗੂੜ੍ਹੀ ਨੀਂਦ ਨੇ ਉਸ ਨੂੰ ਆਪਣੇ ਗਲਬੇ ਵਿਚ ਲੈ ਲਿਆ। ਜਦ ਅੱਖ ਖੁਲ੍ਹੀ ਤਾਂ ਸ਼ਾਮਾਂ ਪੈ ਚੁਕੀਆਂ ਸਨ। ਪ੍ਰਾਹੁਣੇ ਜਾ ਚੁੱਕੇ ਸਨ। ਪਾਪਾ ਆਪਣੇ ਸੌਣ ਕਮਰੇ ਵਿਚ ਚਲੇ ਗਏ ਸਨ। ਉਹ ਹੇਠਾਂ ਉਤਰੀ। ਡਰਾਇੰਗ ਰੂਮ ਦੇ ਗੱਦੇ 'ਤੇ ਢੇਰੀ ਹੋਏ ਸੁਰਭੀ ਤੇ ਸੁਮੇਸ਼ ਰੁਮਾਨੀ ਸੰਸਾਰ ਵਿਚ ਬੁਰੀ

ਤਰ੍ਹਾਂ ਖੁਭੇ ਹੋਏ ਸਨ। ਉਹ ਅੱਗੇ ਵਧਦੀ ਵੀ ਤਾਂ ਕਿਵੇਂ ਵਧਦੀ। ਉਹ ਹੋਰ ਕੁਝ ਨਾ ਦੇਖ ਸਕੀ। ਉਸ ਆਪਣੀਆਂ ਅੱਖਾਂ ਬੰਦ ਕਰ ਲਈਆਂ ਤੇ ਉਥੇ ਈ ਪੌੜੀਆਂ ਵਿਚ ਬਹਿ ਗਈ। ਕੁਝ ਸਮਾਂ ਬੀਤਣ ਮਗਰੋਂ ਜਦ ਉਸ ਦੀਆਂ ਅੱਖਾਂ ਖੁਲ੍ਹੀਆਂ ਤਾਂ ਸੁਮੇਸ਼ ਵਾਸ਼ਰੂਮ ਵਿਚੋਂ ਬਾਹਰ ਨਿਕਲ ਰਿਹਾ ਸੀ। ਪਰ ਸੁਰਭੀ, ਉਸੇ ਤਰ੍ਹਾਂ ਲੇਟੀ ਹੋਈ ਸੀ। ਮਸਤ, ਅਲ ਮਸਤ, ਦੁਨੀਆਂ ਤੋਂ ਬੇਖ਼ਬਰ।

(26-5-2016)

09810628570 (ਫੋਨ)

I-263, karampura,
New Delhi-110015

(ਇਹ ਕਹਾਣੀ 'ਪੰਜਾਬ ਟਾਈਮਜ਼, ਨਿਊਯਾਰਕ' ਦੇ 21 ਜਨਵਰੀ, 2017 ਅੰਕ ਵਿਚ ਛਪ ਗਈ ਹੈ।)

# ਮਹਾਂ ਦਾਨੀ

ਅਸ਼ੋਕ ਵਾਸਿਸ਼ਠ

"ਤੂੰ ਇਸ ਬੰਦੇ ਦੀ ਕੋਈ ਫਿਕਰ ਨਾ ਕਰ। ਮੈਂ ਜਾਣਾ ਤੇ ਮੇਰਾ ਕੰਮ ਜਾਣੇ।" ਮੈਡਮ ਨੇ ਜੋਰ ਦੇ ਕੇ ਕਿਹਾ ਤਾਂ ਉਸ ਨਾਲ ਜੁੜ ਕੇ ਬੈਠੀ ਪੱਲਵੀ ਨੂੰ ਜਾਣੋ ਢੇਰ ਸਾਰੀ ਸ਼ਾਂਤੀ ਮਿਲ ਗਈ ਸੀ।

"ਤੁਹਾਡੇ ਹੁੰਦਿਆਂ ਫਿਕਰ ਕਰਨ ਦੀ ਲੋੜ ਵੀ ਕੀ ਏ...ਮੈਂ ਤਾਂ ਉਂਜ ਈ ਗੱਲ ਕੀਤੀ ਸੀ। ਥੋੜ੍ਹੇ ਦਿਨ ਹੋਏ ਤਾਂ ਉਹਦਾ ਕੋਈ ਜਾਣ-ਪਛਾਣ ਵਾਲਾ ਮਿਲਿਆ ਸੀ। ਉਸ ਮੈਨੂੰ ਉਹਦੀ ਮਾੜੀ ਹਾਲਤ ਬਾਰੇ ਦਸਿਆ ਤਾਂ ਚਿੰਤਾ ਹੋਣੀ ਸੁਭਾਵਕ ਹੀ ਸੀ।" ਪੱਲਵੀ ਨੇ ਹੌਲੀ ਜਿਹੇ ਕਿਹਾ।

“ਚਲ ਕੋਈ ਨਾ..ਇਹੋ ਜਿਹਾ ਸਮਾਂ ਵੀ ਆਉਂਦਾ ਏ ਜੀਵਨ ਵਿਚ। ਉਹ ਬੰਦਾ ਹੱਠ ਦਾ ਪੱਕਾ ਏ..ਐਵੇਂ ਨਹੀਂ ਡੋਲਣ ਲੱਗਾ।”

“ਇਹ ਗੱਲ ਪੱਕੀ। ਉਹਨੇ ਪਹਿਲਾਂ ਵੀ ਕਈ ਉਤਰਾਅ-ਚੜ੍ਹਾਅ ਦੇਖੇ ਹਨ। ਇਹ ਤਾਂ ਕੁਝ ਵੀ ਨਹੀਂ।” ਪੱਲਵੀ ਨੇ ਆਪਣੀ ਗੱਲ ਦੇ ਅੰਤਿਮ ਭਾਗ ‘ਇਹ ਤਾਂ ਕੁਝ ਵੀ ਨਹੀਂ’ ਤੇ ਜੋਰ ਦਿੰਦਿਆਂ ਕਿਹਾ। “ਫੇਰ ਤੁਹਾਡੇ ਜਿਹੀ ਹਸਤੀ ਉਸ ਦੀ ਪਿੱਠ ’ਤੇ ਹੈ। ਜੇ ਦੋਸਤੀ ਕਰਕੇ ਥੋੜ੍ਹੀ ਬਹੁਤ ਚਿੰਤਾ ਹੁੰਦੀ ਹੈ ਤਾਂ ਤੁਹਾਡੇ ਵੱਲ ਦੇਖ ਉਹ ਪਤਾ ਨਹੀਂ ਕਿਧਰ ਉੱਡ ਪੁੱਡ ਜਾਂਦੀ ਹੈ, ਪਤਾ ਹੀ ਨਹੀਂ ਚਲਦਾ।” ਪੱਲਵੀ ਨੇ ਫਿਰ ਕਿਹਾ।

“ਬਸ ਬਸ ਰਹਿਣ ਦੇ। ਬਹੁਤੇ ਖੇਖਣ ਨਾ ਕਰ” ਮੈਡਮ ਨੇ ਅੰਦਰੋਂ ਖੁਸ਼ ਹੁੰਦਿਆ ਹੌਲੀ ਜਿਹੇ ਪੱਲਵੀ ਦੀ ਗੱਲ੍ਹ ਥਾਪਵੀ। “ਪਰ ਤੂੰ ਮੈਨੂੰ ਇਹ ਦੱਸ, ਘੁਮਾ ਫਿਰਾ ਕੇ ਉਹਦੀ ਗੱਲ ਕਿਉਂ ਕਰਦੀ ਏਂ। ਜੇ ਕੁਝ ਤੇਰੇ ਮਨ ਵਿਚ ਹੈ ਤਾਂ ਦਸ ਦੇ ਅਸੀਂ ਉਸੇ ਤਰ੍ਹਾਂ ਕਰ ਦੇਵਾਂਗੇ।” ਮੈਡਮ ਨੇ ਪੱਲਵੀ ਨੂੰ ਟੋਹਣ ਦਾ ਯਤਨ ਕੀਤਾ।

“ਕੀ ਗੱਲ ਕਰਦੇ ਓ, ਮੈਡਮ ਜੀ! ਭਲਾ ਮੇਰੇ ਦਿਲ ਵਿਚ ਕੀ ਹੋਣੈ...? ਇਨ੍ਹੀਂ ਦਿਨੀਂ ਉਨ੍ਹਾਂ ਦੀ ਹਾਲਤ ਚੰਗੀ ਨਹੀਂ, ਬਸ ਇਸੇ ਲਈ...!” ਕਹਿੰਦਿਆਂ ਪੱਲਵੀ ਕੁਝ ਭਾਵਕ ਹੋ ਗਈ।

“ਓਹਦੇ ਲਈ ਆਪਣੇ ਨੇੜੇ ਹੀ ਕਿਸੇ ਕਾਲੋਨੀ ਵਿਚ ਮਕਾਨ ਦੇਖ ਰਹੀ ਹਾਂ...ਜੇ ਗੱਲ ਸਿਰੇ ਚੜ੍ਹ ਗਈ ਤਾਂ ਲੈ ਦਿਆਂਗੀ ਉਹਨੂੰ...ਭਾਵੇਂ ਜਿੰਨੇ ਦਾ ਵੀ ਮਿਲੇ...ਉਹ ਸਾਡਾ ਵੱਡਾ ਲੇਖਕ ਆ...ਏਨਾ ਫਰਜ ਤਾਂ ਬਣਦਾ ਈ ਹੈ ਸਾਡਾ।”

ਮੈਡਮ ਨੇ ਜਿੰਨੀ ਜੋਰ ਨਾਲ ਪਾਰਥ ਜਿਹੇ ਲੇਖਕ ਨੂੰ ਮਕਾਨ ਲੈ ਕੇ ਦੇਣ ਦਾ ਵਾਅਦਾ ਕੀਤਾ ਉਸ ਤੋਂ ਤਾਂ ਇਹੋ ਜਾਪਦਾ ਸੀ ਕਿ ਉਹ ਕੁਝ ਨਾ ਕੁਝ ਤਾਂ ਜਰੂਰ ਕਰੇਗੀ। ਖਬਰੇ ਇਸੇ ਕਾਰਨ ਪਾਰਥ ਨੂੰ ਲੈ ਕੇ ਪੱਲਵੀ ਦੀ ਚਿੰਤਾ ਕਾਫੀ ਹੱਦ ਤਕ ਦੂਰ ਹੋ ਗਈ ਸੀ। ਪਹਿਲਾਂ ਉਸ ਦਾ ਦਿਲ ਕੀਤਾ ਕਿ ਇਸ ਬਾਰੇ ਉਹ ਕਿਸੇ ਹੋਰ ਪ੍ਰਭਾਵਸ਼ਾਲੀ ਵਿਅਕਤੀ ਨਾਲ ਗੱਲ ਕਰੇ ਤਾਂ ਜੋ ਪਾਰਥ ਦੇ ਸੰਕਟ ਦਾ ਕੋਈ ਨਾ ਕੋਈ ਹੱਲ ਕਢਿਆ ਜਾ ਸਕੇ। ਪੱਲਵੀ ਦੀ ਚਿੰਤਾ ਦਾ ਇਕ ਹੋਰ ਕਾਰਨ ਇਹ ਵੀ ਸੀ ਕਿ ਆਉਂਦੇ ਕੁਝ ਦਿਨਾਂ ਤਕ ਉਸ ਲੰਡਨ ਤੁਰ ਜਾਣਾ ਸੀ ਅਤੇ ਉਥੇ ਲੰਮੇ ਸਮੇਂ ਤਕ ਪ੍ਰਵਾਸ ਕਰਨਾ ਸੀ। ਉਹ ਇਥੇ ਸ਼ਹਿਰ ਵਿਚ ਰਹਿੰਦੀ ਤਾਂ ਗੱਲ ਹੋਰ ਸੀ।

ਇਨ੍ਹਾਂ ਸੋਚਾਂ ਵਿਚ ਗੱਲਤਾਣ ਪੱਲਵੀ ਦਾ ਧਿਆਨ ਆਪਣੇ ਨਿੱਕੇ ਵੀਰ ਦੇ ਛਣਕਦੇ ਹਾਸੇ ਨਾਲ ਭੰਗ ਹੋਇਆ। ਉਹ ਆਪਣੇ ਕਿਸੇ ਦੋਸਤ ਨਾਲ ਖੇਡਣ ਵਿਚ ਮਸਤ ਸੀ ਤੇ ਦੋਸਤ ਦੀ ਕਿਸੇ ਗੱਲ ’ਤੇ ਉਹਦਾ ਹਾਸਾ ਨਿਕਲ ਗਿਆ ਸੀ। ਮੈਡਮ ਵੀ ਕਦੋਂ ਦੀ ਜਾ ਚੁੱਕੀ ਸੀ। ਉਹ ਕੁਰਸੀ ਤੋਂ ਉੱਠ ਬਾਹਰ ਨਿਕਲੀ ਤੇ ਬੰਗਲੇ ਦੇ ਨਾਲ ਲਗਦੇ ਪਾਰਕ ਵਿਚ ਟਹਿਲਣ ਲੱਗ ਪਈ। ‘ਚਲ ਮੈਡਮ ਕੁਝ ਨਾ ਕੁਝ ਤਾਂ ਕਰੇਗੀ ਹੀ’ ਇਹ ਵਿਚਾਰ ਆਉਂਦਿਆਂ ਹੀ ਉਹਦੇ ਮਨ ਤੋਂ ਸੋਚਾਂ ਦਾ ਬੋਝ ਉੱਤਰ ਗਿਆ। ਪਾਰਕ ਦੇ ਵਿਚਕਾਰ ਲੱਗੇ ਝੂਲਿਆਂ ਤੇ ਕੁਝ ਕੁੜੀਆਂ ਝੂਟੇ ਲੈ ਰਹੀਆਂ ਸਨ, ਉਨ੍ਹਾਂ ’ਤੇ ਨਜ਼ਰ ਪਈ ਤਾਂ ਪੱਲਵੀ ਮਲਕੜੇ ਜਿਹੇ ਉਧਰ ਤੁਰ ਪਈ।

---0---

ਪੂਰਾ ਹਾਲ ਸ੍ਰੋਤਿਆਂ ਨਾਲ ਭਰਿਆ ਹੋਇਆ ਸੀ। ਕਈ ਸੱਜਣ ਜਿਹਨਾਂ ਨੂੰ ਅਜੇ ਤਕ ਬੈਠਣ ਲਈ ਸੀਟ ਨਹੀਂ ਮਿਲੀ ਸੀ ਹਾਲ ਦੇ ਦੋਹੀਂ ਪਾਸੀਂ ਖਲੋਤੇ ਸਨ, ਕੁਝ ਵਿਚਕਾਰਲੀ ਥਾਂ ’ਤੇ ਖਲੋਤੇ ਸਨ। ਪਰ ਅਜੇ ਵੀ ਲੋਕਾਂ ਦਾ ਆਉਣਾ ਬੰਦ ਨਹੀਂ ਹੋਇਆ ਸੀ। ਹਾਲ ਦੇ ਬਾਹਰ ਦਾ ਦ੍ਰਿਸ਼ ਵੀ ਕੁਝ ਇਹੋ ਜਿਹਾ ਸੀ। ਲੋਕ ਅੰਦਰ ਜਾਣ ਲਈ ਧੱਕਾ-ਮੁੱਕੀ ਕਰ ਰਹੇ ਸਨ। ਪਰ ਜਾਣ ਕਿੱਥੇ ਤੇ ਕਿਵੇਂ ਜਾਣ...ਅੰਦਰ ਜਾਣ ਵਾਲੇ ਰਸਤੇ ਦਾ ਤਾਂ ਹੋਰ ਵੀ ਬੁਰਾ ਹਾਲ ਸੀ। ਕਈ ਸਿਆਣੇ ਬੰਦੇ ਜਿਹਨਾਂ ਦਾ ਭੀੜ ਵਿਚ ਸਾਹ ਘੁਟਣ ਲੱਗਾ ਸੀ, ਵਾਪਸ ਜਾਣ ਲਈ ਬਾਹਰ ਜਾਣ ਦੇ ਯਤਨ ਕਰ ਰਹੇ ਸਨ। ਕਈ ਲੋਕ ਵਾਪਸ ਚਲੇ ਵੀ ਗਏ।

ਪ੍ਰਦੇਸ਼ ਦੇ ਨਾਮੀ ਗਾਇਕਾਂ ਨੇ ਆਪੋ ਆਪਣੀ ਕਲਾ ਦਾ ਜੌਹਰ ਦਿਖਾਲਣ ਲਈ ਆਉਣਾ ਸੀ। ਉਨ੍ਹਾਂ ਦੇ ਗੀਤ ਸੁਨਣ ਦੇ ਚਾਹਵਾਨ ਸੱਜਣ ਹੁਮਹੁਮਾ ਕੇ ਪੁਜੇ ਸਨ। ਜਿਹੜੇ ਸਮੇਂ ਤੋਂ ਪਹਿਲਾਂ ਆ ਗਏ ਉਹ ਚੰਗੀਆਂ ਸੀਟਾਂ ਮੱਲ ਕੇ ਬੈਠੇ ਸਨ ਤੇ ਪ੍ਰੋਗਰਾਮ ਦਾ ਮਜਾ ਲੈਣ ਲਈ ਉਤਾਵਲੇ ਦਿਖਾਈ ਦੇ ਰਹੇ ਸਨ। ਗਾਇਕਾਂ ਨੇ ਵੀ ਉਨ੍ਹਾਂ ਨੂੰ ਨਿਰਾਸ਼ ਨਹੀਂ ਕੀਤਾ। ਉਹਨਾਂ ਦੇ ਗੀਤਾਂ ਦੌਰਾਨ ਹਾਲ ਵਿਚ ਰਹਿ ਰਹਿ ਕੇ ਤਾੜੀਆਂ ਵਜਦੀਆਂ ਰਹੀਆਂ। ਜਦ ਕੋਈ ਵੱਡਾ ਗਾਇਕ ਸਟੇਜ 'ਤੇ ਆਉਂਦਾ ਤਾਂ ਸਰੋਤੇ ਕਿੰਨੀ ਕਿੰਨੀ ਦੇਰ ਤਾੜੀਆਂ ਮਾਰ ਆਪਣੀ ਖੁਸ਼ੀ ਦਾ ਪ੍ਰਗਟਾਅ ਕਰਦੇ। ਦੋ ਘੰਟੇ ਬਾਅਦ ਗੀਤਾਂ ਦਾ ਪ੍ਰੋਗਰਾਮ ਖਤਮ ਹੋਇਆ ਤਾਂ ਸਟੇਜ ਸਕੱਤਰ ਨੇ ਮਾਇਕ ਸੰਭਾਲ ਲਿਆ। ਉਸ ਪ੍ਰੋਗਰਾਮ ਨੂੰ ਸਫਲ ਬਨਾਉਣ ਲਈ ਸ੍ਰੋਤਿਆਂ ਦਾ ਧੰਨਵਾਦ ਕੀਤਾ।

ਸਟੇਜ ਸਕੱਤਰ ਨੇ ਜਦ ਇਹ ਕਿਹਾ ਕਿ ਭਾਵੇਂ ਹੁਣ ਗੀਤਾਂ ਦਾ ਪ੍ਰੋਗਰਾਮ ਖਤਮ ਹੋ ਚੁਕੈ ਪਰ ਸਾਡਾ ਅਸਲ ਪ੍ਰੋਗਰਾਮ ਹੋਣਾ ਅਜੇ ਬਾਕੀ ਹੈ। 'ਹੁਣ ਇਨ੍ਹਾਂ ਕਿਹੜਾ ਬੱਕਰੇ ਬੁਲਾਉਣੇ ਐ..ਗੱਲ ਤਾਂ ਇੰਜ ਕਰਦੈ ਜਿਵੇਂ ਹੂਰਾਂ ਪਰੀਆਂ ਦਾ ਨਾਚ ਦਿਖਾਉਣਾ ਹੋਵੇ।' ਇਕ ਮਨਚਲਾ ਵਿਅਕਤੀ ਵਿਅੰਗ ਬਾਣ ਛੱਡ ਰਿਹਾ ਸੀ। 'ਹੂਰਾਂ ਪਰੀਆਂ ਨਾ ਸਹੀ, ਇਹ ਆਪਈ ਕਪੜੇ ਲਾਹ ਕੇ ਨੱਚ ਲਵੇ, ਥੋੜ੍ਹਾ-ਬਹੁਤ ਮੁੱਲ ਤਾਂ ਪੈਈ ਜਾਊ' ਦੂਜਾ ਮਸਖਰਾ ਕਿਥੇ ਪਿੱਛੇ ਰਹਿਣ ਵਾਲਾ ਸੀ, ਉਸ ਵੀ ਆਪਣੇ ਤਰਕਸ਼ ਵਿਚੋਂ ਸੁਹਣਾ ਜਿਹਾ ਬਾਣ ਕਢ ਕੇ ਵਗਾਹ ਮਾਰਿਆ। ਕੋਲ ਬੈਠੇ ਲੋਕਾਂ ਵਿਚ ਹਾਸਾ ਮਚ ਗਿਆ।

"ਲਓ ਦੇਵੀਓ ਤੇ ਸੱਜਣੋਂ...ਜ਼ਰਾ ਮੇਰੀ ਵੱਲ ਧਿਆਨ ਦੇਣਾ" ਸਟੇਜ ਸਕੱਤਰ ਉੱਚੀ ਆਵਾਜ਼ ਵਿਚ ਕਹਿ ਰਿਹਾ ਸੀ।

"ਤੇਰੇ ਤੋਂ ਛੁੱਟ ਇਥੇ ਸਾਰੇ ਸੱਜਣ ਬੈਠੇ ਆ...ਤੂੰ ਆਪਣੀ ਗੱਲ ਕਰ...!" ਪਿਛਲੀਆਂ ਸੀਟਾਂ ਵੱਲੋਂ ਕਿਸੇ ਦੇ ਬੋਲ ਗੂੰਜੇ।

"ਗੱਲ ਇਹਨੇ ਸੁਆਹ ਕਰਨੀ ਏ...ਐਵੇਂ ਜਬ੍ਹਲੀਆਂ ਮਾਰਨ ਲੱਗਾ ਏ...!" ਇਹ ਬੋਲ ਕਿਸੇ ਕਾਹਲੇ-ਬਾਹਲੇ ਬੰਦੇ ਦੇ ਸਨ।

"ਚਲ ਕੋਈ ਨਾ...ਇਹਦੀ ਵੀ ਸੁਣ ਲਓ..!" ਇਕ ਸਮਝਦਾਰ ਬਜੁਰਗ ਹੋਰਾਂ ਨੂੰ ਸ਼ਾਂਤ ਕਰ ਰਿਹਾ ਸੀ।

"ਪ੍ਰੋਗਰਾਮ ਦਾ ਪਹਿਲਾ ਭਾਗ ਖਤਮ ਹੋ ਚੁੱਕੈ...ਹੁਣ ਪ੍ਰੋਗਰਾਮ ਦਾ ਅੰਤਿਮ ਭਾਗ ਸ਼ੁਰੂ ਕਰਨ ਦੀ ਇਜਾਜਤ ਚਾਹੁੰਦੇ ਹਾਂ। ਦੋਸਤੋ, ਘਾਬਰਨ ਦੀ ਲੋੜ ਨਹੀਂ, ਅਸੀਂ ਤੁਹਾਡਾ ਬਹੁਤਾ ਸਮਾਂ ਨਹੀਂ ਲੈਂਦੇ, ਅਸੀਂ ਜਾਣਦੇ ਹਾਂ ਕਿ ਏਨੇ ਸੁਹਣੇ ਗੀਤਾਂ ਨੂੰ ਸੁਨਣ ਤੋਂ ਬਾਅਦ ਤੁਹਾਨੂੰ ਘਰ ਜਾਣ ਦੀ ਕਾਹਲ ਐ। ਵਾਧੂ ਦੀ ਤਕਲੀਫ ਦੇਣ ਲਈ ਅਸੀਂ ਖਿਮਾ ਦੇ ਯਾਚਕ ਹਾਂ। ਪਰ ਜੇ ਅਸੀਂ ਇਹ ਪ੍ਰੋਗਰਾਮ ਨਹੀਂ ਕਰਦੇ ਤਾਂ ਸਾਡੀ ਰੂਹ ਸਾਨੂੰ ਕਦੇ ਮਾਫ ਨਹੀਂ ਕਰੇਗੀ...!" ਸਟੇਜ ਸਕੱਤਰ ਇਹ ਕਹਿੰਦਾ ਥੋੜ੍ਹਾ ਭਾਵਕ ਹੋ ਗਿਆ ਸੀ{

"ਕੋਈ ਗੱਲ ਨਹੀਂ ਜੀ...ਜਿਥੇ ਪਹਿਲਾਂ ਐਨੀ ਦੇਰ ਤੁਹਾਨੂੰ ਝਲਿਐ..ਉਥੇ ਕੁਝ ਚਿਰ ਹੋਰ ਸਹੀ" ਵਿਚਕਾਰਲੀਆਂ ਸੀਟਾਂ ਵਲੋਂ ਆਈ ਇਸ ਅਵਾਜ ਨੇ ਨਾਲ ਦਿਆਂ ਦਾ ਹਾਸਾ ਕਢ ਦਿੱਤਾ।

"ਤੁਸੀਂ ਆਪਣੇ ਨੰਬਰ ਬਣਾਓ...ਸਾਡਾ ਸੁਖ ਲੇਖਾ..!" ਇਕ ਹੋਰ ਨੇ ਉਸ ਦਾ ਹੁੰਗਾਰਾ ਭਰ ਦਿੱਤਾ।

"ਓਸ ਭਲੇ ਮਾਣਸ ਦੀ ਗੱਲ ਵੀ ਸੁਣ ਲਓ ਹੁਣ..." ਇਕ ਬਜੁਰਗ ਨੇ ਕਾਹਲਾ ਪੈਂਦਿਆਂ ਕਿਹਾ।

"ਭਲਾ ਮਾਣਸ ਮੂੰਹੋਂ ਵੀ ਤਾਂ ਕੁਝ ਫੁੱਟੇ" ਉਸ ਤੋਂ ਪਿਛਲੀ ਸੀਟ 'ਤੇ ਬੈਠਾ ਬਜੁਰਗ ਕਹਿ ਰਿਹਾ ਸੀ।

ਇਸੇ ਕਾਵਾਂ ਰੌਲੀ ਵਿਚ ਸਟੇਜ ਸਕੱਤਰ ਦੀ ਆਵਾਜ ਸੁਣਾਈ ਦਿੱਤੀ, "ਦੋਸਤੋ, ਮੈਂ ਕਹਿ ਰਿਹਾ ਸੀ..."

"ਤੁਸੀਂ ਕੀ ਕਹਿ ਰਹੇ ਸੀ...? ਜ਼ਰਾ ਮੈਂ ਵੀ ਤਾਂ ਸੁਣਾਂ...!" ਇਕ ਮਨਚਲੇ ਨੇ ਸ਼ੁਰਲੀ ਛੱਡੀ। ਇਹ ਸੁਣ ਸਰੋਤੇ ਹੱਸੇ ਬਿਨਾ ਨਾ ਰਹੇ।

"ਹੁਣ ਇਕ ਅਜਿਹੀ ਮਹਾਨ ਹਸਤੀ ਤੁਹਾਡੇ, ਸਾਡੇ ਤੇ ਸਾਰਿਆਂ ਵਿਚਕਾਰ ਆ ਰਹੀ ਏ ਜਿਸ ਨੇ ਆਪਣਾ ਸਾਰਾ ਜੀਵਨ ਕਲਾ, ਸਭਿਆਚਾਰ ਤੇ ਸਾਹਿਤ ਦੀ ਸੇਵਾ ਦੇ ਲੇਖੇ ਲਾ ਦਿੱਤਾ ਹੈ। ਭਾਵੇਂ ਉਹ ਸਾਡੀ ਪੀੜ੍ਹੀ ਦੀ ਨਹੀਂ ਸਗੋਂ

ਪਿਛਲੀ ਪੀੜ੍ਹੀ ਨਾਲ ਸਬੰਧ ਰਖਦੀ ਹੈ ਪਰ ਉਨ੍ਹਾਂ ਦੀ ਸੋਚਣੀ, ਉਨ੍ਹਾਂ ਦੀ ਰਹਿਣੀ-ਬਹਿਣੀ, ਉਨ੍ਹਾਂ ਦੀ ਬੋਲ-ਬਾਣੀ, ਉਨ੍ਹਾਂ ਵਿਚ ਕੁਝ ਨਾ ਕੁਝ ਨਵਾਂ ਕਰਨ ਤੇ ਕਰਦੇ ਰਹਿਣ ਦਾ ਉਤਸਾਹ ਤੇ ਸਭ ਤੋਂ ਵੱਧ ਉਨ੍ਹਾਂ ਦੀ ਦਿਲ ਨੂੰ ਮੋਹ ਲੈਣ ਵਾਲੀ ਸ਼ਖਸੀਅਤ ਨਵੀਂ ਪੀੜ੍ਹੀ ਲਈ ਉਤਸਾਹ ਤੇ ਪ੍ਰੇਰਣਾ ਦਾ ਸੋਮਾ ਹੈ। ਮੈਂ ਤੁਹਾਡੇ ਅਤੇ ਮੈਡਮ ਮੋਹਿਨੀ ਵਿਚਕਾਰ ਲੰਮਾ ਸਮਾਂ ਖਲੋਤਾ ਨਹੀਂ ਰਹਿ ਸਕਦਾ ਇਸ ਲਈ ਉਨ੍ਹਾਂ ਨੂੰ ਸਟੇਜ 'ਤੇ ਆਉਣ ਦੀ ਬੇਨਤੀ ਕਰਦਾ ਹਾਂ...'' ਏਨਾ ਸੁਣਦੇ ਸਾਰ ਹਾਲ ਵਿਚ ਤਾੜੀਆਂ ਵੱਜਣ ਲੱਗ ਪਈਆ। ਪਰ ਪਿੱਛੇ ਬੈਠੇ ਗਭਰੂ ਕੁਝ ਹੋਰ ਹੀ ਕਹਿ ਰਹੇ ਸਨ।

''ਲੈ ਖੋਤਾ ਖੂਹ 'ਚ ਪਾ 'ਤਾ। ਤਾਰੀਫਾਂ ਤਾਂ ਏਦਾਂ ਕਰਦਾ ਜਿੱਦਾਂ ਉਹ ਹੇਮਾ ਮਾਲਨੀ ਹੋਵੇ...।'' ਨਾਲ ਬੈਠੇ ਸੱਜਣ ਆਪਣਾ ਹਾਸਾ ਨਾ ਰੋਕ ਸਕੇ।

''ਹੇਮਾ ਮਾਲਨੀ ਪੱਠੇ ਪਾਵੇ ਤਾਂ ਵਿਚਾਰਾ ਲੈ ਕੇ ਆਵੇ...'' ਇਕ ਗਭਰੂ ਕਹਿ ਰਿਹਾ ਸੀ।

''ਨਾਲੇ ਉਹ ਇਥੇ ਆਈ ਖੜੀ ਐ...!'' ਤੀਜੇ ਜਣੇ ਨੇ ਚੁਟਕੀ ਲਈ।

ਏਨੇ ਵਿਚ ਮੈਡਮ ਮੋਹਨੀ ਸਟੇਜ 'ਤੇ ਆ ਗਈ। ਅੱਗੇ ਬੈਠੇ ਕੁਝ ਬਜੁਰਗਾਂ ਨੇ ਖੜ੍ਹੇ ਹੋ ਕੇ ਤਾੜੀਆਂ ਵਜਾਈਆਂ ਤਾਂ ਇਕ ਮੁੱਛ ਫੱਟ ਨੌਜਵਾਨ ਤੋਂ ਰਿਹਾ ਨਾ ਗਿਆ, ''ਲੈ ਬਾਈ ਬੁੱਢਿਆਂ ਨੂੰ ਵੀ ਜਵਾਨੀ ਚੜ੍ਹ ਗਈ ਐ...!''

''ਇਨ੍ਹਾਂ ਦਾ ਦਾਲ ਫੁਲਕਾ ਚਲਦਾ ਬਈ ਮੈਡਮ ਦੇ ਸਿਰ 'ਤੇ। ਇਹ ਖੜ੍ਹੇ ਨਾ ਹੋਣ ਤਾਂ ਹੋਰ ਕੀ ਕਰਨ..!'' ਇਕ ਸੜਿਆ ਬਲਿਆ ਸੱਜਣ ਕਹਿ ਰਿਹਾ ਸੀ।

''...ਸੱਜਣੋਂ, ਮੈਡਮ ਮੋਹਨੀ ਦੀ ਕੀ ਤਾਰੀਫ ਕਰਾਂ। ਇਨ੍ਹਾਂ ਗਰੀਬੀ ਦੇ ਮਾਰੇ ਲੇਖਕਾਂ ਨੂੰ ਪੈਰਾਂ ਸਿਰ ਖੜ੍ਹੇ ਕੀਤਾ ਹੈ। ਮੁਸੀਬਤ ਵਿਚ ਉਹਨਾਂ ਦੀ ਬਾਂਹ ਫੜੀ ਹੈ। ਕੁਝ ਇਕ ਤਾਂ ਅਜਿਹੇ ਵੀ ਹਨ ਜਿਹੜੇ ਆਪਣੇ ਜੀਵਨ ਵਿਚ ਕਦੇ ਬੜੌਦਾ ਤਕ ਨਹੀਂ ਗਏ ਸਨ ਪਰ ਜਦ ਦੇ ਉਹ ਇਸ ਮਹਾਨ ਹਸਤੀ ਨਾਲ ਜੁੜੇ ਹਨ ਉਹ ਵਾਸਿੰਗਟਨ, ਲੰਡਨ, ਜਿਨੇਵਾ ਜਿਹੇ ਸ਼ਹਿਰਾਂ ਦਾ ਕਈ ਕਈ ਵਾਰ ਦੌਰਾ ਕਰ ਚੁੱਕੇ ਹਨ। ਇਨ੍ਹਾਂ ਦੀ ਮਹਾਨਤਾ ਕੇਵਲ ਇਸ ਗੱਲ ਵਿਚ ਨਹੀਂ ਸਗੋਂ ਸਾਹਿਤ ਵਿਚ ਉੱਘਾ ਯੋਗਦਾਨ ਪਾਉਣ ਦੇ ਮਾਮਲੇ ਵਿਚ ਵੀ ਹੈ। ਮੈਂ ਹੱਥ ਜੋੜ ਕੇ ਇਸ ਮਹਾਨ ਹਸਤੀ ਨੂੰ ਇਸ ਮੌਕੇ 'ਤੇ ਦੋ ਸ਼ਬਦ ਕਹਿਣ ਦੀ ਬੇਨਤੀ ਕਰਦਾ ਹਾਂ...'' ਜਦ ਮੈਡਮ ਮੋਹਨੀ ਬੋਲਣ ਲਈ ਮਾਈਕ ਵੱਲ ਵਧੀ ਤਦ ਅੱਧੇ ਤੋਂ ਬਹੁਤਾ ਹਾਲ ਖਾਲੀ ਹੋ ਚੁੱਕਾ ਸੀ।

---0---

''ਹੈਲੋ, ਪਾਰਥ..?''

''ਜੀ ਬੋਲ ਰਿਹਾਂ...!''

''ਮੈਂ ਪੱਲਵੀ...ਤੂੰ ਠੀਕ ਆਂ..!''

''ਮੈਂ ਤਾਂ ਠੀਕ ਆਂ...ਤੇਰੇ ਜਹਾਜ ਨੇ ਕਦੋਂ ਲੈਂਡ ਕੀਤਾ ਏ ਦਿੱਲੀ ਵਿਚ...?''

''ਤਿੰਨ ਦਿਨ ਹੋ ਗਏ ਨੇ...!''

''ਤਿੰਨ ਦਿਨ ਹੋ ਗਏ ਨੇ...ਤੇ ਤੈਨੂੰ ਹੁਣ ਵੇਹਲ ਮਿਲੀ ਏ ਫੋਨ ਕਰਨ ਦੀ...?''

''ਇਹ ਗੱਲ ਨਾ ਕਰੋ...ਮਾਈ ਡਿਅਰ ਪਾਰਥ ਜੀ...ਪਹਿਲਾ ਦਿਨ ਤਾਂ ਸਫਰ ਦੇ ਥਕੇਵੇਂ ਨੇ ਲੈ ਲਿਆ ਤੇ ਅਗਲੇ ਦੋ ਦਿਨ ਆਏ-ਗਏ ਨੂੰ ਮਿਲਣ ਤੇ ਸਾਂਭਣ ਵਿਚ ਲੱਗ ਗਏ। ਉਧਰੋਂ ਵਿਹਲੀ ਹੋਈ ਤਾਂ ਸਭ ਤੋਂ ਪਹਿਲਾਂ ਤੁਹਾਨੂੰ ਯਾਦ ਕਰ ਰਹੀ ਹਾਂ...ਫੇਰ ਵੀ ਇਸ ਗੁਸਤਾਖੀ ਲਈ ਖਿਮਾ ਦੀ ਯਾਚਕ ਹਾਂ।''

''ਚਲ ਹੋ ਜਾਂਦਾ ਏ ਕਦੇ ਕਦੇ...!'' ਪਾਰਥ ਇਹ ਕਹਿੰਦਾ ਹੱਸ ਪਿਆ।

''ਅਜ ਕੀ ਕਰਨ ਦਾ ਇਰਾਦਾ ਏ...?''

''ਕੋਈ ਖਾਸ ਨਹੀਂ, ਤੁਸੀਂ ਹੁਕਮ ਕਰੋ...!''

"ਫੇਰ ਆ ਜਾਓ...!" "ਕਦੋਂ..?" "ਮੇਰੇ ਵੱਲੋਂ ਭਾਵੇਂ ਹੁਣੇ ਹੀ...!"

"ਠੀਕ ਹੈ...ਘੰਟੇ ਤਕ ਬੰਦਾ ਹਾਜਰ ਹੋ ਜਾਵੇਗਾ...!"

"ਮੇਰੀਆਂ ਇਕ-ਦੋ ਸਹੇਲੀਆਂ ਨੇ ਵੀ ਆਉਣਾ...!"

"ਜੇ ਉਨ੍ਹਾਂ ਆਉਣਾ ਤਾਂ ਮੇਰਾ ਕੀ ਕੰਮ...ਮੈਂ ਕਿਸੇ ਹੋਰ ਵੇਲੇ ਆ ਜਾਵਾਂਗਾ...!"

"ਉਹ ਮੂੰਹ ਵਿਚ ਤਾਂ ਨਹੀਂ ਪਾ ਲੈਣਗੀਆਂ...ਅਖੇ ਜੇ ਉਨ੍ਹਾਂ ਆਉਣਾ ਹੈ ਤਾਂ ਮੇਰਾ ਕੀ ਕੰਮ..!"

"ਮੈਂ ਤਾਂ ਉਦਾਂ ਈ ਕਿਹਾ ਸੀ...ਚਲ ਕੋਈ ਨਾ ਮੈਂ ਆ ਜਾਵਾਂਗਾ...!"

"ਦੈਟਸ ਲਾਈਕ ਏ ਗੁਡ ਬਵਾਏ..." ਪੱਲਵੀ ਨੇ ਇਹ ਕਹਿੰਦਿਆਂ ਚੋਗਾ ਹੇਠਾਂ ਰੱਖ ਦਿੱਤਾ।

ਪਾਰਥ ਮਿਥੇ ਸਮੇਂ ਤੋਂ ਪਹਿਲਾਂ ਹੀ ਪੁਜ ਗਿਆ। ਪੱਲਵੀ ਨੇ ਅੱਗੇ ਵੱਧ ਕੇ ਉਸ ਦਾ ਸਵਾਗਤ ਕੀਤਾ। ਉਹ ਉਸ ਦੀ ਬਾਂਹ ਫੜ ਕੇ ਡਰਾਇੰਗ ਰੂਮ ਵਿਚ ਲੈ ਆਈ ਜਿਥੇ ਦੋ ਮੁਟਿਆਰਾਂ ਪਹਿਲਾਂ ਹੀ ਬੈਠੀਆਂ ਸਨ। "ਕੁੜੀਓ ਸਭ ਤੋਂ ਪਹਿਲਾਂ ਇਨ੍ਹਾਂ ਨੂੰ ਮਿਲੋ। ਇਹ ਹਨ ਪੰਜਾਬੀ ਦੇ ਮੰਨੇ-ਪਮੰਨੇ ਲੇਖਕ ਪਾਰਥ। ਇਨ੍ਹਾਂ ਦੀਆਂ ਕਈ ਪੁਸਤਕਾਂ ਛਪ ਚੁੱਕੀਆਂ ਹਨ, ਅਸਲ ਗਿਣਤੀ ਤਾਂ ਮੈਂ ਨਹੀਂ ਜਾਣਦੀ ਪਰ ਕੁਝ ਇਕ ਪੁਸਤਕਾਂ ਦੇ ਨਾਂਅ ਜਰੂਰ ਯਾਦ ਨੇ। ਤੇ ਪਾਰਥ ਇਹ ਨੇ ਸੰਧਿਆ ਤੇ ਵਨੀਤਾ..!"

"ਤੂੰ ਏਦਾਂ ਮਿਲਾਇਆ ਜਿੱਦਾਂ ਅਸਾਂ ਪਹਿਲੀ ਵਾਰ ਇਹਨਾਂ ਨੂੰ ਦੇਖਿਆ ਹੋਵੇ। ਭਾਵੇਂ ਇਸ ਤਰ੍ਹਾਂ ਮਿਲਣ ਦਾ ਸੁਭਾਗ ਕਦੇ ਨਹੀਂ ਮਿਲਿਆ ਪਰ ਇਨ੍ਹਾਂ ਦਾ ਲਿਖਿਆ ਤੇ ਇਨ੍ਹਾਂ ਬਾਰੇ ਛਪਿਆ ਪੜ੍ਹਦੇ ਜਰੂਰ ਰਹੀਦਾ ਏ" ਪਾਰਥ ਨੂੰ ਪ੍ਰਸ਼ੰਸਾਮਈ ਨਜ਼ਰਾਂ ਨਾਲ ਤੱਕਦਿਆਂ ਸੰਧਿਆ ਨੇ ਕਿਹਾ।

"ਥੋੜ੍ਹੇ ਦਿਨ ਪਹਿਲਾਂ ਮੈਡਮ ਮੋਹਨੀ ਨੇ ਇਨ੍ਹਾਂ ਦੇ ਨਾਂਅ ਦੀ ਚਰਚਾ ਕਿਸੇ ਮੀਟਿੰਗ ਵਿਚ ਕੀਤੀ ਸੀ। ਇਕ ਸਰੋਤੇ ਨੇ ਜਦ ਇਹ ਕਿਹਾ ਕਿ ਸਾਡਾ ਇਹ ਲੇਖਕ ਘਰ ਖੁਣੋਂ ਧੱਕੇ ਖਾ ਰਿਹਾ ਹੈ ਤਾਂ ਮੈਡਮ ਨੇ ਉਹਦੀ ਗੱਲ ਵਿਚੋਂ ਕਟਦਿਆਂ ਇਹ ਸੂਚਨਾ ਦਿੱਤੀ ਸੀ ਕਿ ਉਸ ਨੇ ਇਨ੍ਹਾਂ ਲਈ ਉਚੇਚੇ ਤੌਰ 'ਤੇ ਘਰ ਦਾ ਇੰਤਜਾਮ ਕਰ ਦਿਤੈ...ਘਾਬਰਨ ਦੀ ਲੋੜ ਨਹੀਂ...ਹੋਰ ਪਤਾ ਨਹੀਂ ਉਹ ਕੀ ਕੁਝ ਕਹਿੰਦੀ ਰਹੀ...ਰੌਲੇ ਵਿਚ ਮੈਨੂੰ ਚੰਗੀ ਤਰ੍ਹਾਂ ਸੁਣਾਈ ਨਹੀਂ ਦਿੱਤਾ" ਵਨੀਤਾ ਨੇ ਦਸਿਆ।

"ਸੱਚ...?" ਵਨੀਤਾ ਦੇ ਮੂੰਹੋਂ ਏਨੀ ਗੱਲ ਸੁਣ ਪੱਲਵੀ ਹੈਰਾਨੀ ਭਰੀ ਖੁਸ਼ੀ ਵਿਚ ਉੱਛਲ ਪਈ। ਉਹਦੀਆਂ ਨਜ਼ਰਾਂ ਇਕ ਵਾਰ ਫੇਰ ਪਾਰਥ ਦੇ ਚਿਹਰੇ 'ਤੇ ਟਿਕ ਗਈਆਂ।

"ਬਈ ਮੈਂ ਤਾਂ ਇਹੋ ਸੁਣਿਆ ਸੀ...!"

"ਇਹੋ ਜਿਹੀਆਂ ਗੱਲਾਂ ਸੁਨਣ ਜਾਂ ਸੁਨਾਉਣ ਲਈ ਹੁੰਦੀਆਂ ਨੇ..ਸੁਣੋ...ਮਜਾ ਲਓ ਤੇ ਸੁਨਾਉਣ ਵਾਲੇ ਦੀ ਵਾਹ ਵਾਹ ਕਰਕੇ ਚਲਦੇ ਬਣੋ...!" ਪਾਰਥ ਨੇ ਮੂੰਹੋਂ ਆਪ ਮੁਹਾਰੇ ਨਿਕਲਿਆ ਤੇ ਇਕ ਮਿਨਟ ਪਹਿਲਾਂ ਜਿਹੜਾ ਚਿਹਰਾ ਖਿੜਿਆ ਹੋਇਆ ਸੀ, ਉਸ ਉਤੇ ਪਤਾ ਨਹੀਂ ਕਿਹੜੇ ਪਾਸਿਓਂ ਉਦਾਸੀ ਦਾ ਪਰਛਾਵਾਂ ਪੈ ਗਿਆ। ਉਹ ਕੁਝ ਬੋਲਣਾ ਚਾਹੁੰਦਾ ਹੋਇਆ ਵੀ ਕੁਝ ਬੋਲ ਨਹੀਂ ਸਕਿਆ ਤੇ ਗਹਿਰ ਗੰਭੀਰ ਹੋਇਆ ਖਿੜਕੀ ਦੇ ਬਾਹਰ ਦੇਖਣ ਲੱਗ ਪਿਆ।

"ਇਹ ਔਰਤ ਮੈਨੂੰ ਚੈਨ ਅਰਾਮ ਨਾਲ ਜੀਣ ਵੀ ਨਹੀਂ ਦਿੰਦੀ।" ਉਸ ਦੇ ਮੂੰਹੋਂ ਨਿਕਲਿਆ।

"ਪਰ ਉਸ ਤੈਨੂੰ ਘਰ ਤਾਂ ਲੈ ਹੀ ਦਿੱਤਾ ਹੈ...ਏਨਾ ਥੋੜ੍ਹੈ...ਉਹ ਜਿੱਦਾਂ ਦੀ ਵੀ ਹੈ...ਲੋਕਾਂ ਦਾ ਕੁਝ ਸਵਾਰਦੀ ਹੀ ਹੈ, ਉਨ੍ਹਾਂ ਤੋਂ ਲੈਂਦੀ ਤਾਂ ਨਹੀਂ...!" ਪੱਲਵੀ ਨੇ ਪਾਰਥ ਵੱਲ ਦੇਖੇ ਬਿਨਾ ਮੈਡਮ ਮੋਹਨੀ ਦਾ ਪੱਖ ਪੂਰਿਆ।

"ਮੇਰੀ ਗੱਲ ਵੀ ਸੁਣੋਗੇ, ਪਲੀਜ..!" ਪਾਰਥ ਚੀਕਿਆ।

"ਕੀ ਗੱਲ ਏ ਬਈ..? ਘਰ ਦੀ ਖੁਸ਼ੀ ਨਹੀਂ ਹੋਈ..?" ਵਨੀਤਾ ਨੇ ਸਵਾਲ ਦਾ ਗੋਲਾ ਦਾਗਿਆ।

"ਘਰ...? ਮੋਇਆਂ ਦਾ ਸਿਰ...!...ਤੰਗ ਆ ਗਿਆ ਹਾਂ ਮੈਂ ਇਹ ਬਕਵਾਸ ਸੁਣ ਸੁਣ ਕੇ...ਚਿੱਤ ਕਰਦਾ ਹੈ ਇਹਦੇ ਨਾਲੋਂ ਤਾਂ ਕੁਝ ਖਾ ਕੇ ਮਰ ਜਾਵਾਂ...ਪਰ ਬੱਚਿਆਂ ਦਾ ਖਿਆਲ ਆਉਂਦਾ ਹੈ ਤਾਂ ਕਚੀਚੀਆਂ ਵੱਟਦਾ ਰਹਿ ਜਾਂਦਾ

ਹਾਂ…ਕੁਝ ਕਰ ਨਹੀਂ ਸਕਦਾ…ਜੀਅ ਨਹੀਂ ਸਕਦਾ…ਮਰ ਨਹੀਂ ਸਕਦਾ…ਉਹਨੂੰ ਤਾਂ ਸ਼ਰਮ ਆਉਣੀ ਨਹੀਂ…ਬੇਸ਼ਰਮ ਔਰਤ ਹੈ…ਚੀਚੀ ਨੂੰ ਖੂਨ ਲਾ ਕੇ ਸ਼ਹੀਦ ਬਣਨ ਵਾਲੀ…ਪਰ ਅਸੀਂ ਤਾਂ ਸ਼ਰੀਫ ਬੰਦੇ ਹਾਂ…ਅਸੀਂ ਸਮਾਜ ਵਿਚ ਰਹਿਣਾ ਹੈ…ਜਦ ਹਰ ਜਣਾ ਖਣਾ ਮੇਰੇ ਕੋਲ ਆ ਕੇ ਘਰ ਦੀ ਗੱਲ ਕਰਦਾ ਹੈ ਤਾਂ ਮੇਰਾ ਖੂਨ ਖੌਲ ਉਠਦਾ ਹੈ…ਅਜੇ ਕਿਸੇ ਤੋਂ ਕਦੇ ਕੁਝ ਲਿਆ ਨਹੀਂ ਤਾਂ ਇਹ ਹਾਲ ਹੈ ਜੇ ਲਿਆ ਹੁੰਦਾ ਤਾਂ ਪਤਾ ਨਹੀਂ ਕੀ ਹਾਲ ਹੁੰਦਾ…?" ਪਾਰਥ ਕੁਰਲਾ ਉੱਠਿਆ।

"ਓਹ ਨੋ…! ਪਾਰਥ…ਪਲੀਜ ਚੁੱਪ ਹੋ ਜਾ…ਮੈਨੂੰ ਅਸਲ ਗੱਲ ਦਾ ਪਤਾ ਨਹੀਂ ਸੀ…ਇਸੇ ਲਈ ਮੈਥੋਂ ਏਨੀ ਵੱਡੀ ਭੁੱਲ ਹੋ ਗਈ ਏ…ਮੈਨੂੰ ਮਾਫ ਕਰਦੇ..ਪਲੀਜ.." ਪੱਲਵੀ ਨੂੰ ਜਿਥੇ ਪਾਰਥ ਦੀ ਗੱਲ ਸੁਣ ਹੈਰਾਨੀ ਹੋਈ ਉਥੇ ਉਹਦੀ ਹਾਲਤ ਦੇਖ ਪਸੀਜ ਵੀ ਗਈ ਸੀ।

"ਸੱਚ ਜਾਣੀ ਪਾਰਥ…ਮੈਨੂੰ ਨਹੀਂ ਸੀ ਪਤਾ ਮੈਡਮ ਮੋਹਨੀ ਤੇਰਾ ਨਾਂਅ ਲੈ ਲੈ ਕੇ ਇਸ ਤਰ੍ਹਾਂ ਦਾ ਛਲਾਵਾ ਮੇਰੇ ਨਾਲ ਕਰੇਗੀ…ਇੰਗਲੈਂਡ ਜਾਣ ਤੋਂ ਪਹਿਲਾਂ ਉਹਨੂੰ ਮਿਲੀ ਸਾਂ…ਉਸ ਕਿਹਾ ਸੀ ਕਿ ਉਹ ਦੋ ਜਾਂ ਤਿੰਨ ਕਮਰਿਆਂ ਦਾ ਫਲੈਟ ਤੇਰੇ ਲਈ ਦੇਖ ਰਹੀ ਹੈ। ਫੇਰ ਇੰਗਲੈਂਡ ਵਿਚ ਵੀ ਇਕ ਵਾਰ ਕਿਸੇ ਫੰਕਸ਼ਨ ਵਿਚ ਟੱਕਰ ਗਈ ਸੀ। ਮੈਨੂੰ ਦੇਖਦਿਆਂ ਹੀ ਉਸ ਤੈਨੂੰ ਘਰ ਲੈ ਕੇ ਦੇਣ ਦੀ 'ਖੁਸ਼ਖਬਰੀ' ਸੁਣਾ ਇੱਤੀ। ਉਸ ਲਗਦੇ ਹੱਥ ਇਹ ਵੀ ਕਿਹਾ ਸੀ, 'ਮਕਾਨ ਤਾਂ ਉਹਨੂੰ ਲੈ ਦਿੱਤੈ..ਹੋਰ ਦਸ ਮੈਂ ਉਹਦੇ ਲਈ ਕੀ ਕਰ ਸਕਦੀ ਹਾਂ…!' ਮੈਂ ਉਹਦਾ ਲੱਖ ਲੱਖ ਧੰਨਵਾਦ ਕੀਤਾ ਤੇ ਉਸ ਦਿਨ ਤੋਂ ਬਾਅਦ ਤਾਂ ਉਹ ਮੇਰੀਆਂ ਨਜ਼ਰਾਂ ਵਿਚ ਇਕ ਮਹਾਨ ਦੇਵੀ ਬਣ ਗਈ ਸੀ। ਪਰ ਅੱਜ…?" ਕਹਿੰਦਿਆਂ ਕਹਿੰਦਿਆਂ ਪੱਲਵੀ ਇਕ ਦਮ ਚੁੱਪ ਕਰ ਗਈ।

"ਲੈ ਹੋਰ ਸੁਣ ਲਓ…ਤੈਥੋਂ ਡਰਦੇ ਮਾਰੇ ਮੈਂ ਦਸ ਨਹੀਂ ਸਕੀ…ਸਾਡੇ ਘਰ ਨੇੜੇ ਇਕ ਬਜੁਰਗ ਰਹਿੰਦਾ ਹੈ। ਮੈਡਮ ਦਾ ਭਗਤ ਉਹ ਕਿੱਦਾ ਬਣ ਗਿਆ ਇਹ ਮੈਨੂੰ ਪਤਾ ਨਹੀਂ...1 ;ਉਹ ਚੰਗਾ ਭਲਾ ਆੱਟੋ ਰਿਕਸ਼ਾ ਚਲਾਉਂਦਾ ਸੀ। ਇਕ ਦਿਨ ਮੈਡਮ ਨੇ ਕਿੱਧਰੇ ਜਾਣਾ ਸੀ ਤੇ ਉਹ ਵੀ ਮੁਫਤ ਵਿਚ। ਉਹ ਮੈਡਮ ਦੇ ਢਏ ਚੜ੍ਹ ਗਿਆ। ਉਸ ਦੀ ਨਿਰਸਵਾਰਥ ਸੇਵਾ ਤੋਂ ਖੁਸ਼ ਹੋ ਕੇ ਮੈਡਮ ਨੇ ਉਸ ਨੂੰ ਵਰ ਦੇ ਦਿੱਤਾ, 'ਰੱਬ ਤੈਨੂੰ ਛੇਤੀ ਹੀ ਟੈਕਸੀ ਦਾ ਮਾਲਕ ਬਣਾਵੇ..!' 'ਪਰ ਮੈਡਮ ਜੀ, ਮੇਰੀ ਬੁੱਕਤ ਕਿੱਥੇ..' ਉਸ ਕਿਹਾ। 'ਲੈ ਇਹ ਵੀ ਕੋਈ ਗੱਲ ਹੈ..ਹਿੰਮਤ ਕਰ ਤੇਰੇ ਦੇਖਦੇ ਹੀ ਦੇਖਦੇ ਤੈਨੂੰ ਕਾਰ ਦੀ ਮਾਲਕ ਬਣਾ ਦੇਵਾਂਗੀ' ਮੈਡਮ ਉੱਚਰੀ। 'ਉਹ ਕਿੱਦਾਂ..?' 'ਇਹ ਤੂੰ ਜਾਣ ਦੇ, ਮੈਂ ਜਾਣਾ ਜਾਂ ਮੇਰਾ ਕੰਮ ਜਾਣੇ, ਹੁਣ ਤੂੰ ਜਾ..।' ਮੈਡਮ ਦੀਆਂ ਗੱਲਾਂ ਵਿਚ ਆ ਕੇ ਉਸ ਆਪਣਾ ਝੁੱਗਾ ਚੌੜ ਕਰਾ ਲਿਆ। ਕਾਰ ਤਾਂ ਕੀ ਮਿਲਣੀ ਸੀ, ਉਲਟਾ ਆਪਣਾ ਆਟੋ ਰਿਕਸ਼ਾ ਵੀ ਗੁਆ ਬੈਠਾ...!" ਵਨੀਤਾ ਦੀ ਗੱਲ ਸੁਣ ਸਾਰਿਆਂ ਦੇ ਮੂੰਹੋਂ ਇਕ ਸਾਰ ਨਿਕਲਿਆ, "ਹੈਂ..!"

"ਮੈਡਮ ਦੀ ਤਾਂ ਗੱਲ ਈ ਨਾ ਕਰੋ…ਇਸ ਤਰ੍ਹਾਂ ਦੇ ਪਤਾ ਨਹੀਂ ਕਿੰਨੇ ਕਿੱਸੇ ਕਹਾਣੀਆਂ ਸੁਣਨ ਨੂੰ ਮਿਲਦੇ ਰਹਿੰਦੇ ਨੇ।" ਸੰਧਿਆ ਨੇ ਆਪਣੀ ਚੁੱਪੀ ਤੋੜਦਿਆਂ ਹੌਲ਼ੀ ਜਿਹੇ ਕਿਹਾ।

"ਤੈਨੂੰ ਵੀ ਤਾਂ ਉਹ ਸ਼੍ਰੀ ਲੰਕਾ ਤੇ ਹੋਰ ਪਤਾ ਨਹੀਂ ਕਿੱਥੇ ਕਿੱਥੇ ਭੇਜਦੀ ਰਹੀ ਹੈ..?" ਵਨੀਤਾ ਨੇ ਉਸ ਨੂੰ ਚੇਤੇ ਕਰਾਇਆ।

"ਸੱਚ..? ਕਦ ਗਈ ਸੀ ਤੂੰ..?" ਪੱਲਵੀ ਨੇ ਪੁੱਛਿਆ।

"ਜਦ ਤੈਂ ਸੁਣਿਐ..!" ਸੰਧਿਆ ਨੇ ਦਸਿਆ।

"ਮੈਨੂੰ ਤਾਂ ਪਤਾ ਈ ਨਹੀਂ ਲੱਗਾ।" ਪੱਲਵੀ ਨੇ ਹੈਰਾਨ ਹੁੰਦਿਆਂ ਕਿਹਾ।

"ਤੁਹਾਨੂੰ ਪਤਾ ਕਿੱਦਾਂ ਲੱਗਣਾ ਸੀ, ਅਸੀਂ ਚੁੱਪ ਚੁਪੀਤੇ ਗਏ ਤੇ ਚੁੱਪ ਚੁਪੀਤੇ ਆ ਵੀ ਗਏ, ਸ਼੍ਰੀ ਲੰਕਾ ਕੀ ਮੈਂ ਤਾਂ ਸਾਰੀ ਦੁਨੀਆਂ ਗਾਹ ਛੱਡੀ ਹੈ, ਮੈਡਮ ਦੇ ਮਗਰ ਲੱਗ ਕੇ..!"

"ਉਹ ਤਾਂ ਧੋਲੇ ਦੀ ਦਵਾਲ ਨਹੀਂ ਕਿਸੇ ਨੂੰ ਤੁਹਾਡੇ 'ਤੇ ਏਨੀ ਮਿਹਰਬਾਨੀ ਕਿੱਦਾਂ ਹੋ ਗਈ...?" ਪਾਰਥ ਨੇ ਪੁਛਿਆ।

"ਲੈ ਇਹਦੇ ਵਿਚ ਕਿਹੜੀ ਵੱਡੀ ਗੱਲ ਹੈ। ਜਿੱਦਾਂ ਤੁਹਾਨੂੰ ਆਲੀਸ਼ਾਨ ਮਕਾਨ ਲੈ ਕੇ ਦੇ ਦਿੱਤਾ ਉਦਾਂ ਮੈਨੂੰ ਉਸ ਸਾਰੀ ਦੁਨੀਆਂ ਘੁੰਮਾ ਛੱਡੀ ਹੈ..!" ਸੰਧਿਆ ਦਾ ਜਵਾਬ ਸੁਣ ਸਾਰੇ ਦੰਗ ਰਹਿ ਗਏ।

ਪੱਲਵੀ ਲਈ ਇਹ ਆਮ ਵਰਤਾਰਾ ਨਹੀਂ ਸੀ। ਉਹ ਮੈਡਮ ਮੋਹਨੀ ਹੱਥੋਂ ਠੱਗੀ ਗਈ ਸੀ। ਉਸ ਦੇ ਵਿਸ਼ਵਾਸ ਦਾ ਘਾਣ ਹੋਇਆ ਸੀ। ਪਾਰਥ ਉਸ ਦੇ ਪਿਆਰੇ ਦੋਸਤ ਨਾਲ ਕਿੰਨਾ ਵੱਡਾ ਮਜਾਕ ਹੋਇਆ ਸੀ। ਉਸ ਹੱਥੋਂ ਜਿਹੜੀ ਹੁਣ ਤਕ ਉਹਦੇ ਲਈ ਵਿਸ਼ਵਾਸ ਦੀ ਮੂਰਤ ਰਹੀ ਸੀ। ਉਹ ਸੋਚ ਵੀ ਨਹੀਂ ਸਕਦੀ ਸੀ ਕਿ ਇੰਜ ਵੀ ਹੋ ਸਕਦਾ ਹੈ। ਸੰਧਿਆ ਵਲੋਂ ਪਾਰਥ ਨੂੰ ਕਹੇ ਗਏ ਇਹ ਸ਼ਬਦ 'ਜਿੱਦਾਂ ਤੁਹਾਨੂੰ ਆਲੀਸ਼ਾਨ ਮਕਾਨ ਲੈ ਕੇ ਦਿੱਤਾ ਉਦਾਂ ਮੈਨੂੰ ਉਸ ਸਾਰੀ ਦੁਨੀਆਂ ਘੁੰਮਾ ਛੱਡੀ ਹੈ' ਰਹਿ ਰਹਿ ਕੇ ਉਹਦੇ ਕੰਨਾਂ ਵਿਚ ਗੂੰਜ ਰਹੇ ਸਨ। ਉਹ ਬੁਰੀ ਤਰ੍ਹਾਂ ਝੰਝੋੜੀ ਗਈ। ਉਹ ਆਪੇ ਵਿਚ ਨਹੀਂ ਰਹੀ। ਉਹ ਤੜਪ ਉਠੀ। ਥੋੜ੍ਹੀ ਦੇਰ ਦੇ ਸੰਨਾਟੇ ਮਗਰੋਂ ਉਹਦੇ ਬੋਲ ਹੋਂਠਾਂ ਦੀ ਕੁਠਾਲੀ ਵਿਚੋਂ ਪਿਘਲੇ ਲੋਹੇ ਵਾਂਗ ਬਾਹਰ ਨਿਕਲਣ ਲੱਗੇ, "ਦਾਨੀ ਤਾਂ ਬਥੇਰੇ ਦੇਖੇ ਹਨ ਪਰ ਏਸ ਨਾਸ਼ਵਾਨ ਸੰਸਾਰ ਅੰਦਰ ਤੇਰੇ ਜਿਹਾ ਮਹਾਦਾਨੀ ਮੈਂ ਅੱਜ ਤਕ ਨਹੀਂ ਡਿੱਠਾ...ਤੈਨੂੰ ਪ੍ਰਣਾਮ ਕਰਾਂ ਜਾਂ ਜੁੱਤੀ ਚੁੱਕ ਕੇ ਤੇਰੇ ਸਿਰ 'ਤੇ ਮਾਰਦੀ ਚਲੀ ਜਾਵਾਂ...ਮੈਨੂੰ ਸਮਝ ਨਹੀਂ ਆਉਂਦਾ। ਨਿਰਾ ਪਖੰਡ...ਪ੍ਰਪੰਚ...ਢੌਂਗ...ਬਖਸ਼ੀਂ ਉਏ ਰੱਬਾ ਇਹੋ ਜਿਹੇ ਜਿੰਨਾਂ ਤੋਂ..!" ਲੋਹੀ ਲਾਖੀ ਹੋਈ ਪੱਲਵੀ ਹੋਰ ਪਤਾ ਨਹੀਂ ਕੀ ਕੁਝ ਬੋਲਦੀ ਚਲੀ ਗਈ।

(28-6-2016)

09810628570 (ਫੋਨ)

I-263, karampura,
New Delhi-110015

(Broadcast on A. I. R.)

## ਬਸ ਏਨਾ ਹੀ

ਅਸ਼ੋਕ ਵਾਸਿਸ਼ਠ

***'ਮੋਹਬਤ ਕੀ ਝੂਠੀ ਕਹਾਨੀ ਪੇ ਰੋਏ***
***ਬਹੁਤ ਚੋਟ ਖਾਈ ਜਵਾਨੀ ਪੇ ਰੋਏ..'***

ਸ਼ਿਵਾਜੀ ਸਟੇਡੀਅਮ ਤੋਂ ਪੰਜਾਬੀ ਬਾਗ ਵੱਲ ਜਾਂਦੀ ਕਲਸਟਰ ਬਸ ਦੇ ਡਰਾਈਵਰ ਨੇ ਪੁਰਾਣੇ ਗਾਣਿਆਂ ਦਾ ਰਿਕਾਰਡ ਚਾਲੂ ਕੀਤਾ ਤਾਂ ਉਸ ਦਾ ਪਹਿਲਾ ਗੀਤ ਇਹੋ ਸੀ। ਸੀਨੀਅਰ ਸਿਟੀਜਨ ਵਾਲੀ ਸੀਟ 'ਤੇ ਬੈਠਾ ਜਤਿਨ ਖੁਸ਼ੀ ਵਿਚ ਉੱਛਲ ਪਿਆ। ਵਾਹ, ਮਜਾ ਆ ਗਿਆ... 'ਮੋਹਬਤ ਕੀ ਝੂਠੀ ਕਹਾਨੀ ਪੇ ਰੋਏ...' ਕਿਆ ਬਾਤ ਹੈ। ਗੀਤਕਾਰ ਦੇ ਬੋਲ ਨਹੀਂ ਸਗੋਂ ਉਸ ਦੀ ਰੂਹ ਬੋਲ ਰਹੀ ਹੈ..! "ਕੀ ਖਿਆਲ ਹੈ, ਤੁਹਾਡਾ..?" ਉਸ ਨੇ ਨਾਲ ਬੈਠੀ ਮਹਿਲਾ ਸਵਾਰੀ ਵੱਲ ਦੇਖ ਕੇ

ਪੁਛਿਆ। ਉਹ ਥੋੜ੍ਹਾ ਸ਼ਰਮਾਈ...ਪੁਰਾਣੇ ਜਮਾਨੇ ਦੀ ਹੁੰਦੀ ਤਾਂ ਖਬਰੇ ਗੱਲ ਈ ਨਾ ਕਰਦੀ। ਉਹ ਨਵੇਂ ਜ਼ਮਾਨੇ ਦੀ ਸੀ, ਪਰ ਬੰਦਾ ਤੇ ਵਿਸ਼ੇਸ਼ ਤੌਰ ਤੇ ਮੁਟਿਆਰ ਭਾਵੇ ਕਿੰਨੀ ਵੀ ਖੁਲ੍ਹੇ ਸੁਭਾਅ ਦੀ ਕਿਉਂ ਨਾ ਹੋਵੇ, ਕਿਸੇ ਅਜਨਬੀ ਵਲੋਂ ਏਸ ਤਰ੍ਹਾਂ ਅਚਾਨਕ ਕੁਝ ਪੁੱਛੇ ਜਾਣ 'ਤੇ ਸੰਕੋਚ ਤੋਂ ਕੰਮ ਲੈਂਦੀ ਹੀ ਹੈ। ਮੁਟਿਆਰ ਨੇ ਕੁਝ ਬੋਲਣ ਤੋਂ ਸੰਕੋਚ ਕਰਨਾ ਚਾਹਿਆ ਪਰ ਉਹ ਬਹੁਤੀ ਦੇਰ ਇਸ ਮਨ ਸਥਿਤੀ ਵਿਚ ਨਹੀਂ ਰਹੀ ਤੇ ਛੇਤੀ ਹੀ ਤਬਲੇ ਦੀ ਸੰਗਤ ਕਰਨ ਲਈ ਮੈਦਾਨ ਵਿਚ ਨਿੱਤਰ ਆਈ।

ਉਸ ਦੇ ਰੁਖ ਤੋਂ ਇਹੋ ਪ੍ਰਤੀਤ ਹੁੰਦਾ ਸੀ ਕਿ ਉਸ ਨੂੰ ਆਲੇ ਦੁਆਲੇ ਦੀ ਬਹੁਤੀ ਪਰਵਾਹ ਨਹੀਂ ਹੈ। ਉਸ ਨੇ ਨਿਧੜਕ ਹੋ ਕੇ ਜਤਿਨ ਨੂੰ ਇਕ ਨਜ਼ਰ ਦੇਖਿਆ...ਖਬਰੇ ਉਸ ਨੂੰ ਕੀ ਚੰਗਾ ਲੱਗਾ...ਉਹਨੇ ਉਸ ਨਾਲ ਖੁਲ੍ਹਣ ਵਿਚ ਦੇਰ ਨਹੀਂ ਲਾਈ।

"ਹੋ ਸਕਦਾ ਹੈ, ਉਸ ਨੇ ਮੋਹਬਤ ਵਿਚ ਠੋਕਰ ਖਾਧੀ ਹੋਵੇ...! ਇਸੇ ਲਈ...!"

"ਗੱਲ ਤਾਂ ਤੁਹਾਡੀ ਠੀਕ ਹੈ...ਪਰ ਮੈਡਮ..." ਮੈਡਮ ਸ਼ਬਦ ਬੋਲਦਿਆਂ ਜਤਿਨ ਰੁਕ ਗਿਆ।

"ਹਾਂ ਹਾਂ...ਰੁਕ ਕਿਉਂ ਗਏ...? ਬੋਲੋ ਨਾ..!"

"ਜਦ ਸਾਡੇ ਵਿਚਕਾਰ ਏਨਾ ਵਧੀਆ ਵਾਰਤਾਲਾਪ ਚਲ ਹੀ ਪਿਆ ਹੈ ਤਾਂ ਇਕ ਦੂਜੇ ਨਾਲ ਥੋੜ੍ਹੀ ਜਿਹੀ ਜਾਣ ਪਛਾਣ ਹੋ ਈ ਜਾਣੀ ਚਾਹੀਦੀ ਹੈ। ਏਸ ਨਾਚੀਜ ਨੂੰ ਲੋਕ ਜਤਿਨ ਨਾਂਅ ਨਾਲ ਪੁਕਾਰਦੇ ਨੇ..।"

"ਮੈ ਜੰਨਤ ਹਾਂ...!"

"ਜੰਨਤ...? ਕੀ ਤੁਸੀਂ ਸਚਮੁਚ ਦੀ ਜੰਨਤ ਹੋ...?"

"ਹਾਂ, ਮੈਂ ਸਚਮੁਚ ਦੀ ਜੰਨਤ ਹਾਂ...ਕੋਈ ਸ਼ੱਕ..?"

"ਥੋੜ੍ਹਾ ਸ਼ੱਕ ਜਰੂਰ ਹੈ...!"

"ਉਹ ਕਿੱਦਾਂ...?"

"ਜੰਨਤ ਭਾਵੇਂ ਜੰਨਤ ਈ ਹੁੰਦੀ ਐ...ਪਰ ਉਹ ਏਨੀ..."

"ਬਸ ਰਹਿਣ ਦਿਓ ਹੁਣ...ਮੈਂ ਜਾਣਦੀ ਹਾਂ...ਤੁਸੀਂ ਕੀ ਕਹਿਣ ਜਾ ਰਹੇ ਹੋ..!"

"ਚਲੋ ਨਾ ਸਹੀ...ਪਰ ਇਕ ਗੱਲ ਤਾਂ ਕਹਿ ਹੀ ਸਕਦਾਂ..!"

"ਤੁਸੀਂ ਜੰਨਤ ਨੂੰ ਮਾਤ ਪਾਉਣ ਵਾਲੀ ਜੰਨਤ ਹੋ..!"

"ਏਸ ਗੱਲ ਨੂੰ ਛੱਡੋ। ਮੈਨੂੰ ਇਹ ਦੱਸੋ...ਇਹੋ ਜਿਹਾ ਸੋਗੀ ਗਾਣਾ ਸੁਣ ਕੇ ਤੁਸੀਂ ਉੱਛਲ ਕਿਉਂ ਪਏ ਸੀ...?" ਜੰਨਤ ਨੇ ਗੱਲ ਹੋਰ ਪਾਸੇ ਪਾਉਣ ਲਈ ਜਤਿਨ ਤੇ ਸਵਾਲ ਦਾ ਗੋਲਾ ਦਾਗ ਦਿੱਤਾ।

"ਜਿਨ੍ਹਾਂ ਪਿਆਰ ਵਿਚ ਠੋਕਰ ਖਾਧੀ ਹੁੰਦੀ ਹੈ, ਉਹਨਾਂ ਦੀ ਹਾਲਤ ਇਹੋ ਜਿਹੀ ਬਣ ਜਾਂਦੀ ਹੈ...ਉਹ ਨਾ ਜਿਉਂਦਿਆਂ ਵਿਚ ਰਹਿੰਦੇ ਹਨ ਤੇ ਨਾ ਮੋਇਆਂ ਵਿਚ। ਗੀਤਕਾਰ ਨੇ ਪਿਆਰ ਵਿਚ ਮੋਏ ਬੰਦਿਆਂ ਦੀ ਮਨੋ ਸਥਿਤੀ ਦਾ ਵਰਨਣ ਬਹੁਤ ਸਿਆਣਪ ਨਾਲ ਕੀਤਾ ਹੈ। ਗੀਤ ਦੇ ਬੋਲ ਦਿਲ ਨੂੰ ਛੁਹੰਦੇ ਹਨ...।"

"ਤੁਹਾਡੇ ਵੱਲ ਦੇਖ ਮੈਨੂੰ ਲੱਗਦਾ ਨਹੀਂ...ਤੁਸੀਂ ਕਦੇ ਪਿਆਰ ਵਿਚ ਠੋਕਰ ਖਾਧੀ ਹੋਵੇਗੀ...।"

"ਤੁਸੀਂ ਠੀਕ ਕਿਹੈ...ਮੈਂ ਪਿਆਰ ਵਿਚ ਠੋਕਰ ਕਦੇ ਨਹੀਂ ਖਾਧੀ...ਇਸ ਦਰਦ ਦੀ ਥਾਹ ਪਾਉਣਾ ਮੇਰੇ ਲਈ ਮੁਸ਼ਕਲ ਹੈ...ਇਸ ਗੀਤ ਦੇ ਬੋਲ ਏਨੇ ਦਰਦ ਭਿੰਨੇ ਹਨ ਕਿ ਮੇਰਾ ਮਨ ਬਦੋਬਦੀ ਉਸ ਕਲਪਿਤ ਪ੍ਰੇਮੀ ਲਈ ਕੁਰਲਾ ਉਠਿਐ ਜਿਸ ਪਿਆਰ ਦੇ ਮਾਮਲੇ ਵਿਚ ਠੋਕਰ ਖਾਧੀ ਹੋਵੇਗੀ...।"

"ਦੂਜੇ ਦਾ ਦਰਦ ਦੇਖ ਜਾਂ ਸੁਣ ਕੇ ਜਿਨ੍ਹਾਂ ਦੀ ਆਤਮਾ ਕਰਲਾ ਉੱਠਦੀ ਹੈ, ਉਹ ਬੰਦੇ ਸੰਵੇਦਨਸ਼ੀਲ ਹੁੰਦੇ ਨੇ...ਬਿਲਕੁਲ ਤੁਹਾਡੇ ਜਿਹੇ.." ਜੰਨਤ ਨੇ ਪਹਿਲਾਂ ਤਾਂ ਮੋਹ ਦੀ ਵਰਖਾ ਕਰਦੀਆਂ ਨਜ਼ਰਾਂ ਨਾਲ ਜਤਿਨ ਨੂੰ ਤੱਕਿਆ ਤੇ ਫੇਰ ਹੌਲੀ ਜਿਹੇ ਕਿਹਾ। ਪਹਿਲਾ ਗਾਣਾ ਖਤਮ ਹੋਣ ਮਗਰੋਂ ਰਿਕਾਰਡਰ 'ਤੇ ਦੂਜਾ ਗਾਣਾ ਸ਼ੁਰੂ ਹੋ ਗਿਆ। ਉਸ ਦੇ ਬੋਲ ਸਨ:

*"ਤੁਮ ਅਗਰ ਮੁਝ ਕੋ ਨਾ ਚਾਹੋ*
*ਤੋ ਕੋਈ ਬਾਤ ਨਹੀਂ*
*ਤੁਮ ਕਿਸੀ ਔਰ ਕੋ ਚਾਹੋਗੀ*
*ਤੋ ਮੁਸ਼ਕਿਲ ਹੋਗੀ।"*

"ਵਾਹ...ਅਰੇ ਵਾਹ...ਕਿਆ ਬਾਤ ਹੈ...!" ਜਤਿਨ ਨੇ ਗੀਤ ਦੇ ਬੋਲਾਂ ਨੂੰ ਖੁਲ੍ਹੇ ਦਿਲ ਨਾਲ ਦਾਦ ਦਿੱਤੀ।

"ਹੌਲੀ, ਬਸ ਵਿਚ ਹੋਰ ਲੋਕ ਵੀ ਬੈਠੇ ਨੇ...!" ਜੰਨਤ ਨੇ ਤਾੜਿਆ।

"ਸੱਤ ਬਚਨ ਮਹਾਰਾਜ...।"

"ਪਰ ਇਹਦੇ ਵਿਚ ਏਨਾ ਖੁਸ਼ ਹੋਣ ਵਾਲੀ ਕਿਹੜੀ ਗੱਲ ਹੈ...?" ਜਤਿਨ ਨੂੰ ਉੱਛਲਦਿਆਂ ਦੇਖ ਜੰਨਤ ਨੇ ਸ਼ਬਦੀ ਬਾਣ ਛਡਿਆ।

"ਗੱਲ ਭਾਵੇਂ ਕੋਈ ਨਹੀਂ ਪਰ ਗੀਤ ਦੇ ਦਿਲ ਨੂੰ ਛੂ ਜਾਣ ਵਾਲੇ ਬੋਲ ਸੁਣ ਬਦੋ ਬਦੀ ਉੱਛਲ ਪਿਆ...1" ਜਤਿਨ ਨੇ ਸਫਾਈ ਦਿੱਤੀ।

"ਤੁਸੀਂ ਘਰ ਨਹੀਂ ਬੈਠੇ...ਬੰਦੇ ਨੂੰ ਆਲੇ ਦੁਆਲੇ ਦਾ ਖਿਆਲ ਰਖਣਾ ਚਾਹੀਦਾ..." ਜੰਨਤ ਦੀ ਨਸੀਹਤ ਸੁਣ ਜਤਿਨ ਚੁਪ ਕਰਕੇ ਗੀਤ ਸੁਨਣ ਲੱਗ ਪਿਆ। ਉਹਨੂੰ ਚੁੱਪ ਬੈਠਾ ਦੇਖ ਜੰਨਤ ਨੂੰ ਚੰਗਾ ਨਹੀਂ ਲੱਗਾ। ਉਸ ਨੇ ਕੂਹਣੀ ਮਾਰਦਿਆਂ ਕਿਹਾ, "ਮੈਂ ਤੁਹਾਨੂੰ ਉੱਛਲਣ ਤੋਂ ਵਰਜਿਐ...ਮੌਨ ਵਰਤ ਰਖਣ ਲਈ ਨਹੀਂ ਕਿਹਾ...।"

"ਉਹ...ਮੈਂ ਤਾਂ ਡਰ ਈ ਗਿਆ ਸਾਂ...।"

"ਅੱਛਾ...?" "ਹੋਰ ਨਹੀਂ ਤਾਂ ਕੀ...।" "ਘਰ ਵੀ ਏਦਾਂ ਕਰਦੇ ਓ...।" "ਘਰ ਕੀ ਤੇ ਬਾਹਰ ਕੀ...ਜਦ ਥਾਣੇਦਾਰ ਘੁਰਕੀ ਮਾਰਦੈ ਤਾਂ ਵੱਡੇ ਵੱਡੇ ਦੀ ਹਵਾ ਨਿੱਕਲ ਜਾਂਦੀ ਐ...।" "ਪਰ ਤੁਸੀਂ ਏਨੇ ਵੀ ਸ਼ਰੀਫ ਨਹੀਂ ਲੱਗਦੇ..!" "ਸਹੁੰ ਰੱਬ ਦੀ...ਮੈਂ ਬੇਸਿਕਲੀ ਸ਼ਰੀਫ ਆਦਮੀ ਹਾਂ...।" "ਤੁਸੀਂ ਕਹਿੰਦੇ ਹੋ ਤਾਂ ਮੰਨ ਲੈਂਦੇ ਹਾਂ...ਸ਼੍ਰੀਮਾਨ ਜਤਿਨ ਜੀ...!" "ਇਹਦੇ ਲਈ ਸ਼ੁਕਰੀਆ...!"

"ਇਸ ਗਾਣੇ ਨੇ ਮੋਹ ਲਿਆ ਬਈ। ਗੀਤਕਾਰ ਨੇ ਮੇਰੇ ਦਿਲ ਦੀ ਗੱਲ ਕਹੀ ਹੈ...!"

"ਤੁਹਾਡਾ ਇਸ਼ਾਰਾ ਕਿਧਰ ਹੈ...?"

"ਮਰਨੈ ਮੈਂ...ਇਹ ਦੱਸਕੇ...!"

"ਜੇ ਇਹ ਕਹਿ ਸਕਦੇ ਹੋ ਕਿ ਗੀਤਕਾਰ ਨੇ ਤੁਹਾਡੇ ਦਿਲ ਦੀ ਗੱਲ ਕੀਤੀ ਹੈ ਤਾਂ ਇਹ ਦੱਸਣ ਵਿਚ ਕੀ ਹਰਜ ਹੈ...!"

"ਹਰਜ ਹੈ...ਮੈਡਮ ਜੀ...ਹਰਜ ਹੈ...! ਜੇ ਮੈਂ ਉਸ ਨਾਜ਼ਨੀਨ ਨੂੰ ਇਹ ਦੱਸ ਦੇਵਾਂ..."

"ਕੀ ਦੱਸ ਦੇਵਾਂ...?" ਜਤਿਨ ਨੂੰ ਵਿਚੋਂ ਟੋਕਦਿਆਂ ਜੰਨਤ ਨੇ ਉਸ ਨੂੰ ਟੋਹਿਆ।

"ਛੱਡੋ ਜੀ...ਤੁਸੀਂ ਕੀ ਲੈਣਾ ਇਹ ਜਾਣ ਕੇ...ਤੁਸੀਂ ਬਸ ਗੀਤ ਦਾ ਮਜ਼ਾ ਲਓ...!"

"ਜੇ ਬੰਦਾ ਪਹਿਲਾਂ ਹੀ...ਕਿਸੇ ਨਾਲ ਬੱਝ ਚੁੱਕਾ ਹੋਵੇ...ਬਾਲ ਬੱਚਿਆਂ ਵਾਲਾ ਹੋਵੇ...ਫੇਰ..?"

"ਇਸ ਨਾਲ ਕੋਈ ਫਰਕ ਨਹੀਂ ਪੈਂਦਾ...!"

"ਉਹ ਕਿੱਦਾਂ...?"

"ਪਿਆਰ ਦਾ ਜਜ਼ਬਾ ਦੁਨਿਆਵੀ ਸਬੰਧਾਂ ਦਾ ਮੋਹਤਾਜ ਨਹੀਂ...ਪਿਆਰ ਕਰਨ ਦੀ ਚੀਜ ਹੈ...ਪਿਆਰ ਮਾਨਣ ਦੀ ਚੀਜ ਹੈ...ਦੁਨਿਆਵੀ ਰਿਸ਼ਤੇ ਆਪਣੀ ਥਾਂ ਰਹੇ...ਇਹ ਬੜੀ ਉੱਚੀ ਚੀਜ ਹੈ...!"

“ਪਰ ਜੇ ਤੁਹਾਨੂੰ ਪਤਾ ਲੱਗ ਜਾਵੇ ਕਿ ਤੁਸੀਂ ਜਿਸ ਨੂੰ ਚਾਹੁੰਦੇ ਹੋ ਜਾਂ ਚਾਹੁਣ ਲੱਗ ਪਏ ਹੋ…ਉਹ ਕਿਸੇ ਦੀ ਪਤਨੀ ਹੈ..ਕਿਸੇ ਦੀ ਮਾਂ ਹੈ..!”

“ਮੈਂ ਕਿਸੇ ਤੋਂ ਉਹਦੀ ਪਤਨੀ, ਬੱਚਿਆਂ ਤੋਂ ਉਨ੍ਹਾਂ ਦੀ ਮਾਂ ਖੋਹਣ ਦੀ ਗੱਲ ਤਾਂ ਨਹੀਂ ਕੀਤੀ।”

“ਤੁਸੀਂ ਕਰ ਵੀ ਨਹੀਂ ਸਕਦੇ…!”

“ਮੈਂ ਸੋਚ ਵੀ ਨਹੀਂ ਸਕਦਾ…ਕਰਨਾ ਤਾਂ ਇਕ ਪਾਸੇ ਰਿਹਾ…!”

“ਹੁਣ ਕੀ ਕਹਿ ਰਹੇ ਸੀ…ਗਾਣੇ ਦੇ ਬੋਲ ਸੁਣ ਕੇ..?”

“ਘੱਟੋ ਘੱਟ ਇਹ ਗੱਲ ਤਾਂ ਮੈਂ ਨਹੀਂ ਕੀਤੀ…!”

“ਚਲੋ, ਮੰਨ ਲਿਆ। ਜੇ ਕੋਈ ਤੁਹਾਨੂੰ ਦਿਲ ਦੇ ਬੈਠੇ…?”

“ਉਹਨੂੰ ਕੋਈ ਨੁਕਸਾਨ ਨਹੀਂ ਹੋਣ ਲੱਗਾ…!”

“ਉਹ ਕਿਵੇਂ..?”

“ਅਸੀਂ ਕੋਈ ਗਲਤ ਗੱਲ ਕਰਨੀ ਹੀ ਨਹੀਂ..ਨਾ ਬਈ ਨਾ!” ਉਸ ਕੰਨਾਂ ਨੂੰ ਹੱਥ ਲਾਏ…ਉਹਦੀ ਅਦਾ ਦੇਖ ਜੰਨਤ ਦਾ ਹਾਸਾ ਨਿੱਕਲ ਗਿਆ।

“ਸ਼੍ਰੀਮਾਨ ਜਤਿਨ ਜੀ, ਮੈਨੂੰ ਇਕ ਗੱਲ ਦੱਸੋ..। ਮੰਨ ਲਓ…ਤੁਸੀਂ ਹੁਣ ਵਾਲੀ ਚੜ੍ਹਦੀ ਜਵਾਨੀ ਭਾਵ ਨੌਜਵਾਨੀ ਵਿਚ ਨਹੀਂ ਹੋ…ਜਵਾਨੀ ਦੇ ਅਸਲ ਦਿਨ ਸ਼ੁਰੂ ਹੋ ਚੁੱਕੇ ਹਨ। ਤੁਹਾਡਾ ਵਿਆਹ ਨਹੀਂ ਹੋਇਆ। ਬਾਲ ਬੱਚਿਆਂ ਦਾ ਸਵਾਲ ਈ ਪੈਦਾ ਨਹੀਂ ਹੁੰਦਾ। ਜੇ ਤੁਸੀਂ ਕਿਸੇ ਨੂੰ ਦਿਲ ਦੇ ਬਹਿੰਦੇ ਹੋ ਪਰ ਉਹ ਕਿਸੇ ਹੋਰ ਨੂੰ ਚਾਹੁੰਦੀ ਹੈ। ਉਸ ਹਾਲਤ ਵਿਚ ਤੁਸੀਂ ਕੀ ਕਰੋਗੇ..?”

“ਜੇ ਉਹ ਕਿਸੇ ਹੋਰ ਨੂੰ ਚਾਹੁੰਦੀ ਹੈ…ਤਾਂ ਮੈਂ ਕੀ ਕਰਾਂਗਾ..? ਪਹਿਲੀ ਗੱਲ, ਜੇ ਮੇਰਾ ਪਿਆਰ ਸ਼ੁਰੂ ਨਹੀਂ ਹੋਇਆ ਤਾਂ ਬਿਨਾ ਮਤਲਬ ਦੂਜੇ ਦੇ ਮਾਮਲੇ ਵਿਚ ਟੰਗ ਅੜਾਉਣ ਵਾਲਾ ਮੈਂ ਕੌਣ ਹੁੰਨਾ…ਤੇ ਜੇਕਰ ਪਿਆਰ ਪੈ ਜਾਣ ਤੋਂ ਬਾਅਦ ਇਹੋ ਜਿਹਾ ਕੁਝ ਹੋ ਜਾਂਦਾ ਤਾਂ ਥੋੜ੍ਹੀ ਮੁਸ਼ਕਲ ਜਰੂਰ ਹੋ ਜਾਂਦੀ। ਮੈਂ ਝੂਠ ਨਹੀਂ ਬੋਲਦਾ।” ਜਤਿਨ ਨੇ ਭੋਲੇਪਨ ਵਿਚ ਕਹਿ ਦਿੱਤਾ।

“ਪਰ ਪਿਆਰ ਤਾਂ ਦੋਹੀਂ ਪਾਸੇ ਹੋਣਾ ਚਾਹੀਦਾ ਹੈ..?” ਜੰਨਤ ਨੇ ਉਸ ਨੂੰ ਹੋਰ ਟੋਹਣ ਦੇ ਮੰਤਵ ਨਾਲ ਪੁੱਛਿਆ।

“ਤੁਸੀਂ ਠੀਕ ਕਹਿੰਦੇ ਹੋ…ਇਕ ਪਾਸੜ ਪਿਆਰ ਨਿਰਾ ਧੋਖਾ ਹੁੰਦਾ ਏ। ਆਪਣੇ ਆਪ ਨੂੰ ਧੋਖੇ ਵਿਚ ਰੱਖਣਾ, ਇਹ ਕੋਈ ਚੰਗੀ ਗੱਲ ਤਾਂ ਨਹੀਂ। ਪਰ ਜੇਕਰ ਬੰਦੇ ਤੋਂ ਨਾ ਨਾ ਕਰਦੇ ਵੀ ਇਹੋ ਜਿਹੀ ਬੇਵਕੂਫੀ ਹੋ ਜਾਂਦੀ ਹੈ ਤਾਂ ਦਿਲ ਨੂੰ ਸਮਝਾਉਣਾ ਚਾਹੀਦਾ ਹੈ!”

“ਮਤਲਬ, ਤੁਸੀਂ ਪਿੱਛੇ ਹਟ ਜਾਂਦੇ…?”

“ਕਿਸੇ ਬੰਦੇ ਦੇ ਤੁਹਾਡੇ ਜੀਵਨ ਵਿਚ ਆਉਣ ਜਾਂ ਨਾ ਆਉਣ ਨਾਲ ਜੀਵਨ ਦੀ ਗੱਡੀ ਰੁੱਕ ਨਹੀਂ ਜਾਂਦੀ…ਇਹ ਚਲਦੀ ਰਹਿੰਦੀ ਹੈ…!” ਜਤਿਨ ਨੇ ਦ੍ਰਿੜ੍ਹਤਾ ਨਾਲ ਜਵਾਬ ਦਿੱਤਾ।

“ਪਰ ਤੁਸੀਂ ਉਸ ਨੂੰ ਆਪਣੇ ਪਿਆਰ ਦੀ ਦੁਹਾਈ ਤਾਂ ਦੇ ਈ ਸਕਦੇ ਹੋ…!”

“ਕਾਹਦੇ ਲਈ…?”

“ਪਿਆਰ ਲਈ…!”

“ਜਿਹੜਾ ਪਿਆਰ ਮੇਰਾ ਨਹੀਂ, ਕਿਸੇ ਹੋਰ ਦਾ ਏ…ਉਸ ਤੋਂ ਲਾਂਭੇ ਹਟ ਜਾਣ ਵਿਚ ਈ ਸਿਆਣਪ ਏ..!” ਜਤਿਨ ਨੇ ਦਾਨੀ ਗੱਲ ਕੀਤੀ।

“ਤੁਹਾਡੇ ਉੱਚੇ-ਸੁੱਚੇ ਵਿਚਾਰ ਸੁਣ ਕੇ ਚੰਗਾ ਲੱਗਾ..!”

***ਜੀਵਨ ਕੇ ਦੋ ਪਹਿਲੂ ਹੈਂ***

***ਹਰਿਆਲੀ ਔਰ ਰਾਸਤਾ॥***

"ਲੈ ਗੱਲਾਂ ਵਿਚ ਪਤਾ ਈ ਨਹੀਂ ਲੱਗਾ। ਏਧਰ ਨਵਾਂ ਗਾਣਾ ਸ਼ੁਰੂ ਹੋ ਚੁਕੈ ਤੇ ਅਸੀਂ ਪਹਿਲੇ ਮਗਰ ਈ ਲੱਗੇ ਹੋਏ ਹਾਂ।" ਨਵੇਂ ਗਾਣੇ ਦੇ ਬੋਲ ਕੰਨਾਂ ਵਿਚ ਪਏ ਤਾਂ ਜਤਿਨ ਬੋਲ ਪਿਆ।

"ਗਾਣਾ ਇਹ ਵੀ ਚੰਗੈ..!"

"ਓਏ ਹੋਏ...ਹੋਏ.. ! 'ਜੀਵਨ ਕੇ ਦੋ ਪਹਿਲੂ ਹੈਂ...ਹਰਿਆਲੀ ਔਰ ਰਾਸਤਾ' ਗੱਲ ਤਾਂ ਠੀਕ ਹੈ। ਮੈਥੋਂ ਚੰਗੀ ਤਰ੍ਹਾਂ ਹੋਰ ਕੌਣ ਜਾਣ ਸਕਦੈ।"

"ਕਿਉਂ ਤੁਸੀਂ ਕੋਈ ਖਾਸ ਹੋ..?"

"ਖਾਸ ਕੀ ਹੁੰਦਾ ਮੈਂ ਨਹੀਂ ਜਾਣਦਾ...ਮੈਂ ਜਿਹੋ ਜਿਹਾ ਹਾਂ ਠੀਕ ਹਾਂ।"

"ਤੁਹਾਡੀ ਗੱਲ ਤੋਂ ਲੱਗਦਾ ਹੈ...ਤੁਸੀਂ ਜੀਵਨ ਵਿਚ ਬਹੁਤੀ ਖੁਸ਼ੀ ਨਹੀਂ ਦੇਖੀ।"

"ਜੱਗੋਂ ਬਾਹਰਾ ਦੁੱਖ ਵੀ ਤਾਂ ਨਹੀਂ ਦੇਖਿਆ। ਸਾਡੇ ਜਿਹੀ ਹੈਸੀਅਤ ਦੇ ਬੰਦੇ ਲਈ ਏਨਾ ਹੀ ਕਾਫੀ ਹੈ..।"

"ਫੇਰ ਵੀ ਤੁਸੀਂ ਇਹ ਗਾਣਾ ਸੁਣ ਕੇ ਝੂਮ ਉੱਠੇ ਹੋ...!" ਜੰਨਤ ਨੇ ਚੁਟਕੀ ਲਈ।

"ਕਿਉਂਕਿ ਗੀਤਕਾਰ ਨੇ ਜੀਵਨ ਦੀ ਹਕੀਕਤ ਬਿਆਨ ਕੀਤੀ ਹੈ।"

"ਜਰਾ ਖੋਲ੍ਹ ਕੇ ਦੱਸੋਗੇ...ਪਲੀਜ..!"

"ਜੀਵਨ ਦੇ ਇਹੋ ਦੋ ਪਹਿਲੂ ਨੇ ਮੈਡਮ। ਮੈਂ ਭਾਵੇਂ ਬਹੁਤੀ ਹਰਿਆਲੀ ਨਹੀਂ ਦੇਖੀ, ਪਰ ਦੇਖੀ ਤਾਂ ਹੈ...ਤੇ ਰਹੀ ਰਸਤੇ ਦੀ ਗੱਲ...ਸਾਰੇ ਲੋਕ ਰਸਤੇ ਦੇਖਦੇ ਹਨ...ਚੰਗੇ ਵੀ ਤੇ ਮਾੜੇ ਵੀ। ਇਹ ਸਾਡੀ ਸਾਰਿਆਂ ਦੀ ਹੋਣੀ ਹੈ। ਰਸਤੇ ਸਾਨੂੰ ਬਹੁਤ ਕੁਝ ਸਿਖਾ ਦਿੰਦੇ ਹਨ...ਆਦਮੀ ਧੱਕੇ ਖਾ ਕੇ ਈ ਬਣਦੈ...ਇਹ ਇਸ ਦਾ ਚੰਗਾ ਪਹਿਲੂ ਹੈ।"

"ਬਹੁਤ ਖੂਬ...ਗੱਲ ਨੂੰ ਮੋੜ ਚੰਗਾ ਦੇ ਲੈਂਦੇ ਹੋ..! ਸਾਫ-ਸਾਫ ਕਿਉਂ ਨਹੀਂ ਕਹਿੰਦੇ ਮੈਂ ਹਰਿਆਲੀ ਨਹੀਂ ਦੇਖੀ, ਸੜਕਾਂ 'ਤੇ ਧੱਕੇ ਖਾਧੇ ਨੇ...!"

"ਸੜਕਾਂ 'ਤੇ ਧੱਕੇ ਕੌਣ ਨਹੀਂ ਖਾਂਦਾ..! ਦੂਜੀ ਗੱਲ, ਮੈਂ ਤਾਂ ਹੁਣ ਵੀ ਹਰਿਆਲੀ ਮਾਣ ਰਿਹਾਂ...!"

ਜਤਿਨ ਕੀ ਕਹਿਣਾ ਚਾਹੁੰਦਾ ਹੈ...ਜੰਨਤ ਸਮਝ ਤਾਂ ਗਈ ਪਰ ਫੇਰ ਵੀ ਉਹਦੇ ਮੂੰਹ ਵਿਚੋਂ ਆਪ ਮੁਹਾਰੇ ਨਿਕਲ ਗਿਆ, "ਉਹ ਕਿੱਦਾਂ..?"

"ਦੇਖੋ, ਏਨੀ ਖੂਬਸੂਰਤ...ਏਨੀ..." "ਬਸ ਬਸ ਰਹਿਣ ਦਿਓ...ਚੁੱਪ ਕਰ ਜਾਓ ਹੁਣ...ਹੋਰ ਨਹੀਂ ਬੋਲਣਾ...ਇਥੇ ਅਸੀਂ ਇਕੱਲੇ ਕਾਰੇ ਨਹੀਂ ਬੈਠੇ...!" ਜੰਨਤ ਨੇ ਉਸ ਨੂੰ ਤਾੜ ਦਿੱਤਾ ਪਰ ਉਸ ਦੀ ਗੱਲ ਤੋਂ ਖੁਸ਼ ਹੋਏ ਬਿਨਾਂ ਨਹੀਂ ਰਹੀ।

"ਜੇ ਕਹੋ ਤਾਂ ਗਾਣੇ ਨੂੰ ਮਾਣ ਲਵਾਂ...!" ਜਤਿਨ ਨੇ ਗੱਲ ਦੂਜੇ ਪਾਸੇ ਪਾਉਣ ਦਾ ਯਤਨ ਕੀਤਾ।

"ਜਰੂਰ...ਅਸੀਂ ਏਨਾ ਚੰਗਾ ਕੰਮ ਕਰਨ ਤੋਂ ਰੋਕ ਕਿਵੇਂ ਸਕਦੇ ਹਾਂ...ਤੁਸੀਂ ਗਾਣਾ ਐਂਜਵਾਏ ਕਰੋ ਪਲੀਜ..!"

"ਤੇ ਤੁਸੀਂ...?"

"ਮੈਂ ਕਿਹੜਾ ਕੰਨ ਬੰਦ ਕੀਤੇ ਨੇ..ਹਾਂ, ਤੁਹਾਡੇ ਵਾਂਗ ਉੱਛਲ ਨਹੀਂ ਰਹੀ!"

"ਕਿਤੇ ਇਹ ਨਾ ਕਹਿਣਾ ਕਿ ਹਰਿਆਲੀ ਤੁਹਾਡੇ ਜੀਵਨ ਵਿਚ ਵੀ ਨਹੀਂ ਆਈ.." ਜਤਿਨ ਨੇ ਵਿਚੋਂ ਟੋਕਿਆ।

"ਥੋੜ੍ਹੀ ਬਹੁਤ ਹਰਿਆਲੀ ਤਾਂ ਮਾਣੀ ਹੀ ਹੈ..!"

"ਕਦੇ ਹਰਿਆਲੀ ਵੀ ਹਰਿਆਲੀ ਨੂੰ ਮਾਣਦੀ ਹੈ...?"

"ਫੇਰ ਉਹੋ ਗੱਲ...ਕਿਹਾ ਨਾ ਅਸੀਂ...!"

"ਸਮਝ ਗਿਆ ਮੈਡਮ ਸਮਝ ਗਿਆ...ਅੱਗੇ ਹੋਰ ਕੁਝ ਕਹਿਣ ਦੀ ਲੋੜ ਨਹੀਂ..!"

"ਚਲੋ ਸਮਝਦਾਰ ਨੂੰ ਇਸ਼ਾਰਾ ਹੀ ਕਾਫੀ ਹੁੰਦੈ...!"

"ਤੁਸੀਂ ਇਸ ਬੰਦੇ ਨੂੰ ਸਮਝਦਾਰ ਮੰਨਿਆਂ...ਧੰਨਵਾਦੀ ਹਾਂ ਇਸ ਕਿਰਪਾ ਲਈ।"

ਏਨੇ ਨੂੰ ਰਿਕਾਰਡਰ 'ਤੇ ਨਵਾਂ ਗਾਣਾ ਵੱਜਣ ਲੱਗਾ:

***"ਏ ਭਾਈ ਜ਼ਰਾ ਦੇਖ ਕੇ ਚਲੋ***
***ਆਗੇ ਹੀ ਨਹੀਂ ਪੀਛੇ ਭੀ***
***ਊਪਰ ਹੀ ਨਹੀਂ ਨੀਚੇ ਭੀ***
***ਦਾਏਂ ਹੀ ਨਹੀਂ ਬਾਏਂ ਭੀ.."***

"ਮੈਂ ਇਹੋ ਕਹਿਣਾ ਸੀ। ਆਪਣੇ ਅੱਗੇ-ਪਿੱਛੇ, ਖੱਬੇ-ਸੱਜੇ ਦੇਖੋ। ਚੰਗੇ ਰਹੋਗੇ।" ਜੰਨਤ ਨੇ ਗਾਣੇ ਦੇ ਬਹਾਨੇ ਸਿਆਣਪ ਦੀ ਗੱਲ ਸਮਝਾਈ।

"ਏਨੀ ਚੰਗੀ ਤੇ ਸਿਆਣੀ ਗੱਲ ਕਰਨ ਲਈ ਧੰਨਵਾਦ।"

"ਉਹਦੀ ਲੋੜ ਨਹੀਂ...ਬਸ ਜੋ ਕਿਹੈ ਉਹਨੂੰ ਜੀਵਨ ਵਿਚ ਉਤਾਰ ਲਵੋ...ਤੁਹਾਡਾ ਕਲਿਆਣ ਹੋਵੇਗਾ...!" ਜੰਨਤ ਨੇ ਸਿਆਣਿਆਂ ਵਾਂਗ ਮੱਤ ਦਿੰਦਿਆਂ ਕਿਹਾ।

"ਜੋ ਹੁਕਮ ਮੇਰੇ ਆਕਾ...!"

"ਕੌਣ ਆਕਾ ਤੇ ਕਿਸਦਾ ਆਕਾ...ਇਥੇ ਤਾਂ ਸਭ ਰੋਟੀਆਂ ਕਾਰਨ ਪੂਰੇ ਤਾਲ ਐ...। ਰੋਟੀ ਲਈ ਅੰਨੀ ਦੌੜ...ਬੰਦਾ ਮਾਰਿਆ ਮਾਰਿਆ ਫਿਰ ਰਿਹੈ..ਸਭ ਆਪੋ ਆਪਣੀ ਥਾਂ ਮਜਬੂਰੀਆਂ-ਲਾਚਾਰੀਆਂ ਦੇ ਭੰਨੇ...।" ਬੋਲਦਿਆਂ ਜੰਨਤ ਦਾ ਸੁਰ ਥੋੜ੍ਹਾ ਗੰਭੀਰ ਹੋ ਗਿਆ।

"ਛੱਡੋ ਜੀ ਚਿੰਤਾ-ਫਿਕਰਾਂ ਦੀਆਂ ਗੱਲਾਂ ਨੂੰ। ਘਰ ਜਾ ਕੇ ਇਹੋ ਕੁਝ ਦੇਖਣਾ ਸੁਣਨਾ। ਆਹ ਜਿਹੜੀਆਂ ਦੋ ਘੜੀਆਂ ਮਿਲੀਆਂ ਨੇ, ਜਿੰਨਾ ਹੋ ਸਕੇ ਉਨ੍ਹਾਂ ਨੂੰ ਮਾਣ ਲਈਏ ਤਾਂ ਚੰਗਾ ਹੈ।" ਜੰਨਤ ਦੀ ਗੱਲ ਨਾਲ ਸਹਿਮਤ ਹੁੰਦਿਆਂ ਹੋਇਆਂ ਵੀ ਜਤਿਨ ਨੇ ਧਿਆਨ ਦੂਜੇ ਪਾਸੇ ਲਾਉਣ ਦਾ ਯਤਨ ਕੀਤਾ।

"ਮੈਂ ਜਦੋਂ ਇਹ ਗਾਣਾ ਸੁਣਦੀ ਹਾਂ ਤਾਂ ਰਾਜ ਕਪੂਰ ਬਦੋ ਬਦੀ ਯਾਦ ਆ ਜਾਂਦਾ ਏ। ਉਸ ਜੋਕਰ ਦੀ ਭੂਮਿਕਾ ਵਿਚ ਜਾਨ ਪਾ ਦਿੱਤੀ ਸੀ। ਜੋਕਰ ਦਾ ਉੱਪਰੋਂ ਉੱਪਰੋਂ ਹੱਸਣਾ...ਦੂਜਿਆਂ ਨੂੰ ਖੁਸ਼ ਕਰਨਾ ਪਰ ਅੰਦਰੋਂ...ਕੁਝ ਨਾ ਪੁੱਛੋ..!"

"ਇਹੋ ਅਸਲ ਜੀਵਨ ਹੈ...ਜੋਕਰ ਦੀ ਮਾਂ ਸਰਕਸ ਵਿਚ ਉਹਨੂੰ ਵੱਡੀ ਛਾਲ ਮਾਰਦਿਆਂ ਦੇਖ ਪੰਡਾਲ ਵਿਚ ਹੀ ਦਮ ਤੋੜ ਦਿੰਦੀ ਹੈ...ਜੋਕਰ ਲਈ ਜੀਵਨ ਦਾ ਸਭ ਤੋਂ ਵੱਡਾ ਦੁੱਖ...ਪਰ ਦੁੱਖ ਦੀ ਏਸ ਔਖੀ ਘੜੀ ਵਿਚ ਵੀ ਉਹ ਆਪਣੇ ਕੰਮ ਤੋਂ ਮੂੰਹ ਨਹੀਂ ਮੋੜ ਸਕਦਾ।"

"ਜੋ ਦਿਸਦਾ ਹੈ, ਉਹ ਹੁੰਦਾ ਨਹੀਂ ਤੇ ਜੋ ਹੁੰਦਾ ਹੈ, ਉਹ ਦਿਸਦਾ ਨਹੀਂ..." ਕਈ ਵਾਰ ਤਾਂ ਮੈਨੂੰ ਸ਼ੱਕ ਜਿਹਾ ਹੋਣ ਲਗਦਾ ਕਿ ਸੱਚੀ ਮੁੱਚੀ ਅਸੀਂ ਮਨੁੱਖਾ ਜੋਨੀ ਭੋਗ ਰਹੇ ਹਾਂ...ਇਹੋ ਜਿਹੇ ਹਮਾਤੜ ਸਾਥ ਬੰਦਿਆਂ ਦੀ ਇਸ ਦੁਨੀਆਂ ਵਿਚ ਕੋਈ ਕਮੀ ਨਹੀਂ ਜਿਹੜੇ ਅਸਲੋਂ ਨਰਕ ਭੋਗਦੇ ਹਨ। ਉਨ੍ਹਾਂ ਦੇ ਅਤੇ ਜਾਨਵਰਾਂ ਦੇ ਜੀਵਨ ਵਿਚ ਬਹੁਤਾ ਅੰਤਰ ਦਿਖਾਈ ਨਹੀਂ ਦਿੰਦਾ।"

"ਮੈਡਮ ਤੁਸੀਂ ਠੀਕ ਕਿਹੈ। ਅੰਤਾਂ ਦੀ ਗਰੀਬੀ ਦੀ ਚੱਕੀ ਵਿਚ ਪਿਸ ਰਿਹਾ ਬੰਦਾ ਦੋਪਾਯਾ ਜਾਨਵਰ ਹੀ ਤਾਂ ਹੁੰਦਾ। ਉਹਨੂੰ ਕੀ ਚੰਗਾ ਲੱਗਦਾ ਹੈ, ਕੀ ਚੰਗਾ ਨਹੀਂ ਲੱਗਦਾ, ਉਹਦੇ ਵੀ ਕੁਝ ਅਰਮਾਨ ਹੁੰਦੇ ਨੇ ਇਹ ਜਾਨਣ ਲਈ ਨਾ ਕਿਸੇ ਕੋਲ ਸਮਾਂ ਹੁੰਦਾ ਤੇ ਜੇ ਥੋੜ੍ਹਾ ਬਹੁਤ ਸਮਾਂ ਹੋਵੇ ਵੀ ਤਾਂ ਉਹ ਇਸ ਪਾਸੇ ਦੇਖਣਾ ਨਹੀਂ ਚਾਹੁੰਦਾ। ਕੂੜੇ ਦੇ ਢੇਰਾਂ 'ਤੇ ਆਪਣੇ 'ਕੰਮ' ਦੀਆਂ ਰੱਦੀ ਵਸਤਾਂ ਇਕੱਠੀਆਂ ਕਰਨ ਵਾਲੇ ਲੋਕਾਂ ਨੂੰ ਹੀ ਦੇਖ ਲਓ...ਮੈਂ ਤਾਂ ਕਈ ਵਾਰ ਇਹਨਾਂ ਨੂੰ ਦੇਖ ਸੋਚਣ ਲੱਗ ਜਾਂਦਾ ਹਾਂ ਕਿ ਕੀ ਇਹ ਲੋਕ ਵੀ ਮਨੁੱਖ ਹੁੰਦੇ ਹਨ...?"

ਜਤਿਨ ਨੂੰ ਗੰਭੀਰ ਹੁੰਦਿਆਂ ਦੇਖ ਜੰਨਤ ਨੇ ਆਪਸ ਵਿਚ ਚੋਹਲ-ਮੋਹਲ ਕਰ ਰਹੇ ਜੋੜੇ ਵੱਲ ਇਸ਼ਾਰਾ ਕਰਦਿਆਂ ਹੌਲੀ ਜਿਹੇ ਕਿਹਾ, "ਇਸੇ ਲਈ ਤਾਂ ਮੈਂ ਕਹਿੰਦੀ ਹਾਂ...ਏ ਭਾਈ ਜ਼ਰਾ ਦੇਖ ਕੇ ਚਲੋ...।"

"ਘੱਟੋ ਘੱਟ ਇਹ ਜੀਵਨ ਨੂੰ ਮਾਣ ਤਾਂ ਰਹੇ ਨੇ...।"

"ਜੀਵਨ ਉਹ ਲੋਕ ਵੀ ਮਾਣਦੇ ਨੇ ਜਿਨ੍ਹਾਂ ਦੀ ਗੱਲ ਤੁਸੀਂ ਕਰਦੇ ਹੋ...!"

"ਉਹ ਕਿੱਦਾਂ...?"

"ਇਨ੍ਹਾਂ ਲੋਕਾਂ ਦੀ ਇੱਜਤ ਦਾ ਮਾਨਦੰਡ ਉਹ ਨਹੀਂ ਹੁੰਦਾ ਜਿਸ ਨਾਲ ਅਸੀਂ ਸੋ ਕਾਲਡ ਇੱਜਤਦਾਰ ਲੋਕ ਚੰਬੜੇ ਹੋਏ ਹਾਂ...ਇਨ੍ਹਾਂ ਦਾ ਜਿਹੜਾ ਮਾਨਦੰਡ ਹੁੰਦੈ, ਉਸ ਅਨੁਸਾਰ ਉਹ ਜੀਵਨ ਨੂੰ ਮਾਣਦੇ ਹਨ...!"

"ਜੀਣਾ ਤਾਂ ਹੋਇਆ ਈ ਨਾ...ਇਨ੍ਹਾਂ ਲੋਕਾਂ ਨੇ ਵੀ...!" ਜੰਨਤ ਦੀ ਗੱਲ ਸੁਣ ਜਤਿਨ ਨੇ ਇਨ੍ਹਾਂ ਸ਼ਬਦਾਂ ਵਿਚ ਆਪਣੀ ਸਹਿਮਤੀ ਜਤਾਈ।

***"ਇਬਤਦਾਏ ਇਸ਼ਕ ਹੈ***
***ਸਾਰੀ ਰਾਤ ਜਾਗੇ***
***ਅੱਲਾ ਜਾਨੇ ਕਯਾ ਹੋਗਾ***
***ਮੌਲਾ ਜਾਨੇ ਕਯਾ ਹੋਗਾ***

ਇਸ ਗਾਣੇ ਦੇ ਬੋਲ ਸੁਣ ਦੋਹਾਂ ਦੀਆਂ ਗਹਿਰ ਗੰਭੀਰ ਗੱਲਾਂ ਨੂੰ ਬਰੇਕ ਲੱਗ ਗਈ। "ਪੁਰਾਣੇ ਗਾਣਿਆਂ ਦਾ ਕੋਈ ਜਵਾਬ ਨਹੀਂ। ਅਸੀਂ ਬਚਪਨ ਵਿਚ ਇਹ ਗਾਣਾ ਸੁਣਦੇ ਹੁੰਦੇ ਸਾਂ...ਬਹੁਤ ਚੰਗਾ ਲੱਗਦਾ ਸੀ। ਅੱਜ ਵੀ ਇਹ ਗਾਣਾ ਸੁਣ ਕੇ ਤਨ-ਮਨ ਹਰਾ ਹੋ ਜਾਂਦਾ...!" ਜਤਿਨ ਝੂਮ ਉੱਠਿਆ ਤੇ ਜੰਨਤ ਦੇ ਚਿਹਰੇ ਨੂੰ ਦੇਖਣ ਤੇ ਲਗਦਾ ਸੀ ਕਿ ਉਹ ਵੀ ਖੁਸ਼ ਹੋ ਰਹੀ ਹੈ।

"ਗੀਤਕਾਰ ਦੇ ਮਨ ਦੀ ਉਡਾਰੀ ਹੈ, ਉਹ ਗਾਣੇ ਰਾਹੀਂ ਜੋ ਚਾਹੇ ਕਹਿ ਸਕਦਾ।"

"ਉਡਾਰੀ ਜਿਹੀ ਉਡਾਰੀ...ਜ਼ਰਾ ਦੇਖੋ ਤਾਂ ਸਹੀ... 'ਇਬਤਦਾਏ ਇਸ਼ਕ ਹੈ...।'

"ਪਰ ਇਧਰ ਅਜਿਹਾ ਕੁਝ ਨਹੀਂ...ਐਵੇਂ ਨਾ ਖੁਸ਼ ਹੋਈ ਜਾਓ..!"

"ਖੋਤਾ ਈ ਖੂਹ 'ਚ ਪਾ ਦਿੱਤਾ...ਤੁਸੀਂ ਗਾਣਾ ਐਨਜਵਾਏ ਕਰੋ...ਇਧਰ ਕੀ ਹੈ ਤੇ ਉੱਧਰ ਕੀ ਹੈ...ਅਸਾਂ ਇਸ ਤੋਂ ਕੀ ਲੈਣਾ ਭਾਈ...! ਉਂਜ ਜੋ ਤੁਸੀਂ ਕਿਹੈ, ਖਿਆਲ ਇਹ ਵੀ ਮਾੜਾ ਨਹੀਂ...!" ਜਤਿਨ ਨੇ ਅੱਖਾਂ ਮਟਕਾਉਂਦਿਆਂ ਜੰਨਤ ਦੇ ਕੰਨ ਵਿਚ ਕਿਹਾ।

"ਹਾਂ ਹਾਂ ਠੀਕ ਹੈ...ਜ਼ਰਾ ਪਰ੍ਹੇ ਹੋ ਕੇ ਬੈਠੋ..!" ਆਪਣੇ ਨਾਲ ਸਟ ਰਹੇ ਜਤਿਨ ਨੂੰ ਦੂਜੇ ਪਾਸੇ ਧੱਕਦਿਆਂ ਜੰਨਤ ਬੋਲੀ। ਜਤਿਨ ਥੋੜ੍ਹਾ ਹਟ ਕੇ ਬੈਠ ਗਿਆ। ਗਾਣੇ ਦੇ ਬੋਲਾਂ ਨਾਲ ਉਹ ਮਸਤੀ ਵਿਚ ਝੂਮ ਉਠਿਆ। ਜੰਨਤ ਨੇ ਉਸ ਦੀਆਂ ਗੱਲਾਂ ਤੇ ਅਦਾਵਾਂ ਉੱਪਰ ਕੋਈ ਟੀਕਾ-ਟਿੱਪਣੀ ਨਹੀਂ ਕੀਤੀ। ਉਹ ਚੁੱਪ ਕੀਤੀ ਬੈਠੀ ਰਹੀ। ਪਰ ਉਹ ਵੀ ਕਿੰਨੀ ਦੇਰ ਚੁੱਪ ਰਹਿ ਸਕਦੀ ਸੀ। ਉਸ ਬਾਹਰ ਦੇਖਿਆ, ਸੜਕ 'ਤੇ ਲੱਗੇ ਜਾਮ ਨੂੰ ਦੇਖ ਕਹਿਣ ਲੱਗੀ, "ਬੜਾ ਜਾਮ ਲੱਗਿਆ, ਜਾਪਦਾ ਅੱਜ ਵੀ ਘਰ ਦੇਰ ਨਾਲ ਪੁੱਜਾਂਗੇ..!"

"ਤੁਸੀਂ ਛੱਡੋ ਜੀ ਇਸ ਗੱਲ ਨੂੰ...ਜਾਮ ਸਾਨੂੰ ਕੀ ਕਹਿੰਦੈ...ਇਹ ਡਰਾਈਵਰ ਦੀ ਪ੍ਰਾਬਲਮ ਐ..ਉਹ ਇਸ ਨਾਲ ਸਿੱਝ ਰਿਹੈ...ਤੁਸੀਂ ਚੁਪ ਕਰਕੇ ਗਾਣਾ ਐਨਜਵਾਏ ਕਰੋ.." ਏਨਾ ਕਹਿ ਉਹ ਇਕ ਵਾਰ ਫਿਰ ਰੁਮਾਨੀ ਸੰਸਾਰ ਵਿਚ ਗੁੰਮ ਹੋ ਗਿਆ। ਜੰਨਤ ਨੇ ਇਸ ਗਾਣੇ ਦੇ ਮਾਮਲੇ ਵਿਚ ਉਸ ਨਾਲ ਤਬਲੇ ਦੀ ਸੰਗਤ ਭਾਵੇਂ ਨਹੀਂ ਕੀਤੀ ਪਰ ਉਹਦੀ ਮੁਖ ਮੁਦਰਾ ਬਿਆਨ ਕਰਦੀ ਸੀ ਕਿ ਉਹ ਵੀ ਗਾਣੇ ਨੂੰ ਉਸੇ ਤਰ੍ਹਾਂ ਈ ਮਾਣ ਰਹੀ ਹੈ..। ਬਸ ਕਰਮਪੁਰੇ ਦੇ ਸਟਾਪ ਤੋਂ ਅੱਗੇ ਵੱਧੀ।

ਜਤਿਨ ਹੁਣ ਗੰਭੀਰ ਹੋ ਗਿਆ ਤੇ ਘੜੀ ਮੁੜੀ ਸੜਕ ਵੱਲ ਦੇਖਣ ਲੱਗਾ। ਅਗਲਾ ਸਟਾਪ ਆਉਣ ਤੋਂ ਪਹਿਲਾਂ ਉਸ ਇਕ ਭਰਵੀਂ ਨਜ਼ਰ ਨਾਲ ਜੰਨਤ ਨੂੰ ਦੇਖਿਆ...ਤੇ ਹੌਲੀ ਜਿਹੇ ਕਿਹਾ... "ਬਸ ਏਨਾ ਹੀ...!" ਉਹ ਬਸ ਤੋਂ ਹੇਠਾਂ ਉੱਤਰ ਗਿਆ।

(3-3-2017)


09810628570 (ਫੋਨ)

I-263, karampura,
New Delhi-110015



(ਇਹ ਕਹਾਣੀ 'ਪੰਜਾਬ ਟਾਈਮਜ਼, ਨਿਊਯਾਰਕ' ਦੇ 22 ਅਪਰੈਲ, 2017 ਅੰਕ ਵਿਚ ਛੱਪ ਗਈ ਹੈ।)


# ਮਨ ਨਹੀਂ ਮੰਨਦਾ


□ਅਸ਼ੋਕ ਵਾਸਿਸ਼ਠ


"ਹੈਲੋ...!"

"ਜੀ..! ਮੈਂ ਪੁਲਸ ਸਟੇਸ਼ਨ ਤੋਂ ਸਬ ਇੰਸਪੈਕਟਰ ਰਾਵਤ ਬੋਲ ਰਿਹਾ...ਤੁਸੀਂ ਮਿਸਟਰ ਤਾਪਸ ਹੋ?"

"ਮੈਂ ਤਾਪਸ ਬੋਲ ਰਿਹਾਂ...ਕਿਉਂ ਕੀ ਗੱਲ ਸੁੱਖ ਤਾਂ ਹੈ...?"

"ਮਿਸਟਰ ਤਾਪਸ..ਇਕ ਕੇਸ ਵਿਚ ਤੁਹਾਡਾ ਨਾਂਅ ਆਇਆ ਹੈ, ਉਸ ਸਬੰਧ ਵਿਚ ਤੁਹਾਡੇ ਨਾਲ ਗੱਲ ਕਰਨੀ ਸੀ...!"

"ਕਿਸੇ ਕੇਸ ਵਿਚ..? ਮੈਂ ਸਮਝਿਆ ਨਹੀਂ...।"

"ਗੱਲ ਫੋਨ ਉੱਪਰ ਦੱਸੀ ਨਹੀਂ ਜਾ ਸਕਦੀ...ਤੁਹਾਨੂੰ ਪੁਲਸ ਥਾਣੇ ਆਉਣਾ ਪਵੇਗਾ..!" ਸਬ ਇੰਸਪੈਕਟਰ ਨੇ ਸਾਫ ਸ਼ਬਦਾਂ ਵਿਚ ਕਿਹਾ।

"ਓ ਕੇ...ਮੈਂ ਕੱਦ ਆ ਸਕਦਾਂ..?"

“ਚਾਹੋ ਤਾਂ ਹੁਣੇ ਆ ਜਾਉ..!”

“ਠੀਕ ਹੈ..ਅਧੇ ਘੰਟੇ ਤਕ ਪੁੱਜ ਜਾਵਾਂਗਾ..!” ਤਾਪਸ ਨੇ ਏਨਾ ਕਹਿੰਦਿਆਂ ਫੋਨ ਬੰਦ ਕਰ ਦਿੱਤਾ। ਕੰਧ ’ਤੇ ਲੱਗਾ ਕਲਾਕ ਤਿੰਨ ਵਜਾ ਰਿਹਾ ਸੀ, ਸਕਿੰਟਾਂ ਵਾਲੀ ਸੂਈ ਤੇਰੀ ਨਾਲ ਟਕ..ਟਕ ਕਰਦੀ ਅੱਗੇ ਵੱਧ ਰਹੀ ਸੀ। ਫੋਨ ਬੰਦ ਹੋਣ ਨਾਲ ਉਸ ਦੇ ਖਿਆਲਾਂ ਦੀ ਚਰਖੜੀ ਤੇਜੀ ਨਾਲ ਚਲ ਪਈ। ‘ਕੀ ਗੱਲ ਹੋਈ ਹੋਵੇਗੀ’... ‘ਪੁਲਸ ਨੇ ਇਸ ਦਾ ਨੋਟਿਸ ਲਿਆ ਹੈ ਤਾਂ ਕੋਈ ਖਾਸ ਗੱਲ ਹੀ ਹੋਵੇਗੀ’ ‘ਕਿਤੇ ਕੋਈ ਮਾਮਲਾ ਤਾਂ ਨਹੀਂ ਬਣਾ ਦਿੱਤਾ’ ‘ਘਰ ਦੇ ਮੋਰਚੇ ’ਤੇ ਸਭ ਠੀਕ ਹੈ’ ‘ਆਂਢ-ਗੁਆਂਢ ਵਿਚ ਕਿਸੇ ਨਾਲ ਕਦੇ ਕੋਈ ਝਗੜਾ ਨਹੀਂ ਹੋਇਆ’ ‘ਜਿੰਦਗੀ ਵਿਚ ਲੋਕਾਂ ਨੂੰ ਦੋਸਤ ਹੀ ਬਣਾਇਐ...ਵਿਗਾੜੀ ਕਿਸੇ ਨਾਲ ਨਹੀਂ’ ‘ਜੇ ਕਿਸੇ ਕਾਰਨ ਕਿਸੇ ਦਾ ਸੁਭਾਅ ਰਾਸ ਨਹੀਂ ਆਇਆ ਤਾਂ ਆਪ ਈ ਪਿੱਛੇ ਹਟ ਗਏ ਪਰ ਮੰਦਾ ਬੋਲ ਕਦੇ ਨਹੀਂ ਬੋਲਿਆ’ ‘ਛੋਟੇ ਭਰਾ ਦੀ ਘਰ ਵਾਲੀ ਨਾਲ ਇਕ ਵਾਰ ਝਗੜਾ ਹੋਇਆ ਸੀ, ਪਰ ਉਹ ਸਭ ਹੋਇਆਂ ਵਰ੍ਹੇ ਬੀਤ ਗਏ ਨੇ...ਉਸ ਸਮੇਂ ਉਮਰ ਘੱਟ ਸੀ, ਇਸ ਲਈ ਜੋਸ਼ ਤੋਂ ਕੰਮ ਲਿਆ ਸੀ, ਜੇ ਹੋਸ਼ ਤੋਂ ਕੰਮ ਲਿਆ ਹੁੰਦਾ ਤਾਂ ਉਹ ਝਗੜਾ ਹੋਣਾ ਹੀ ਨਹੀਂ ਸੀ, ਬਾਅਦ ਵਿਚ ਦੋਵੇਂ ਧਿਰਾਂ ਨੇ ਆਪੋ ਆਪਣੀ ਗਲਤੀ ਮੰਨ ਲਈ ਤੇ ਅੱਗੋਂ ਮਿਲ-ਜੁਲ ਕੇ ਪਿਆਰ-ਮੁਹੱਬਤ ਨਾਲ ਰਹਿਣ ਦਾ ਫੈਸਲਾ ਕੀਤਾ, ਦੋਵੇਂ ਧਿਰਾਂ ਨੇ ਉਸ ’ਤੇ ਅਮਲ ਕੀਤਾ ਤੇ ਅੱਜ ਇਹ ਪਤਾ ਲਾਉਣਾ ਬਹੁਤ ਈ ਮੁਸ਼ਕਲ ਹੈ ਕਿ ਦੋਵੇਂ ਧਿਰਾਂ ਵਿਚ ਕਦੇ ਝਗੜਾ ਹੋਇਆ ਸੀ..?’

“ਸਾਹਿਬ, ਬਚ ਕੇ..!” ਇਹ ਆਵਾਜ਼ ਸੁਣ ਉਹ ਤ੍ਰਭਕਿਆ। ਉਸ ਪਿੱਛੇ ਘੁੰਮ ਕੇ ਦੇਖਿਆ। ਪਿਛੋਂ ਆਉਂਦੀ ਇਕ ਰੇਹੜੀ ਵਾਲਾ ਉਹਦੇ ਨੇੜੇ ਪੁਜ ਕੇ ਉਸ ਨੂੰ ਰਾਹ ਦੇਣ ਲਈ ਕਹਿ ਰਿਹਾ ਸੀ। ਰੇਹੜੀ ਦੇ ਲੰਘਣ ਲਈ ਥਾਂ ਦੀ ਕਮੀ ਸੀ। ਉਹ ਇਕ ਪਾਸੇ ਹੋਇਆ ਤਾਂ ਰੇਹੜੀ ਆਰਾਮ ਨਾਲ ਲੰਘ ਗਈ। ‘ਇਨ੍ਹਾਂ ਵਿਚਾਰਿਆਂ ਦਾ ਕੋਈ ਜੀਵਨ ਏ। ਸਾਰਾ-ਸਾਰਾ ਦਿਨ ਰੇਹੜੀ ’ਤੇ ਮਾਲ ਲੱਦ ਕੇ ਘੋੜੇ ਵਾਂਗ ਉਸ ਨੂੰ ਅੱਗੇ ਈ ਅੱਗੇ ਧੱਕਦਿਆਂ ਦੀ ਬਸ ਹੋ ਜਾਂਦੀ ਏ...ਪਰ ਪਾਪੀ ਪੇਟ ਦਾ ਸਵਾਲ ਉਨ੍ਹਾਂ ਨੂੰ ਟਿਕ ਕੇ ਕਿਸੇ ਥਾਂ ਬਹਿਣ ਨਹੀਂ ਦਿੰਦਾ...ਉਹ ਤੁਰਦੇ ਰਹਿੰਦੇ ਨੇ...ਬਿਲਕੁਲ ਟਾਂਗੇ ਨਾਲ ਜੁਤੇ ਘੋੜੇ ਵਾਂਗ...ਜਾਂ ਇਉ ਕਹਿ ਲਓ..ਕੋਹਲੂ ਦੇ ਬਲਦ ਵਾਂਗ। ਜਿੰਦਾਂ ਬਲਦ ਸਾਰਾ-ਸਾਰਾ ਦਿਨ ਤੁਰ ਕੇ ਢਿਡੋਂ ਖਾਲੀ ਦਾ ਖਾਲੀ ਰਹਿੰਦਾ ਹੈ, ਉਦਾਂ ਈ ਇਹ ਮਨੁੱਖ ਦਿਨ ਭਰ ਹੱਡ ਭੰਨਵੀਂ ਮੇਹਨਤ ਕਰਨ ਤੇ ਵੀ ਭੁਖਮਰੀ ਤੇ ਬਿਮਾਰੀਆਂ ਆਦਿ ਦੇ ਜੰਜਾਲ ਵਿਚ ਫਸੇ ਰਹਿੰਦੇ ਹਨ।’

“ਰਾਹ ਛੱਡਣਾ ਪਲੀਜ..” ਇਕ ਮੁਟਿਆਰ ਉਹਦੇ ਨੇੜੇ ਪੁਜਣ ’ਤੇ ਬੇਨਤੀ ਕਰ ਰਹੀ ਸੀ। ਉਹ ਪਾਸੇ ਹਟ ਗਿਆ। ‘ਥੈਂਕ ਯੂ’ ਕਹਿੰਦੀ ਮੁਟਿਆਰ ਅੱਗੇ ਵੱਧ ਗਈ। ਦੋ ਕਦਮ ਚੱਲਣ ਦੇ ਬਾਅਦ ਉਸ ਦੀਆਂ ਸੋਚਾਂ ਦੀ ਚਰਖੜੀ ਇਕ ਵਾਰ ਫਿਰ ਉਸੇ ਦਿਸ਼ਾ ਵਿਚ ਘੁੰਮਣ ਲੱਗ ਜਾਂਦੀ ਹੈ। ‘ਪਤਾ ਨਹੀਂ, ਪੁਲਸ ਕਿਸ ਮਾਮਲੇ ਦੀ ਗੱਲ ਕਰੇਗੀ। ਮੈਨੂੰ ਕੁਝ ਸਮਝ ਨਹੀਂ ਆਉਂਦਾ। ਉਹ ਸੋਚ ਰਿਹਾ ਸੀ ਕਿ ਪੁਲਸ ਸਟੇਸ਼ਨ ਪੁੱਜਣ ਬਾਅਦ ਆਉਣ ਵਾਲੀ ਮੁਸੀਬਤ ਦਾ ਸਾਹਮਣਾ ਉਹ ਕਿਵੇਂ ਕਰੇਗਾ। ਉਹ ਤਾਂ ਇਹ ਵੀ ਨਹੀਂ ਜਾਣਦਾ ਕਿ ਮੁਸੀਬਤ ਹੈ ਕੀ। ਪੁਲਸ ਇੰਸਪੈਕਟਰ ਦੇ ਇਹ ਬੋਲ ਉਸ ਦੇ ਕੰਨਾਂ ਵਿਚ ਗੂੰਜਣ ਲੱਗੇ। ਉਸ ਨੇ ਇਹ ਕਿਉਂ ਕਿਹਾ ਸੀ ਕਿ ਗੱਲ ਟੈਲੀਫੋਨ ’ਤੇ ਕਰਨ ਵਾਲੀ ਨਹੀਂ। ਕੋਈ ਵੱਡਾ ਲਫੜਾ ਨਾ ਹੋਵੇ। ਉਹ ਗਹਿਰੀਆਂ ਸੋਚਾਂ ਵਿਚ ਪੈ ਗਿਆ।

“ਪਹਿਲਾਂ ਥੋੜ੍ਹੀ ਸੇਵਾ ਕਰ ਲਈਏ..!”

“ਉਹ ਤਾਂ ਹੋਈ ਜਾਣੀ ਚਾਹੀਦੀ ਹੈ...!” ਕਾਂਸਟੇਬਲ ਨੇ ਸਬ ਇੰਸਪੈਕਟਰ ਦੀ ਗੱਲ ਦਾ ਹੁੰਗਾਰਾ ਭਰਿਆ।

“ਅਧਖੜ ਉਮਰ ਦੇ ਇਕ ਬੰਦੇ ਨੂੰ ਪੁਲਸ ਵਾਲਿਆ ਹੇਠਾਂ ਫਰਸ਼ ’ਤੇ ਲਿਟਾ ਦਿੱਤਾ।

“ਪੁੱਠਾ ਹੋ ਕੇ ਲੇਟ...!” ਬੰਦਾ ਡਰਦਾ ਮਾਰਾ ਪੁੱਠਾ ਹੋਇਆ ਤਾਂ ਪੁਲਸ ਵਾਲਿਆਂ ਦੀਆਂ ਲਾਠੀਆਂ ਹਰਕਤ ਵਿਚ ਆ ਗਈਆਂ। ਹੇਠਾਂ ਪਿਆ ਬੰਦਾ ਜੋਰ-ਜੋਰ ਦੀ ਚੀਕਾਂ ਮਾਰਨ ਲੱਗਾ... “ਊਈ, ਮੈਂ ਮਰ ਗਿਆ...!”

“ਅੱਜੇ ਤਾਂ ਅਸੀਂ ਚੰਗੀ ਤਰ੍ਹਾਂ ਸੇਵਾ ਈ ਨਹੀਂ ਕੀਤੀ। ਤੂੰ ਰੋਣ ਲੱਗ ਪਿਆਂ...” ਸਬ ਇੰਸਪੈਕਟਰ ਨੇ ਦਬਕਾ ਮਾਰਿਆ... “ਜਵਾਨੋ, ਚੰਗੀ ਤਰ੍ਹਾਂ ਸੇਵਾ ਕਰੋ..” ਜਵਾਨ ਹੋਰ ਹੁਸ਼ਿਆਰ ਹੋ ਗਏ...ਹੇਠਾਂ ਪਿਆ ਬੰਦਾ ਦਰਦ ਨਾਲ ਚੀਕਦਾ

ਰਿਹਾ...ਲਾਠੀਆਂ ਦੀ ਮਾਰ ਨਾਲ ਉਹਦਾ ਪਿੰਡਾ ਲਾਲ ਹੋ ਗਿਆ ਸੀ। ਇਕ ਦੋ ਮਿਨਟ ਮਗਰੋਂ ਸਬ ਇੰਸਪੈਕਟਰ ਨੇ ਸਿਪਾਹੀਆਂ ਨੂੰ ਰੋਕਿਆ... "ਚਲ ਬਸ ਕਰੋ...ਹਾਲ ਦੀ ਘੜੀ ਏਨਾ ਬਹੁਤ ਹੈ..!" ਬੰਦੇ ਨੂੰ ਖੜਾ ਹੋਣ ਲਈ ਕਿਹਾ ਗਿਆ। ਉਹ ਮਸਾਂ ਉੱਠ ਸਕਿਆ। ਉਸ ਤੋਂ ਚੰਗੀ ਤਰ੍ਹਾਂ ਖਲੋਤਾ ਵੀ ਨਹੀਂ ਗਿਆ। ਉਸ ਦੀਆਂ ਲੱਤਾਂ ਵਿਚ ਲਾਠੀਆਂ ਦੀ ਤਾਬੜ ਤੋੜ ਮਾਰ ਨਾਲ ਭਿਆਨਕ ਦਰਦ ਹੋ ਰਿਹਾ ਸੀ। ਉਹ ਕਿੰਨੀ ਦੇਰ ਡਿੱਗਦਾ-ਢਹਿੰਦਾ 'ਹਾਏ...ਮਰ ਗਿਆ'...ਕਰਦਾ ਰਿਹਾ।

"ਚੁੱਪ ਕਰ ਓਏ...ਕੁੱਤੇ ਦਿਆ ਪੁੱਤਾ..." ਇਕ ਸਿਪਾਹੀ ਨੇ ਰੋਂਦੇ ਬੰਦੇ ਦੇ ਮੂੰਹ 'ਤੇ ਥਾੜ ਕਰਦਾ ਇਕ ਜੋਰਦਾਰ ਥੱਪੜ ਮਾਰਿਆ।

"ਚਲ ਹੁਣ ਤੂੰ ਛੱਡ ਪਰ੍ਹੇ..ਏਨਾ ਈ ਬਹੁਤ ਐ.." ਸਬ ਇੰਸਪੈਕਟਰ ਨੇ ਉਹਦੀ ਬਾਂਹ ਫੜ ਲਈ।

"ਉਹ ਮੇਰੇ ਰੱਬ ਜੀ...!" ਤਾਪਸ ਦੇ ਮੂੰਹੋ ਮਸਾਂ ਨਿਕਲਿਆ।

"ਕੀ ਗੱਲ ਬਾਬੂ ਜੀ ਸੁੱਖ ਤਾਂ ਹੈ..?" ਕੋਲੋਂ ਲੰਘ ਰਹੇ ਇਕ ਸੱਜਣ ਨੇ ਉਹਦਾ ਮੋਢਾ ਥਾਪੜਿਆ।

"ਨਹੀਂ ਕੋਈ ਗੱਲ ਨਹੀਂ...!" ਉਹ ਏਨਾ ਹੀ ਕਹਿ ਸਕਿਆ। ਦੂਜੇ ਸੱਜਣ ਨੂੰ ਵੀ ਕਿਤੇ ਛੇਤੀ ਪੁੱਜਣ ਦੀ ਕਾਹਲੀ ਹੋਵੇਗੀ। ਤੇ ਉਹ "ਠੀਕ ਹੈ ਫਿਰ.." ਕਹਿੰਦਾ ਅੱਗੇ ਵੱਧ ਗਿਆ। ਤਾਪਸ ਇਕ ਵਾਰ ਫਿਰ ਉਸ ਭਿਆਨਕ ਯਾਦ ਦੇ ਮਕੜ ਜਾਲ ਵਿਚ ਫਸ ਗਿਆ। ਉਸ ਸਮੇਂ ਉਹ ਬਹੁਤ ਨਿੱਕਾ ਸੀ। ਇਕ ਦਿਨ ਗੁਆਂਢ ਵਿਚ ਦੋ ਧਿਰਾਂ ਵਿਚਕਾਰ ਕਿਸੇ ਗੱਲ ਨੂੰ ਲੈ ਕੇ ਝਗੜਾ ਹੋ ਗਿਆ। ਪਹਿਲਾਂ ਤੂੰ-ਤੂੰ ਮੈਂ-ਮੈਂ ਹੋਈ...ਫੇਰ ਧੱਕਮ ਧੱਕੀ...ਜਦ ਇਹਦੇ ਨਾਲ ਵੀ ਤਸੱਲੀ ਨਾ ਹੋਈ ਤਾਂ ਆਪਸ ਵਿਚ ਹੂਰੋ-ਮੁੱਕੀ ਹੋ ਗਏ। ਗਲੀ ਵਾਲੇ ਤਾਂ ਦੋਹਾਂ ਧਿਰਾਂ ਨੂੰ ਛੁਡਾਉਂਦੇ ਰਹੇ...ਵਿਚ ਵਿਚਾਅ ਕਰਦੇ ਰਹੇ, ਪਰ ਰਾਹ ਚਲਦੇ ਇਕ ਰਾਹੀ ਨੇ ਪੁਲਸ ਨੂੰ ਸੂਚਨਾ ਦੇ ਦਿੱਤੀ। ਪੁਲਸ ਆਈ, ਦੋਹਾਂ ਧਿਰਾ ਦੇ ਲੜਾਕਿਆਂ ਨੂੰ ਫੜ ਕੇ ਲੈ ਗਈ। ਮੁਹੱਲੇ ਦੇ ਕੁਝ ਲੋਕ ਪੁਲਸ ਥਾਣੇ ਗਏ ਤਾਂ ਜੋ ਗੱਲ ਹੋਰ ਅੱਗੇ ਨਾ ਵਧੇ। ਉਹ ਵੀ ਥਾਣੇ ਜਾਣ ਲਈ ਆਪਣੇ ਪਿਤਾ ਦੇ ਖਹਿੜੇ ਪੈ ਗਿਆ ਸੀ। ਉਸ ਭਾਣੇ ਪਿਤਾ ਕਿਤੇ ਘੁੰਮਣ ਜਾ ਰਹੇ ਸਨ। ਪਿਤਾ ਨੇ ਬਹੁਤ ਪਰਚਾਇਆ ਪਰ ਉਹ ਪਰਚਿਆ ਨਹੀਂ।

ਉਹ ਪੁਲਸ ਥਾਣੇ ਪੁੱਜੇ ਹੀ ਸਨ ਜਦ ਸਬ ਇੰਸਪੈਕਟਰ ਫੜੇ ਗਏ ਬੰਦਿਆਂ ਵਿਚੋਂ ਇਕ ਨੂੰ ਹੇਠਾਂ ਫਰਸ਼ 'ਤੇ ਲੰਮਾ ਪੈਣ ਲਈ ਆਖ ਰਿਹਾ ਸੀ। ਗੱਲ ਭਾਵੇਂ ਬਹੁਤ ਪੁਰਾਣੀ ਸੀ ਪਰ ਇਕ ਡਰਾਉਣੇ ਸਪਨੇ ਵਾਂਗ ਤੇ ਉਹ ਵੀ ਉਸ ਸਮੇਂ ਜਦ ਉਹ ਪੁਲਸ ਥਾਣੇ ਜਾ ਰਿਹਾ ਸੀ, ਇਕ ਦਮ ਯਾਦ ਆ ਜਾਣ 'ਤੇ ਉਹ ਸਿਰ ਤੋਂ ਪੈਰਾਂ ਤਕ ਕੰਬ ਗਿਆ ਸੀ। ਪੁਲਸ ਦੀਆਂ ਵਰ੍ਹਦੀਆਂ ਲਾਠੀਆਂ ਤੇ ਫੜੇ ਗਏ ਬੰਦੇ ਦੀਆਂ ਲੇਰਾਂ ਨੇ ਅੱਜ ਤਕ ਉਹਦਾ ਪਿੱਛਾ ਨਹੀਂ ਸੀ ਛੱਡਿਆ। ਉਸ ਦੀਆਂ ਚੀਕਾਂ ਮੌਕਾ ਮਿਲਣ 'ਤੇ ਉਸ ਦੇ ਕੰਨਾਂ ਵਿਚ ਗੂੰਜਦੀਆਂ ਰਹਿੰਦੀਆਂ ਸਨ। ਜਾਣੋ ਅਜੇ ਕਲ੍ਹ ਦੀ ਗੱਲ ਹੋਵੇ। ਉਹ ਪਸੀਨੋ ਪਸੀਨੀ ਹੋਇਆ ਸੜਕ 'ਤੇ ਤੁਰਿਆ ਜਾ ਰਿਹਾ ਸੀ।

"ਕਿਤੇ ਮੇਰੇ ਨਾਲ ਵੀ ਏਦਾਂ ਨਾ ਹੋ ਜਾਵੇ...!" ਉਹ ਸੋਚੀਂ ਪੈ ਗਿਆ। "ਪਰ ਮੈਂ ਕੀਤਾ ਕੀ ਐ...? ਕੁਝ ਵੀ ਤਾਂ ਨਹੀਂ...ਫੇਰ ਮੇਰੇ ਨਾਲ ਏਦਾਂ ਕਿਉਂ ਹੋਉ..? ਸ਼੍ਰੀਮਤੀ ਜੀ ਨੇ ਘਰੋਂ ਤੁਰਨ ਸਮੇਂ ਕਿਹਾ ਸੀ, 'ਮੈਂ ਕਿਸੇ ਨੂੰ ਭੇਜਦੀ ਹਾਂ...ਤੁਸੀਂ ਘਾਬਰੀਓ ਨਾ...ਜੇ ਕੋਈ ਊਂਚ ਨੀਚ ਹੋਈ ਤਾਂ ਉਹ ਸਾਂਭ ਲੈਣਗੇ..!' ਉਹਦਾ ਸਹੁਰਾ ਪੁਲਸ ਇੰਸਪੈਕਟਰ ਰਿਹਾ ਸੀ। ਹੋ ਸਕਦੈ ਸ਼੍ਰੀਮਤੀ ਜੀ ਉਹਨਾਂ ਨੂੰ ਈ ਭੇਜ ਦੇਣ। ਜੇ ਉਹ ਆ ਗਏ ਤਾਂ ਫੇਰ ਚਿੰਤਾ ਵਾਲੀ ਕੋਈ ਗੱਲ ਨਹੀਂ...ਜੇ ਉਹ ਨਹੀਂ ਆਏ ਤਾਂ ਫੇਰ ਕੀ ਹੋਵੇਗਾ...ਪੁਲਸ ਵਾਲਿਆਂ ਮੇਰਾ ਲਿਹਾਜ ਥੋੜ੍ਹਾ ਕਰਨਾ ਏ...ਉਹਨਾਂ ਨੇ ਪਿੰਜ ਦੇਣਾ ਹੈ...ਮੇਰੀਆਂ ਚੀਕਾਂ ਕਢਾ ਦੇਣੀਆਂ ਨੇ...ਮੈਂ ਤੁਰਨ ਫਿਰਨ ਤੋਂ ਵੀ ਅਵਾਜਾਰ ਹੋ ਜਾਵਾਂਗਾ...ਪੁਲਸ ਪਾਸ ਕਿਸ ਨੇ ਸ਼ਿਕਾਇਤ ਕੀਤੀ ਹੋਵੇਗੀ...ਪਤਾ ਨਹੀਂ...ਜੇ ਪਤਾ ਹੁੰਦਾ ਤਾਂ ਉਸ ਨੂੰ ਈ ਨਾ ਪੁੱਛ ਲੈਂਦਾ...ਸ਼ਿਕਾਇਤ ਸੱਚੀ ਹੋਵੇਂ ਜਾਂ ਝੂਠੀ, ਪੁਲਸ ਵਾਲਿਆਂ ਇਕ ਵਾਰ ਤਾਂ ਮਾਂਜਾ ਫੇਰ ਦੇਣਾ..." ਉਹ ਆਪੇ ਪ੍ਰਸ਼ਨ ਕਰਦਾ ਤੇ ਆਪੇ ਉਹਦਾ ਜਵਾਬ ਦਿੰਦਾ ਜਾ ਰਿਹਾ ਸੀ।

"ਭਾਈ ਸਾਹਿਬ, ਪਿੱਛੇ ਵੀ ਦੇਖ ਲਿਆ ਕਰੋ...!" ਕਿਸੇ ਦੀ ਤਿੱਖੀ ਅਵਾਜ਼ ਉਹਦੇ ਕੰਨਾਂ ਵਿਚ ਪਈ। ਉਹ ਹਲੂਣਿਆ ਗਿਆ। ਉਸ ਪਿੱਛੇ ਘੁੰਮ ਕੇ ਦੇਖਿਆ। ਕੋਈ ਸਕੂਟਰ 'ਤੇ ਬੈਠਾ ਚੀਕੀ ਜਾ ਰਿਹਾ ਸੀ। ਤਾਪਸ ਨੇ ਉਸ ਵੱਲ ਧਿਆਨ ਨਾ ਦਿੱਤਾ ਤੇ ਇਕ ਪਾਸੇ ਹਟ ਗਿਆ। ਸਕੂਟਰ ਵਾਲਾ ਉਥੋਂ ਅੱਗੇ ਵਧਿਆ ਤਾਂ ਇਕ ਪੁਲਸ ਵਾਲਾ ਉਸ ਨੂੰ ਆਪਣੇ ਵੱਲ

ਆਉਂਦਾ ਦਿਸਿਆ। 'ਖਬਰੇ ਇਹ ਮੈਨੂੰ ਹੀ ਫੜਨ ਨਾ ਜਾ ਰਿਹਾ ਹੋਵੇ, ਪਰ ਮੈਂ ਤਾਂ ਆਪ ਪੁਲਸ ਥਾਣੇ ਜਾ ਰਿਹਾਂ। ਜੇ ਉਹਨਾਂ ਸਿਪਾਹੀ ਭੇਜਣਾ ਸੀ ਤਾਂ ਮੈਨੂੰ ਟੈਲੀਫੋਨ ਕਿਉਂ ਕੀਤਾ। ਜੇ ਟੈਲੀਫੋਨ ਕੀਤਾ ਹੈ ਤਾਂ ਥੋੜ੍ਹਾ ਸਬਰ ਕਰਨਾ ਚਾਹੀਦਾ। ਮੈਂ ਕਿਹੜਾ ਆਦਿ ਮੁਜਰਮ ਹਾਂ ਜਿਹੜਾ ਕਿਧਰੇ ਹੋਰ ਨੱਸ ਜਾਵੇਗਾ। ਪੁਲਸ ਵਾਲਾ ਉਹਦੇ ਕੋਲ ਦੀ ਹੋ ਕੇ ਅੱਗੇ ਲੰਘ ਗਿਆ। ਸ਼ੁਕਰ ਹੈ, ਇਹ ਮੈਨੂੰ ਫੜਨ ਨਹੀਂ ਆਇਆ। ਪਰ ਕੀ ਫਰਕ ਪੈਂਦਾ ਹੈ। ਮੈਂ ਖੁਦ ਬਘਿਆੜ ਦੇ ਮੂੰਹ ਵਿਚ ਜਾ ਰਿਹਾਂ। ਉਹ ਚਾਹੇ ਸਬੂਤਾ ਨਿਗਲ ਲਵੇ। ਚਾਹੇ ਛੱਡ ਦੇਵੇ। ਬਘਿਆੜ ਵੀ ਕਦੇ ਕਿਸੇ ਨੂੰ ਸੁੱਕਾ ਜਾਣ ਦਿੰਦਾ, ਜਬ੍ਹਾੜੇ ਹੇਠ ਲੈ ਲੈਂਦਾ ਹੈ।' ਇਹ ਸੋਚ ਉਹ ਇਕ ਵਾਰ ਫੇਰ ਸਿਰ ਤੋਂ ਪੈਰਾਂ ਤਕ ਕੰਬ ਉਠਿਆ।

"ਬੇਟਾ, ਇਸ ਨੂੰ ਸੜਕ ਪਾਰ ਕਰਾ ਦੇ..." ਉਸ ਦੇ ਪਿੱਛੇ ਆ ਰਹੀ ਇਕ ਬਜ਼ੁਰਗ ਔਰਤ ਨੇ ਉਹਦੇ ਮੋਢੇ 'ਤੇ ਹੱਥ ਰਖਦਿਆਂ ਕਿਹਾ।

"ਜੀ...!" ਉਸ ਪਿੱਛੇ ਦੇਖਿਆ ਤਾਂ ਬਜ਼ੁਰਗ ਔਰਤ ਇਕ ਨੇਤਰਹੀਨ ਵੱਲ ਇਸ਼ਾਰਾ ਕਰਦਿਆਂ ਕਹੀ ਸੀ, "ਵਿਚਾਰਾ ਪਤਾ ਨਹੀਂ ਕਦੋਂ ਦਾ ਖਲੋਤੈ...ਇਸ ਦੂਜੇ ਪਾਸੇ ਜਾਣਾ...!"

"ਕੋਈ ਗੱਲ ਨਹੀਂ ਜੀ..." ਕਹਿੰਦਿਆਂ ਤਾਪਸ ਨੇ ਨੇਤਰਹੀਨ ਦੀ ਬਾਂਹ ਫੜ ਲਈ ਤੇ ਹੌਲੀ ਹੌਲੀ ਸੜਕ ਪਾਰ ਕਰਾ ਦਿੱਤੀ। ਨੇਤਰਹੀਨ ਨੇ ਜਿਧਰ ਜਾਣਾ ਸੀ ਉਧਰ ਹੱਥ ਵਿਚ ਫੜੀ ਸੋਟੀ ਦੀ ਸਹਾਇਤਾ ਨਾਲ ਚੱਲਣ ਲੱਗ ਪਿਆ। ਤਾਪਸ ਮੁੜ ਇਕ ਵਾਰ ਆਪਣੀ ਸਾਈਡ ਵੱਲ ਆਇਆ ਤੇ ਥਾਣੇ ਦੀ ਦਿਸ਼ਾ ਵਿਚ ਅੱਗੇ ਵਧਦਾ ਚਲਾ ਗਿਆ।

ਥਾਣੇ ਮੋਹਰੇ ਲੋਕਾਂ ਦੀ ਭੀੜ ਸੀ। ਕੁਝ ਲੋਕ ਗੁੱਸੇ ਵਿਚ ਸਨ ਤੇ ਇਕ-ਦੂਜੇ ਨੂੰ ਟੁੱਟ ਟੁੱਟ ਪੈ ਰਹੇ ਸਨ। ਉਨ੍ਹਾਂ ਨਾਲ ਖਲੋਤੇ ਰਤਾ ਸਿਆਣੀ ਉਮਰ ਦੇ ਬੰਦੇ ਵਿਚ ਵਿਚਾਅ ਕਰਨ ਦਾ ਯਤਨ ਕਰਦੇ ਲੜਨ ਵਾਲਿਆਂ ਨੂੰ ਇਕ ਦੂਜੇ ਤੋਂ ਪਰ੍ਹੇ ਧੱਕ ਰਹੇ ਸਨ। ਦੋ ਪਾਰਟੀਆਂ ਵਿਚਕਾਰ ਨਵਾਂ ਨਵਾਂ ਝਗੜਾ ਹੋਇਆ ਜਾਪਦਾ ਸੀ। ਸਭ ਉੱਚੀ ਉੱਚੀ ਦੂਜੀ ਪਾਰਟੀਆਂ ਦੇ ਬੰਦਿਆਂ ਨੂੰ ਗਾਲ੍ਹਾਂ ਕਢ ਰਹੇ ਸਨ..!

"ਲੈ ਇਹ ਲੋਕ ਥਾਣੇ ਆ ਕੇ ਵੀ ਗੁੱਥਮ ਗੁੱਥੀ ਹੋਈ ਜਾ ਰਹੇ ਹਨ...ਗਾਲ੍ਹਾਂ ਕਢ ਰਹੇ ਹਨ...ਤੇ ਇਕ ਮੈਂ ਹਾਂ ਜਦੋ ਦਾ ਪੁਲਸ ਵਾਲਿਆ ਫੋਨ ਉੱਪਰ ਥਾਣੇ ਆਉਣ ਲਈ ਕਿਹੈ, ਉਦੋਂ ਦਾ ਹੀ ਡਰ ਨਾਲ ਕੰਬੀ ਜਾ ਰਿਹਾਂ...ਪੁਲਸ ਹਊਆ ਤਾਂ ਨਹੀਂ ਜਿਹੜਾ ਮੈਨੂੰ ਮੂੰਹ ਵਿਚ ਪਾ ਲਵੇਗੀ...ਤੇ ਜੇ ਇਹ ਹਊਆ ਹੈ ਤਾਂ ਇਹਨਾਂ ਨੂੰ ਕੁਝ ਨਹੀਂ ਕਹਿੰਦੀ। ਇਹ ਤਾਂ ਪੁਲਸ ਦੇ ਘਰ ਵਿਚ ਆ ਕੇ ਚਾਂਗਰਾਂ ਮਾਰ ਰਹੇ ਹਨ...ਕੋਈ ਨਹੀਂ..ਕੁਝ ਨਹੀਂ ਹੁੰਦਾ...ਤਕੜਾ ਹੋ ਕੇ ਅੰਦਰ ਚਲ..." ਉਹ ਆਪਣੇ ਆਪ ਨੂੰ ਹੌਂਸਲਾ ਦਿੰਦਾ ਥਾਣੇ ਅੰਦਰ ਵੜ ਗਿਆ।

"ਫਰਮਾਓ...?" ਉਹਨੂੰ ਦੇਖ ਇਕ ਕਾਂਸਟੇਬਲ ਨੇ ਪੁਛਿਆ।

"ਜੀ ਮੈਨੂੰ ਟੈਲੀਫੋਨ ਗਿਆ ਸੀ।"

"ਕੀਹਦਾ...?" ਉਸ ਸਬ ਇੰਸਪੈਕਟਰ ਦਾ ਨਾਂਅ ਦਸ ਦਿੱਤਾ। "ਠੀਕ ਹੈ..." ਕਾਂਸਟੇਬਲ ਨੇ ਸਾਹਮਣੇ ਕਮਰੇ ਵੱਲ ਇਸ਼ਾਰਾ ਕਰਦਿਆਂ ਕਿਹਾ, "ਤੁਸੀਂ ਉਧਰ ਜਾਓ...।"

"ਠੀਕ ਹੈ.." ਉਹ ਸਬ ਇੰਸਪੈਕਟਰ ਦੇ ਕਮਰੇ ਵੱਲ ਗਿਆ। ਬਾਹਰ ਬੈਠੇ ਕਾਂਸਟੇਬਲ ਨੂੰ ਆਪਣੇ ਨਾਂਅ ਦੀ ਚਿਟ ਦਿੱਤੀ। ਕਾਂਸਟੇਬਲ ਚਿਟ ਲੈ ਕੇ ਅੰਦਰ ਗਿਆ ਤੇ ਮੁੜਦੇ ਪੈਰੀਂ ਬਾਹਰ ਆ ਕੇ ਉਸ ਨੂੰ ਅੰਦਰ ਭੇਜ ਦਿੱਤਾ।

"ਮਿਸਟਰ ਤਾਪਸ...?" ਸਬ ਇੰਸਪੈਕਟਰ ਨੇ ਉਸ ਨੂੰ ਦੇਖਦੇ ਸਾਰ ਪੁੱਛਿਆ। ਉਹਦੇ ਬੋਲਾਂ ਵਿਚ ਪੁਲਸ ਵਾਲਿਆਂ ਵਾਲਾ ਰੋਹਬ ਨਹੀਂ ਸੀ। ਉਹ ਬਹੁਤ ਹਲੀਮੀ ਨਾਲ ਬੋਲਿਆ। ਤਾਪਸ ਨੂੰ ਜਾਪਿਆ...ਜਾਣੋਂ ਉਹ ਪੁਲਸ ਦੇ ਇੰਸਪੈਕਟਰ ਪਾਸ ਨਹੀਂ ਸਗੋਂ ਆਪਣੇ ਕਿਸੇ ਪੁਰਾਣੇ ਦੋਸਤ ਨੂੰ ਮਿਲ ਰਿਹਾ ਸੀ। ਸਬ ਇੰਸਪੈਕਟਰ ਸੀਟ ਤੋਂ ਉੱਠਿਆ। ਉਸ ਤਾਪਸ ਨਾਲ ਹੱਥ ਮਿਲਾਇਆ ਤੇ ਬੜੇ ਸਤਿਕਾਰ ਨਾਲ ਉਸ ਨੂੰ ਸਾਹਮਣੇ ਡੱਠੀ ਕੁਰਸੀ 'ਤੇ ਬੈਠਣ ਦੀ ਬੇਨਤੀ ਕੀਤੀ।

"ਮਾਫ ਕਰਨਾ...ਤੁਹਾਨੂੰ ਤਕਲੀਫ ਦਿੱਤੀ ਏ..!" ਸਬ ਇੰਸਪੈਕਟਰ ਨੇ ਆਦਰ ਨਾਲ ਕਿਹਾ।

"ਕੋਈ ਗੱਲ ਨਹੀਂ ਜੀ...ਦਸੋਂ ਕੀ ਹੁਕਮ ਹੈ..?" ਤਾਪਸ ਨੇ ਸਹਿਜ ਹੁੰਦਿਆਂ ਸਬ ਇੰਸਪੈਕਟਰ ਨੂੰ ਸੰਬੋਧਨ ਕੀਤਾ।

“ਇਕ ਲੜਕੀ ਦਾ ਕੇਸ ਆਇਐ। ਮਾਮਲਾ ਸਾਫ ਐ। ਧੋਖਾਦੇਹੀ ਦਾ।”

“ਓਹ...ਪਰ ਮੈਂ ਤਾਂ...।”

“ਤੁਸੀਂ ਇਸ ਵਿਚ ਸ਼ਾਮਲ ਨਹੀਂ ਹੋ...ਅਸੀਂ ਜਾਣਦੇ ਹਾਂ...। ਤੁਹਾਨੂੰ ਘਾਬਰਨ ਦੀ ਉੱਕਾ ਈ ਲੋੜ ਨਹੀਂ ਤੇ ਉਹ ਵੀ ਮੇਰੇ ਹੁੰਦਿਆਂ।” ਸਬ ਇੰਸਪੈਕਟਰ ਨੇ ਤਾਪਸ ਦੀ ਤਸੱਲੀ ਲਈ ਕਿਹਾ।

“ਇਹ ਲੜਕੀ ਕੌਣ ਹੈ...?” ਤਾਪਸ ਨੇ ਪੁਛਿਆ।

“ਤੁਸੀਂ ਭਾਵੇਂ ਉਹਨੂੰ ਨਾ ਜਾਣਦੇ ਹੋਵੋ ਪਰ ਉਹ ਤੁਹਾਨੂੰ ਚੰਗੀ ਤਰ੍ਹਾਂ ਜਾਣਦੀ ਹੈ। ਇੰਟੈਰੋਗੇਸ਼ਨ ਸਮੇਂ ਉਸ ਆਪਣਾ ਬਚਾਅ ਕਰਨ ਦੇ ਉਦੇਸ਼ ਨਾਲ ਤੁਹਾਡਾ ਨਾਂਅ ਲੈ ਦਿੱਤਾ...।”

“ਮੇਰਾ ਨਾਂਅ...!” ਤਾਪਸ ਦਾ ਮੂੰਹ ਅੱਡਿਆ ਗਿਆ।

“ਉਸ ਤੁਹਾਡਾ ਨਾਂਅ ਵੀ ਲਿਆ ਸੀ..।” ਸਬ ਇੰਸਪੈਕਟਰ ਨੇ ਮੇਜ ਦੇ ਦਰਾਜ ਵਿਚੋਂ ਲੜਕੀ ਦੀ ਤਸਵੀਰ ਕਢੀ ਤੇ ਤਾਪਸ ਵਲ ਵਧਾ ਦਿੱਤੀ। “ਇਹ ਹੈ ਉਹ ਲੜਕੀ...! ਕੀ ਤੁਸੀਂ ਇਸ ਨੂੰ ਜਾਣਦੇ ਹੋ...?” ਸਬ ਇੰਸਪੈਕਟਰ ਨੇ ਗਹਿਰੀ ਨਜ਼ਰ ਨਾਲ ਤਾਪਸ ਨੂੰ ਦੇਖਦਿਆਂ ਪੁੱਛਿਆ।

“ਸ਼ਕਲੋਂ ਇਹਦਾ ਵਾਕਫ ਹਾਂ...!” ਤਾਪਸ ਨੇ ਫੋਟੋ ਨੂੰ ਗੌਰ ਨਾਲ ਦੇਖਦਿਆਂ ਕਿਹਾ।

“ਸ਼ਕਲੋਂ...?” ਸਬ ਇੰਸਪੈਕਟਰ ਦਾ ਸਵਾਲ ਸੀ।

“ਇਹ ਗਾਹੇ ਬਗਾਹੇ ਕਿਸੇ ਨਾ ਕਿਸੇ ਪ੍ਰੋਗਰਾਮ ਵਿਚ ਮਿਲਦੀ ਰਹਿੰਦੀ ਹੈ...ਬਸ ਹਾਏ ਹੈਲੋ...ਉਹ ਵੀ ਉਸ ਵੱਲੋਂ...ਮੈਂ ਕਦੇ ਨਹੀਂ ਬੁਲਾਇਆ...!”

“ਜੇ ਤੁਸੀਂ ਇਸ ਨੂੰ ਕਦੇ ਨਹੀਂ ਬੁਲਾਇਆ ਤਾਂ ਇਹ ਏਨੇ ਵਿਸ਼ਵਾਸ ਨਾਲ ਤੁਹਾਡਾ ਨਾਂਅ ਕਿਉਂ ਲੈ ਰਹੀ ਹੈ..?” ਤਾਪਸ ਦੇ ਜਵਾਬ ਨਾਲ ਤਸੱਲੀ ਨਾ ਹੋਣ ’ਤੇ ਸਬ ਇੰਸਪੈਕਟਰ ਨੇ ਜੋਰ ਦੇ ਕੇ ਪੁਛਿਆ।

“ਇਹਦਾ ਕੇਸ ਕੀ ਹੈ...ਤੇ ਇਹ ਮੇਰੇ ਨਾਂਅ ਕਿਉਂ ਲੈ ਰਹੀ ਹੈ...ਇਹਦਾ ਮਨੋਰਥ ਕੀ ਹੈ...ਮੈਂ ਨਹੀਂ ਜਾਣਦਾ...ਮੈਂ ਇਹਨੂੰ ਕੇਵਲ ਸ਼ਕਲੋਂ ਜਾਣਦਾ ਹਾਂ..ਉਹ ਇਸ ਲਈ ਕਿਉਂਕਿ ਇਹ ਕਦੇ ਕਦਾਈਂ ਪਾਰਟੀਆਂ ਜਾਂ ਦੂਜੇ ਪ੍ਰੋਗਰਾਮਾਂ ਵਿਚ ਮੈਨੂੰ ਟੱਕਰ ਪੈਂਦੀ ਹੈ। ਮੇਰੀ ਜਾਣਕਾਰੀ ਏਨੀ ਹੀ ਹੈ..ਇਹ ਕੌਣ ਹੈ..? ਇਹ ਕੀ ਕਰਦੀ ਹੈ...ਕਿਸ ਦੀ ਧੀ ਹੈ..? ਇਹ ਸਭ ਜਾਨਣ ਦੀ ਕਦੇ ਲੋੜ ਈ ਨਹੀਂ ਪਈ।” ਤਾਪਸ ਨੇ ਇਕ ਵਾਰ ਫੇਰ ਸਪਸ਼ਟ ਕੀਤਾ।

“ਓ ਕੇ..ਇਹ ਇਹਦੀ ਚਲਾਕੀ ਹੈ ਜਾਂ ਕੋਈ ਗੇਮ ਖੇਡ ਰਹੀ ਹੈ..!” ਸਬ ਇੰਸਪੈਕਟਰ ਨੇ ਸ਼ੰਕਾ ਜਾਹਿਰ ਕੀਤੀ।

“ਤੁਸੀਂ ਠੀਕ ਕਹਿ ਰਹੇ ਹੋ...ਮੈਨੂੰ ਖੁਦ ਏਦਾਂ ਈ ਲੱਗਦੈ...!” ਤਾਪਸ ਨੇ ਏਨੀ ਗੱਲ ਕਹੀ ਤਾਂ ਉਹਦੇ ਇਕ ਪੁਰਾਣੇ ਕੁਲੀਗ ਦਾ ਚਿਹਰਾ ਉਸ ਦੀਆਂ ਅੱਖਾਂ ਸਾਹਮਣੇ ਆ ਗਿਆ। ਬੜਾ ਨਾਜੁਕ ਤੇ ਭੋਲਾ ਜਿਹਾ ਚਿਹਰਾ, ਸਦਾ ਖਿੜੇ ਮੱਥੇ ਮਿਲਣ ਵਾਲਾ, ਸਿੱਧਾ ਸਾਦਾ, ਕੋਈ ਬਲ ਫੇਰ ਨਹੀਂ ਸੀ ਉਸ ਵਿਚ। ਹਾਦਸਾ ਉਸ ਨਾਲ ਨਹੀਂ, ਉਸ ਦੇ ਪੁੱਤਰ ਨਾਲ ਹੋਇਆ ਸੀ। ਇਹੋ ਫੋਟੋ ਵਾਲੀ ਲੜਕੀ ਉਸ ਹਾਦਸੇ ਦੀ ਖਲਨਾਇਕਾ ਸੀ। ਇਸ ਹਾਦਸੇ ਕਾਰਨ ਦੋਸਤ ਦੇ ਪੁੱਤਰ ਨੂੰ ਮਾਨਸਿਕ ਤਸੀਹੇ ਝੱਲਣੇ ਪਏ ਸਨ। ਹਾਦਸਾ ਪਿਆਰ ਦਾ ਸੀ। ਪਿਆਰ ਦੀ ਗੱਡੀ ਚਲਦੀ ਚਲਦੀ ਪੈਂਚਰ ਹੋ ਜਾਂਦੀ ਹੈ ਤਾਂ ਕਹਿੰਦੇ ਕਹਾਉਂਦੇ ਲੋਕ ਲਹੂ ਲੁਹਾਨ ਹੋ ਜਾਂਦੇ ਨੇ। ਉਹ ਤਾਂ ਇਸ ਮਾਮਲੇ ਵਿਚ ਉੱਕਾ ਈ ਅਨਾੜੀ ਸੀ।

ਸਬ ਇੰਸਪੈਕਟਰ ਦੇ ਮੋਬਾਈਲ ਨੇ ਟਰਨ...ਟਰਨ ਕੀਤਾ। ਉਹ ‘ਐਕਸਕਯੂਜ ਮੀ ਪਲੀਜ’ ਕਹਿ ਕੇ ਆਪਣੀ ਸੀਟ ਤੋਂ ਉਠਿਆ ਤੇ ਕਮਰੇ ਦੇ ਦੂਜੇ ਕੋਨੇ ਵਿਚ ਜਾ ਕੇ ਗੱਲ ਕਰਨ ਲੱਗ ਪਿਆ। ਸਬ ਇੰਸਪੈਕਟਰ ਦੇ ਲਾਂਭੇ ਚਲੇ ਜਾਣ ਤੇ ਤਾਪਸ ਇਕ ਵਾਰ ਫੇਰ ਕੁਝ ਸੋਚਣ ਲੱਗਾ। ਸੋਚਾਂ ਰੂਪੀ ਘੜੀ ਦੀ ਸੂਈ ਇਕ ਥਾਂ ਆ ਕੇ ਰੁਕ ਗਈ। ਪੂਰੀ ਗੱਲ ਦੀ ਸਮਝ ਤਾਂ ਨਹੀਂ ਪਈ ਪਰ ਏਨਾ ਜਰੂਰ ਸਪਸ਼ਟ ਹੋ ਗਿਆ ਕਿ ਸਬ ਇੰਸਪੈਕਟਰ ਦਾ ਖਦਸ਼ਾ ਨਿਰਮੂਲ ਨਹੀਂ ਹੈ। ਉਸ ਨਾਲ ਕੋਈ ਖੇਡ ਖੇਡੀ ਜਾ ਰਹੀ ਹੈ। ਕੀ ਖੇਡ ਖੇਡੀ ਜਾ ਰਹੀ ਹੈ, ਇਹ ਅਜੇ ਤਕ ਸਾਫ ਨਹੀਂ ਹੋਇਆ ਸੀ।

“ਸਰ...!”

“ਜੀ..!” ਸਬ ਇੰਸਪੈਕਟਰ ਨੇ ਹੁੰਗਾਰਾ ਭਰਦਿਆਂ ਦਰਵਾਜੇ ਵੱਲ ਦੇਖਿਆ। ਬਾਹਰ ਵਾਲਾ ਕਾਂਸਟੇਬਲ ਖਲੋਤਾ ਸੀ।

“ਐਮ ਐਲ ਏ ਸਾਹਿਬ ਆਏ ਨੇ...।”

“ਉਹਨਾਂ ਨੂੰ ਬਾਹਰ ਕਿਉਂ ਖੜਾ ਕੀਤੈ...ਅੰਦਰ ਲੈ ਕੇ ਆ...” ਕਾਂਸਟੇਬਲ ਦੇ ਬਾਹਰ ਜਾਣ ’ਤੇ ਸਬ ਇੰਸਪੈਕਟਰ...ਨੇ ਉਸ ਨੂੰ ਸੰਬੋਧਨ ਕੀਤਾ.. “ਆਈ ਐਮ ਸਾੱਰੀ ਮਿਸਟਰ ਤਾਪਸ, ਤੁਹਾਨੂੰ ਥੋੜ੍ਹੀ ਦੇਰ ਬਾਹਰ ਬੈਠਣਾ ਹੋਵੇਗਾ। ਜੇ ਤੁਸੀਂ ਮਾਇੰਡ ਨਾ ਕਰੋ ਤਾਂ ਅੱਧੇ-ਪੌਣੇ ਘੰਟੇ ਲਈ ਆਪਣੇ ਹੋਰ ਕਿਸੇ ਕੰਮ ਲਈ ਬਾਹਰ ਜਾ ਸਕਦੇ ਹੋ..।” ਸਬ ਇੰਸਪੈਕਟਰ ਦੀ ਹਲੀਮੀ ਨੇ ਉਹਦਾ ਮਨ ਮੋਹ ਲਿਆ। ਉਹ “ਕੋਈ ਗੱਲ ਨਹੀਂ ਜੀ...ਮੈਂ ਹੋਰ ਕਿਧਰੇ ਨਹੀਂ ਜਾਣਾ...ਬਾਹਰ ਬੈਠ ਜਾਂਦਾ ਹਾਂ..।” ਉਹ ਕਮਰੇ ਵਿਚੋਂ ਬਾਹਰ ਆ ਕੇ ਇਕ ਕੁਰਸੀ ’ਤੇ ਬਹਿ ਗਿਆ।

“ਬਾਬੂ ਜੀ, ਨਮਸਕਾਰ...!” ਸਾਹਮਣੀ ਕੁਰਸੀ ’ਤੇ ਬੈਠਾ ਇਕ ਸੱਜਣ ਉਸ ਅੱਗੇ ਹੱਥ ਜੋੜੀ ਖੜ੍ਹਾ ਸੀ। ਤਾਪਸ ਨੇ ਮੂੰਹ ਉੱਪਰ ਕਰਕੇ ਉਸ ਸੱਜਣ ਵੱਲ ਦੇਖਿਆ। ਉਹ ਇਕ ਕਮਜੋਰ ਜਿਹਾ...ਬਜੁਰਗੀ ਦੀਆਂ ਹੱਦਾਂ ਵਿਚ ਦਾਖਲ ਹੋਣ ਜਾ ਰਿਹਾ...ਸਾਦਾ ਲਿਬਾਸ...ਉਸ ਦੀ ਦਾੜ੍ਹੀ ਵੱਧੀ ਹੋਈ ਸੀ...ਜਾਪਦਾ ਸੀ ਪਿਛਲੇ ਕਈ ਦਿਨਾਂ ਤੋਂ ਸ਼ੇਵ ਨਹੀਂ ਹੋਈ ਜਾਂ ਉਹ ਕਰ ਨਹੀਂ ਸਕਿਆ। ਉਸ ਤੋਂ ਚੰਗੀ ਤਰ੍ਹਾਂ ਖਲੋਤਾ ਵੀ ਨਹੀਂ ਜਾ ਰਿਹਾ ਸੀ। ਤਾਪਸ ਨੂੰ ਉਸ ਦੀ ਭੈੜੀ ਹਾਲਤ ਦੇਖ ਤਰਸ ਜਿਹਾ ਆ ਗਿਆ।

“ਜੀ ਨਮਸਕਾਰ...ਮੈਂ ਤੁਹਾਨੂੰ ਪਛਾਣਿਆਂ ਨਹੀਂ..।”

“ਮੈਂ ਤੁਹਾਨੂੰ ਕਦੇ ਮਿਲਿਆ ਈ ਨਹੀਂ...ਤੁਹਾਡੇ ਨਾਲ ਕਦੇ ਮੁਲਾਕਾਤ ਕਰਨ ਦਾ ਸਬਬ ਨਹੀਂ ਬਣਿਆਂ। ਪਰ ਮੈਂ ਏਸ ਹਾਲਤ ਵਿਚ ਤੁਹਾਨੂੰ ਮਿਲਾਂਗਾ..ਇਹ ਕਦੇ ਸੋਚਿਆ ਵੀ ਨਹੀਂ ਸੀ...।” ਉਹ ਇਸ ਤੋਂ ਅੱਗੇ ਹੋਰ ਕੁਝ ਬੋਲ ਨਾ ਸਕਿਆ। ਉਸ ਮੂੰਹੋਂ ਬੜੀ ਮੁਸ਼ਕਲ ਨਾਲ ਏਨੇ ਸ਼ਬਦ ਨਿਕਲੇ ਸਨ। ਉਹ ਬੋਲਦਾ-ਬੋਲਦਾ ਹੇਠਾਂ ਦੇਖਣ ਲੱਗਾ। ਪਤਾ ਨਹੀਂ ਕੀ ਹੋਇਆ ਹੋਵੇਗਾ, ਇਸ ਸਮੇਂ ਤਾਂ ਉਸ ਨੂੰ ਤਾਪਸ ਨਾਲ ਨਜ਼ਰ ਮਿਲਾਉਣਾ ਵੀ ਔਖਾ ਲੱਗ ਰਿਹਾ ਸੀ। ਉਹਦੀਆਂ ਅੱਖਾਂ ਨਮ ਸਨ ਜਿਹੜਾ ਇਸ ਗੱਲ ਦਾ ਸਬੂਤ ਸੀ ਕਿ ਉਹ ਕਿਸੇ ਵੱਡੇ ਸੰਤਾਪ ਵਿਚੋਂ ਗੁਜਰ ਰਿਹਾ ਹੈ।

“ਤੁਸੀਂ ਬੈਠੋ...ਦੱਸੋ ਕੀ ਗੱਲ ਹੈ..?” ਤਾਪਸ ਨੇ ਹਮਦਰਦੀ ਨਾਲ ਕਿਹਾ।

“ਮੈਂ ਤਾਂ ਜੀ ਅਰਜ ਈ ਕਰਨੀ ਆ...ਗੱਲ ਕਰਨ ਜੋਗਾ ਤਾਂ ਰਿਹਾ ਨਹੀਂ..!” ਤਾਪਸ ਕੋਲ ਬੈਠ ਉਹ ਹੌਲੀ ਜਿਹੇ ਬੋਲਿਆ ਪਰ ਅਜੇ ਵੀ ਉਸ ਆਪਣਾ ਸਿਰ ਨੀਵਾਂ ਰਖਿਆ ਹੋਇਆ ਸੀ।

“ਕੋਈ ਗੱਲ ਨਹੀਂ...ਮੈਂ ਕਿਹੜਾ ਨਾਢੂ ਖਾਨ ਹਾਂ..ਤੁਹਾਡੇ ਵਰਗਾ ਹਮਾਤੜ ਹਾਂ...!” ਤਾਪਸ ਨੇ ਪਿਆਰ ਨਾਲ ਸਮਝਾਉਣ ਦਾ ਯਤਨ ਕੀਤਾ।

“ਬੰਦਾ ਭਾਵੇਂ ਮਾੜਾ ਨਹੀਂ ਹੁੰਦਾ, ਉਸ ਦੇ ਕਰਮ ਮਾੜੇ ਜਾਂ ਚੰਗੇ ਜਰੂਰ ਹੁੰਦੇ ਹਨ..!” ਉਹ ਬੋਲਿਆ।

“ਤੁਹਾਡੀ ਹਸਤੀ ਤੇ ਤੁਹਾਡੇ ਬੋਲਾਂ ਤੋਂ ਲਗਦਾ ਤਾਂ ਨਹੀਂ ਕਿ ਤੁਸੀਂ ਕੋਈ ਮਾੜਾ ਜਾਂ ਗਲਤ ਕੰਮ ਕੀਤਾ ਹੋਵੇਗਾ..!”

“ਇਹ ਕਰਮ ਮੇਰਾ ਨਹੀਂ...ਮੇਰੀ ਬੇਟੀ ਦਾ ਹੈ..ਉਸ ਨੂੰ ਇਸ ਦੀ ਸਜਾ ਮਿਲ ਚੁੱਕੀ ਹੈ...ਬਚਪਨ ਤੋਂ ਹੀ ਉਹ ਮੂੰਹਜੋਰ ਰਹੀ ਹੈ...ਇਕ ਨੰਬਰ ਦੀ ਜਿੱਦੀ..ਹਠੀ...ਕੀਨਾਖੋਰ...।” ਬਜੁਰਗ ਹੌਲੀ ਹੌਲੀ ਖੁਲ੍ਹਣ ਲੱਗਾ।

“..................!”

“ਹਰ ਵੇਲੇ ਲੜਾਈ..ਝਗੜਾ..ਐਵੇਂ ਰਾਹ ਤੁਰੇ ਜਾਂਦੇ ਨਾਲ ਈਰਖਾ...!”

“...............!”

“ਪਤਾ ਨਹੀਂ ਕੀਹਦੇ ’ਤੇ ਗਈ ਹੈ। ਉਹਦੀ ਮਾਂ ਭਾਵ ਮੇਰੀ ਪਤਨੀ...ਸੱਚ ਜਾਣਿਓਂ ਦੇਵੀ ਹੈ ਦੇਵੀ...ਹਰ ਹਾਲ ਵਿਚ ਖੁਸ਼ ਰਹਿਣ ਵਾਲੀ...ਹਰ ਕਿਸੇ ਨੂੰ ਖਿੜੇ ਮੱਥੇ ਮਿਲਣ ਵਾਲੀ...ਹਰ ਇਕ ਦੇ ਦੁੱਖ-ਸੁੱਖ ਦੀ ਭਾਈਵਾਲ..ਇਕ ਚੰਗੀ ਜੀਵਨ ਸਾਥਣ...ਇਕ ਸੁਚੱਜੀ ਗ੍ਰਿਹਣੀ...ਇਹੋ ਜਿਹੀ ਸੁਹਿਰਦ ਔਰਤ ਜੀਵਨ ਭਰ ਲਈ ਮੇਰੀ ਸਾਥਣ ਬਣੀ ਹੈ..ਮੈਂ ਭਾਗਾਂ ਵਾਲਾ ਹਾਂ...ਸੱਚ ਭਾਗਾਂ ਵਾਲਾ...ਪਰ...!”

"ਪਰ...?" ਤਾਪਸ ਨੇ ਪੁੱਛਿਆ ਪਰ ਉਹ ਕੁਝ ਨਾ ਬੋਲਿਆ। ਖਬਰੇ ਕੋਈ ਘਰੇਲੂ ਸਮਸਿਆ ਹੋਵੇਗੀ। ਤਾਪਸ ਸੋਚਣ ਲੱਗਾ। ਪਰ ਇਹ ਕੇਹੀ ਸਮਸਿਆ...ਜਿਹੜੀ ਏਨੇ ਸ਼ਰੀਫ ਆਦਮੀ ਨੂੰ ਪੁਲਸ ਥਾਣੇ ਲੈ ਆਈ ਹੈ। ਹਰ ਗੱਲ ਦਸੀ ਵੀ ਤਾਂ ਨਹੀਂ ਜਾ ਸਕਦੀ। ਪਰ ਜੇ ਇਹ ਭੱਦਰਪੁਰਸ਼ ਗੱਲ ਨਹੀਂ ਕਰੇਗਾ ਤਾਂ ਇਹਦੀ ਸਮਸਿਆ ਕਿਵੇਂ ਸੁਲਝੇਗੀ। ਘਰ ਦੀ ਸਮਸਿਆ ਤਾਂ ਛੱਡੋ, ਇਹ ਇਥੇ ਕਿਉਂ ਆਇਆ ਹੈ, ਮੇਰੇ ਨਾਲ ਕੀ ਗੱਲ ਕਰਨੀ ਚਾਹੁੰਦਾ ਹੈ, ਇਹ ਤਾਂ ਦੱਸ ਦੇਵੇ। ਤਾਪਸ ਨੇ ਆਪਣੇ ਵੱਲੋਂ ਬਜੁਰਗ ਨੂੰ ਬੜੀ ਹੱਲਾ ਸ਼ੇਰੀ ਦਿੱਤੀ ਪਰ ਉਹ ਕੁਝ ਕਹਿ ਨਾ ਸਕਿਆ।

"ਸਰ ਤੁਹਾਨੂੰ ਸਾਹਿਬ ਨੇ ਅੰਦਰ ਸੱਦਿਐ..!" ਇਕ ਕਾਂਸਟੇਬਲ ਨੇ ਤਾਪਸ ਨੂੰ ਕਿਹਾ।

"ਓ. ਕੇ! ਐਕਸਕਯੂਜ਼ ਮੀ ਪਲੀਜ਼..!" ਤਾਪਸ ਨੇ ਬਜੁਰਗ ਨੂੰ ਦੇਖ ਕਿਹਾ ਤੇ ਸਬ ਇੰਸਪੈਕਟਰ ਦੇ ਕਮਰੇ ਵਿਚ ਚਲਾ ਗਿਆ।

"ਬਾਹਰ ਇਕ ਸੱਜਣ ਮਿਲਿਐ...ਉਹ ਆਇਆ ਤਾਂ ਕੋਈ ਗੱਲ ਕਰਨ ਲਈ ਸੀ...ਪਰ ਚਾਹ ਕੇ ਵੀ ਉਹ ਮੂੰਹੋਂ ਕੁਝ ਬੋਲ ਨਹੀਂ ਸਕਿਆ...!" ਤਾਪਸ ਨੇ ਸਬ ਇੰਸਪੈਕਟਰ ਨੂੰ ਦਸਿਆ।

"ਉਹਨੇ ਕੋਈ ਗੱਲ ਨਹੀਂ ਕੀਤੀ..?" ਸਬ ਇੰਸਪੈਕਟਰ ਨੇ ਪੁੱਛਿਆ।

"ਜੀ ਨਹੀਂ...! ਦੂਜੀ ਗੱਲ ਮੈਂ ਤੁਹਾਡੇ ਸੱਦੇ 'ਤੇ ਈ ਇਥੇ ਆਇਆਂ...ਕਿਸ ਸਬੰਧ ਵਿਚ..ਅਜੇ ਤਕ ਮੈਨੂੰ ਇਸ ਗੱਲ ਦਾ ਪਤਾ ਨਹੀਂ ਲੱਗਾ...ਆਖਰ ਗੱਲ ਕੀ ਏ...!"

"ਮੈਂ ਹੀ ਉਹਨੂੰ ਕਿਹਾ ਸੀ ਬਈ ਉਹ ਸਿੱਧਾ ਤੁਹਾਡੇ ਨਾਲ ਹੀ ਗੱਲ ਕਰ ਲਵੇ। ਜੇ ਮਾਮਲਾ ਬਾਹਰ ਦੀ ਬਾਹਰ ਸੁਲਝ ਜਾਵੇ ਤਾਂ ਚੰਗਾ ਹੋਵੇਗਾ!"

"ਪਰ ਮੇਰੇ ਨਾਲ ਤਾਂ ਉਹਨੇ ਕੋਈ ਗੱਲ ਨਹੀਂ ਕੀਤੀ..! ਉਹਦੀ ਮਾੜੀ ਹਾਲਤ ਦੇਖ ਕੇ ਮੇਰਾ ਦਿਲ ਦੁਖਿਆ ਜਰੂਰ ਏ, ਵਿਚਾਰਾ...!"

"ਬੰਦਾ ਬਹੁਤ ਸਾਊ ਹੈ...ਉਹ ਬੇਲੋੜਾ ਤੰਗ ਤੇ ਪਰੇਸ਼ਾਨ ਨਾ ਹੋਵੇ, ਅਸੀਂ ਬਸ ਏਨਾ ਈ ਕਰ ਸਕਦੇ ਹਾਂ...ਪਰ ਕਾਨੂੰਨ ਅੱਗੇ ਸਾਡੀ ਪੇਸ਼ ਨਹੀਂ ਜਾਂਦੀ...ਕਈ ਵਾਰ ਨਾ ਨਾ ਕਰਦੇ ਹੋਇਆਂ ਵੀ ਅੱਤ ਦੇ ਸ਼ਰੀਫ ਬੰਦਿਆਂ ਖਿਲਾਫ ਕਾਰਵਾਈ ਕਰਨੀ ਪੈ ਜਾਂਦੀ ਹੈ!" ਸਬ ਇੰਸਪੈਕਟਰ ਨੇ ਅਫਸੋਸ ਜਤਾਉਣ ਦੇ ਲਹਿਜੇ ਵਿਚ ਕਿਹਾ।

"ਸਰ ਮੈਂ ਆ ਸਕਦਾ ਹਾਂ...!" ਬਾਹਰੋਂ ਅੰਦਰ ਆ ਰਹੇ ਇਕ ਵਿਅਕਤੀ ਨੇ ਪੁੱਛਿਆ।

"ਕਿਉਂ ਸਰਮਿੰਦਾ ਕਰਦੇ ਹੋ...ਤੇ ਮੈਂ ਤੁਹਾਡੇ ਲਈ ਸਰ ਕਦੋਂ ਤੋਂ ਬਣ ਗਿਆ...?" ਸਬ ਇੰਸਪੈਕਟਰ ਨੇ ਆਪਣੀ ਸੀਟ ਤੋਂ ਉੱਠ ਕੇ ਉਸ ਨਾਲ ਹੱਥ ਮਿਲਾਇਆ।

"ਜਦ ਤੋਂ ਇਸ ਕੁਰਸੀ ਦੀ ਸ਼ੋਭਾ ਵਧਾਉਣ ਲੱਗੇ ਹੋ..!"

"ਅੱਛਾ...!"

"ਪਿਤਾ ਜੀ ਤੁਸੀਂ...?" ਤਾਪਸ ਦੇ ਮੂੰਹੋਂ ਨਿਕਲਿਆ।

"ਪਿਤਾ ਜੀ...?" ਸਬ ਇੰਸਪੈਕਟਰ ਨੇ ਦੋਹਾਂ ਨੂੰ ਗਹਿਰੀ ਨਜ਼ਰ ਨਾਲ ਤੱਕਦਿਆਂ ਪੁੱਛਿਆ।

"ਇਹ ਬਰਖੁਰਦਾਰ ਮੇਰਾ ਜਵਾਈ ਹੈ..!" ਸਹੁਰਾ ਸਾਹਿਬ ਨੇ ਤਾਪਸ ਦੀ ਪਿੱਠ 'ਤੇ ਹੱਥ ਫੇਰਦਿਆਂ ਸਬ ਇੰਸਪੈਕਟਰ ਦੀ ਹੈਰਾਨੀ ਦੂਰ ਕਰ ਦਿੱਤੀ।

"ਇਹੋ ਜਿਹਾ ਇਕ ਕੰਮ ਮੈਂ ਵੀ ਕਰ ਦੇਨਾ...ਤੁਹਾਡੇ ਪਿਤਾ ਜੀ ਮੇਰੇ ਸੀਨੀਅਰ ਰਹੇ ਹਨ। ਇਹ ਉਸ ਸਮੇਂ ਵੀ ਸੀਨੀਅਰ ਸਨ...ਤੇ ਅੱਜ ਵੀ ਸੀਨੀਅਰ ਹਨ..।" ਸਬ ਇੰਸਪੈਕਟਰ ਨੇ ਸਤਿਕਾਰ ਨਾਲ ਕਿਹਾ।

"ਇਹ ਤੁਹਾਡਾ ਵਡੱਪਣ ਹੈ..!" ਸਹੁਰਾ ਸਾਹਿਬ ਬੋਲੇ।

"ਬਰਖੁਰਦਾਰ, ਗੱਲ ਤਾਂ ਗੁੱਸੇ ਵਾਲੀ ਹੈ, ਪਰ ਕੀਤੇ ਬਿਨਾ ਰਹਿ ਨਹੀਂ ਸਕਦਾ..!" ਸਬ ਇੰਸਪੈਕਟਰ ਤਾਪਸ ਨੂੰ ਸੰਬੋਧਨ ਹੋਇਆ।

"ਤੁਹਾਨੂੰ ਕੁਝ ਕਹਿਣ ਦੀ ਲੋੜ ਨਹੀਂ, ਮੈਂ ਸਭ ਸਮਝ ਗਿਆਂ...।"

"ਜੇ ਮੈਨੂੰ ਪਹਿਲਾਂ ਪਤਾ ਹੁੰਦਾ ਤਾਂ ਤੁਹਾਨੂੰ ਇਥੇ ਆਉਣ ਦੀ ਲੋੜ ਹੀ ਨਹੀਂ ਪੈਣੀ ਸੀ...ਮੈਂ ਆਪੇ ਸਿੱਝ ਲੈਂਦਾ..ਖੈਰ ਦੱਸੋ ਹੁਣ ਕੀ ਕਰਨਾ ਏ..?" ਸਬ ਇੰਸਪੈਕਟਰ ਨੇ ਪੁੱਛਿਆ।

"ਮੈਨੂੰ ਤਾਂ ਜੀ ਇਸ ਮਾਮਲੇ ਦਾ ਈ ਨਹੀਂ ਪਤਾ, ਇਹ ਹੈ ਕੀ, ਤੁਸੀਂ ਸੱਦਿਆ ਤੇ ਮੈਂ ਆ ਗਿਆ..!" ਤਾਪਸ ਨੇ ਆਪਣੀ ਬੇਬਸੀ ਜਾਹਰ ਕੀਤੀ।

"ਗੱਲ ਕੀ ਐ, ਮੈਨੂੰ ਵੀ ਤਾਂ ਪਤਾ ਲੱਗੇ..!"

"ਇਕ ਕੁੜੀ ਨੇ ਨੱਕ ਵਿਚ ਦਮ ਕੀਤਾ ਹੋਇਆ। ਉਹ ਭੈੜੇ ਕੰਮਾਂ ਦੇ ਚੱਕਰ ਵਿਚ ਕਈ ਵਾਰ ਫੜੀ ਜਾ ਚੁੱਕੀ ਹੈ। ਕਲ੍ਹ ਵੀ ਅਸੀਂ ਉਹਨੂੰ ਇਕ ਗਲਤ ਥਾਂ ਤੋਂ ਮੌਕੇ 'ਤੇ ਗਿਰਫਤਾਰ ਕੀਤਾ ਸੀ। ਭੈੜੇ-ਭੈੜੇ ਯਾਰ ਮੇਰੀ ਫੱਤੋ ਦੇ...ਪੂਰੇ ਦਾ ਪੂਰਾ ਗੈਂਗ ਐ...ਦੇਹ ਵਪਾਰ ਤਾਂ ਕਰਦਾ ਹੀ ਹੈ...ਹੋਰ ਵੀ ਕਈ ਗੈਰ ਕਾਨੂੰਨੀ ਕੰਮ ਕਰਦੇ ਹਨ। ਇਹ ਲੜਕੀ ਧੰਦਾ ਕਰਦੀ ਫੜੀ ਗਈ...! ਪੁੱਛ ਗਿਛ ਸਮੇਂ ਇਹਨੇ ਇਸ ਬਰਖੁਰਦਾਰ ਦਾ ਨਾਂਅ ਲੈ ਦਿੱਤਾ। ਜਦ ਪੁਲਸ ਵਾਲਿਆਂ ਥੋੜ੍ਹੀ ਸਖਤੀ ਕੀਤੀ ਤਾਂ ਇਹ ਥਿੜਕ ਗਈ। ਕਹਿਣ ਲਗੀ, ਮਿਸਟਰ ਤਾਪਸ ਨੇ ਮੇਰੇ ਨਾਲ ਕੁਝ ਨਹੀਂ ਕੀਤਾ। ਅਖੇ ਉਹ ਤਾਂ ਮੇਰੇ ਅੰਕਲ ਹਨ। ਤੁਸੀਂ ਚਾਹੋ ਤਾਂ ਉਨ੍ਹਾਂ ਪਾਸੋਂ ਮੇਰੇ ਬਾਰੇ ਪੁੱਛ ਲਓ।"

"ਪਰ ਮੈਂ ਤਾਂ ਇਸ ਨੂੰ ਨਹੀਂ ਜਾਣਦਾ...ਇਕ ਅੱਧ ਵਾਰ ਦੇਖਿਆ ਜਰੂਰ ਏ...!"

"ਅਸੀਂ ਜਾਣਦੇ ਹਾਂ...ਤੁਸੀਂ ਘਾਬਰੋ ਨਾ...!" ਸਬ ਇੰਸਪੈਕਟਰ ਨੇ ਉਸ ਨੂੰ ਹੌਂਸਲਾ ਦਿੱਤਾ।

"ਇਹੋ ਜਿਹੀ ਕੁੜੀ 'ਤੇ ਗੁੱਸਾ ਤਾਂ ਬਹੁਤ ਆ ਰਿਹੈ, ਮੈਂ ਚਾਹੁੰਦਾਂ ਇਹਦੇ ਵਿਰੁਧ ਸਖਤ ਤੋਂ ਸਖਤ ਕਾਰਵਾਈ ਹੋਵੇ...ਇਸ ਨੂੰ ਇਹੋ ਜਿਹੀ ਸਜਾ ਮਿਲੇ ਕਿ ਹੋਰ ਕੋਈ ਲੜਕੀ ਇਸ ਭੈੜੇ ਧੰਦੇ ਵਿਚ ਪੈਣ ਤੋਂ ਪਹਿਲਾਂ ਸੌ ਵਾਰ ਸੋਚੇ। ਪਰ...!" ਤਾਪਸ ਬੁਦਬੁਦਾਇਆ।

"ਪਰ ਕੀ ਬੇਟੇ...?" ਤਾਪਸ ਦੇ ਸਹੁਰਾ ਸਾਹਿਬ ਨੇ ਪੁਛਿਆ।

"ਥੋੜ੍ਹੀ ਦੇਰ ਪਹਿਲਾਂ ਮੈਂ ਇਸ ਦੇ ਪਿਤਾ ਨੂੰ ਮਿਲਿਆ ਸੀ। ਉਸ ਵਿਚਾਰੇ ਤੋਂ ਚੰਗੀ ਤਰ੍ਹਾਂ ਗੱਲ ਵੀ ਨਹੀਂ ਹੋ ਰਹੀ ਸੀ। ਉਸ ਨੂੰ ਦੇਖ ਮਨ ਕਰੁਣਾ ਨਾਲ ਭਰ ਗਿਆ। ਉਹਦੇ ਅੰਦਰਲੀ ਵੇਦਨਾ...ਕਹੀ ਨਹੀਂ ਜਾ ਸਕਦੀ ਪਰ ਉਸ ਨੂੰ ਮਹਿਸੂਸ ਤਾਂ ਕੀਤਾ ਜਾ ਸਕਦਾ ਹੈ..!"

"ਇਸ ਲੜਕੀ ਨੂੰ ਕੋਈ ਫਰਕ ਨਹੀਂ ਪੈਂਦਾ। ਉਸ ਖਾਦੀ ਪੀਤੀ ਹੈ। ਪਰ ਇਸ ਗਰੀਬ ਤੇ ਲਾਚਾਰ ਬਜੁਰਗ ਦਾ ਸੰਤਾਪ ਹੋਰ ਵੱਧ ਜਾਵੇਗਾ। ਮੈਂ ਇਹ ਨਹੀਂ ਚਾਹੁੰਦਾ...!" ਤਾਪਸ ਨੇ ਦ੍ਰਿੜ੍ਹਤਾ ਜਿਹੀ ਨਾਲ ਕਿਹਾ।

"ਪਰ ਬੇਟੇ...ਅਪਰਾਧੀ ਨੂੰ ਉਸ ਦੇ ਕੀਤੇ ਦੀ ਸਜਾ ਤਾਂ ਮਿਲਣੀ ਹੀ ਚਾਹੀਦੀ ਹੈ...!" ਇਸ ਵਾਰ ਸਬ ਇੰਸਪੈਕਟਰ ਬੋਲਿਆ।

"ਜਰੂਰ ਮਿਲਣੀ ਚਾਹੀਦੀ ਹੈ, ਮੇਰੀ ਕੋਈ ਹਮਦਰਦੀ ਨਹੀਂ ਇਹੋ ਜਿਹੀ ਕੁੜੀ ਨਾਲ..." ਤਾਪਸ ਨੇ ਇਕ ਵਾਰ ਫਿਰ ਕਿਹਾ।

"ਫੇਰ ਤੂੰ ਗਵਾਹੀ ਦੇਵੇਂਗਾ, ਇਸ ਦੇ ਖਿਲਾਫ...?" ਸਬ ਇੰਸਪੈਕਟਰ ਨੇ ਪੁੱਛਿਆ।

"ਜੇ ਮਾਮਲਾ ਕੁੜੀ ਦਾ ਹੁੰਦਾ ਤਾਂ ਮੈਂ ਬਿਨਾ ਝਿਝਕ ਗਵਾਹੀ ਦੇ ਦਿੰਦਾ..." ਤਾਪਸ ਨੇ ਕਮਰੇ ਦੀ ਖਿੜਕੀ ਵਿਚੋਂ ਬਾਹਰ ਬੈਠੇ ਬਜੁਰਗ ਨੂੰ ਦੇਖਦਿਆਂ ਹੌਲੀ ਜਿਹੇ ਕਿਹਾ।

"ਫੇਰ...!"

ਤਾਪਸ ਨੇ ਇਕ ਵਾਰ ਫੇਰ ਬਾਹਰ ਦੇਖਿਆ। ਕੁੜੀ ਦਾ ਪਿਤਾ ਪਹਿਲਾਂ ਵਾਂਗ ਸਿਰ ਸੁੱਟੀ ਬੈਠਾ ਸੀ। ਉਸ ਦੀਆਂ ਅੱਖਾਂ ਵਿਚ ਅਥਰੂ ਸਨ। ਉਹਦੀ ਤਰਸਯੋਗ ਦਸ਼ਾ ਦੇਖ ਤਾਪਸ ਦੇ ਦਿਲ ਨੂੰ ਸੱਟ ਵੱਜੀ। ਉਸ ਦੀ ਆਤਮਾ ਕੁਰਲਾ ਉੱਠੀ। 'ਇਹ ਵਿਚਾਰਾ ਕਿਸ ਅਪਰਾਧ ਦੀ ਸਜਾ ਭੁਗਤ ਰਿਹੈ...' ਇਹ ਉਸ ਦੇ ਦਿਲ ਦੀ ਆਵਾਜ਼ ਸੀ। ਦੂਜੇ ਪਾਸੇ ਉਹਦੇ ਸਹੁਰਾ ਸਾਹਿਬ

ਲੋਹੇ ਲਾਖੇ ਹੋਏ ਸਬ ਇੰਸਪੈਕਟਰ ਨੂੰ ਕਹਿ ਰਹੇ ਸਨ, "ਹੱਦ ਹੋ ਗਈ ਯਾਰ..। ਇਨ੍ਹਾਂ ਲੋਕਾਂ ਨੂੰ ਸ਼ਰਮ ਨਹੀਂ ਆਉਂਦੀ। ਕਿਸੇ ਵੱਲ ਵੀ ਉੱਗਲ ਕਰ ਦਿੰਦੇ ਨੇ..ਜਾਣੋਂ ਇਨ੍ਹਾਂ ਦੇ ਘਰ ਦਾ ਰਾਜ ਹੋਵੇ। ਦੋਸਤ ਕੁੜੀ ਨੇ ਐਵੇਂ ਰਾਹ ਤੁਰੇ ਜਾਂਦਿਆਂ ਸਾਡੇ ਨਾਲ ਪੰਗਾ ਲਿਆ ਹੈ। ਇਹ ਸੁੱਕੀ ਨਹੀਂ ਜਾਣੀ ਚਾਹੀਦੀ। ਇਹਨੂੰ ਇਹੋ ਜਿਹਾ ਸਬਕ ਸਿਖਾਓ ਕਿ ਅੱਗੋਂ ਕੋਈ ਕਰਤੂਤ ਕਰਨ ਤੋਂ ਪਹਿਲਾਂ ਸੌ ਵਾਰ ਸੋਚੇ।"

"ਮੈਂ ਵੀ ਇਹੋ ਚਾਹੁੰਦਾਂ...ਕੁੜੀ ਦੇ ਨਾਲ-ਨਾਲ ਉਹਦੇ ਘਰ ਦਿਆਂ ਨੂੰ ਵੀ ਧਰ ਲਿਆ ਹੈ। ਹੁਣ ਜੇ ਬਰਖੁਰਦਾਰ ਗਵਾਹੀ ਦੇ ਦੇਵੇ ਤਾਂ ਅਸੀਂ ਇਨ੍ਹਾਂ ਖਿਲਾਫ ਅਗਲੀ ਕਾਰਵਾਈ ਕਰੀਏ...।" ਸਬ ਇੰਸਪੈਕਟਰ ਨੇ ਇਕ ਨਜ਼ਰ ਤਾਪਸ 'ਤੇ ਸੁਟਦਿਆਂ ਆਪਣੇ ਦਿਲ ਦੀ ਗੱਲ ਕਹੀ।

"ਸਬਕ ਤਾਂ ਜਰੂਰ ਸਿਖਾਉਣਾ ਚਾਹੀਦੈ...ਪਰ ਕੁੜੀ ਨੂੰ...ਜਿਸ ਅੱਤ ਚੁੱਕੀ ਹੋਈ ਹੈ...ਪਰ ਇਹ ਵਿਚਾਰਾ..!" ਤਾਪਸ ਬੁਦਬੁਦਾਇਆ। ਉਸ ਇਕ ਵਾਰ ਫਿਰ ਬਾਹਰ ਬੈਠੇ ਬਜ਼ੁਰਗ ਨੂੰ ਦੇਖਿਆ ਤੇ ਉਸ ਦੀ ਮੰਦੀ ਹਾਲਤ ਦੇਖ ਉਸ ਦਾ ਗੱਚ ਭਰ ਆਇਆ।

"ਕਿਉਂ ਬੇਟੇ..? ਕੀ ਸਲਾਹ ਏ ਤੇਰੀ..!"

"ਇਹੋ ਜਿਹੇ ਮਾਮਲੇ ਵਿਚ ਮੇਰੀ ਕੀ ਸਲਾਹ ਹੋਣੀ ਏ। ਇਸ ਨਾਲ ਕਿੱਦਾਂ ਨਜਿੱਠਣਾ ਇਹ ਗੱਲ ਤੁਸੀਂ ਬੇਹਤਰ ਜਾਣਦੇ ਹੋ। ਮੇਰਾ ਬੋਲਣਾ ਬਣਦਾ ਵੀ ਨਹੀਂ...!" ਤਾਪਸ ਨੇ ਮੱਧਮ ਸੁਰ ਵਿਚ ਕਿਹਾ।

"ਇਸ ਦਾ ਕੀ ਕਰੀਏ..?" ਸਬ ਇੰਸਪੈਕਟਰ ਨੇ ਬਾਹਰ ਬੈਠੇ ਬਜੁਰਗ ਵੱਲ ਇਸ਼ਾਰਾ ਕਰਦਿਆਂ ਪੁਛਿਆ।

"ਛੱਡ ਦਿਓ..! ਇਸ ਵਿਚਾਰੇ ਦਾ ਕੋਈ ਕਸੂਰ ਨਹੀਂ..!" ਤਾਪਸ ਦੇ ਬੋਲਾਂ ਵਿਚ ਦ੍ਰਿੜ੍ਹਤਾ ਸੀ।

"ਏਦਾਂ ਕਿੱਦਾਂ ਛੱਡ ਦੇਈਏ...। ਇਹ ਨਹੀਂ ਹੋ ਸਕਦਾ...। ਸਬ ਇੰਸਪੈਕਟਰ ਨੇ

"ਉਹ ਤਾਂ ਠੀਕ ਹੈ...ਪਰ ਇਨ੍ਹਾਂ ਦੀ ਖੁੰਭ ਤਾਂ ਠੱਪਣੀ ਹੀ ਪਊ..!" ਪਿਤਾ ਜੀ ਨੇ ਕਿਹਾ।

"ਅਪਰਾਧੀ ਦੀ ਖੁੰਭ ਜਰੂਰ ਠੱਪਣੀ ਚਾਹੀਦੀ ਹੈ..! ਪਰ ਕਿਸੇ ਨਿਰ ਅਪਰਾਧ ਬੰਦੇ ਨਾਲ ਅਨਿਆਂ ਨਹੀਂ ਹੋਣਾ ਚਾਹੀਦਾ!"

"ਤੇਰਾ ਮਤਲਬ ਹੈ...ਇਸ ਬੰਦੇ ਨਾਲ...?" ਸਬ ਇੰਸਪੈਕਟਰ ਨੇ ਪੁੱਛਿਆ।

"ਜੀ...!"

"ਤੁਹਾਡੀ ਗੱਲ ਤਾਂ ਉਹਦੇ ਨਾਲ ਹੋਈ ਨਹੀਂ...!"

"ਉਹਦੇ ਨਾਲ ਗੱਲ ਭਾਵੇਂ ਨਹੀਂ ਹੋਈ...ਪਰ ਖ਼ਤ ਦਾ ਮਜਮੂਨ ਮੈਨੂੰ ਸਮਝ ਆ ਗਿਐ..!"

" ਤੁਹਾਨੂੰ ਸਬਕ ਸਿਖਾਉਣ ਦਾ ਮੌਕਾ ਮਿਲਿਆ।"

"ਜਿਹਨੂੰ ਸਬਕ ਸਿਖਾਉਣਾ ਚਾਹੀਦਾ ਉਹਦੇ ਲਈ ਤਾਂ ਇਹੋ ਜਿਹੀਆਂ ਗੱਲਾਂ ਖਾਧੀਆਂ-ਪੀਤੀਆਂ ਨੇ..ਤੇ ਇਹ ਵਿਚਾਰਾ ਭੋਲਾ ਭਾਲਾ, ਗਰੀਬ ਤੇ ਲਾਚਾਰ ਬੰਦਾ ਕਿਸ ਪਾਣੀ ਹਾਰ ਐ..ਮੈਂ ਗਰੀਬ ਮਾਰ ਨਹੀਂ ਕਰਨੀ।"

"ਇਕ ਵਾਰ ਫੇਰ ਸੋਚ ਲਓ..!" ਸਬ ਇੰਸਪੈਕਟਰ ਨੇ ਜੋਰ ਦੇ ਕੇ ਕਿਹਾ।

"ਮੈ ਸੋਚ ਲਿਆ ਹੈ...!"

"ਫੇਰ..?"

ਤਾਪਸ ਨੇ ਬਾਹਰ ਦੇਖਿਆ। ਉਹਦੀ ਨਜ਼ਰ ਇਕ ਵਾਰ ਫਿਰ ਸਾਹਮਣੇ ਬੈਠੇ ਬਜੁਰਗ 'ਤੇ ਪਈ। ਡਰ ਤੇ ਭੈਅ ਨਾਲ ਗ੍ਰਸਿਆ...ਪੀਲਾ ਭੁੱਕ ਚਿਹਰਾ, ਅੱਖਾਂ ਵਿਚੋਂ ਕਿਰਦੇ ਹੰਝੂ...ਮੈਲੇ ਤੇ ਬੇਤਰਤੀਬੇ ਵਸਤਰ...ਉਹਦੀ ਬੇਚਾਰਗੀ ਜਿਹੀ ਹਾਲਤ ਦੇਖ ਉਸ ਦਾ ਰੋਣ ਨਿਕਲ ਆਇਆ। ਉਸ ਦੇ ਮੂੰਹੋਂ ਮਸਾਂ ਨਿਕਲਿਆ, "ਮਨ ਨਹੀਂ ਮਨਦਾ...!"

(20-4-2017)

09810628570 (ਫੋਨ) I-263, karampura,

New Delhi-110015

## ਚਮਤਕਾਰ

ਅਸ਼ੋਕ ਵਾਸਿਸ਼ਠ

"ਤੁਹਾਡੇ ਪਾਸ ਹੋਰ ਕੋਈ ਗੱਲ ਨਹੀਂ ਕਰਨ ਨੂੰ..? ਜਦ ਦੇਖੋ ਇਸ਼ਾਂਤ..ਇਸ਼ਾਂਤ...ਅਜੇ ਤਾਂ ਉਹ ਕੁਝ ਹੈ ਨਹੀਂ ਜੇ ਹੁੰਦਾ ਤਾਂ ਵੀ ਕੀ ਹੋ ਜਾਣਾ ਸੀ। ਕਿਸੇ ਚੱਜ ਦੇ ਬੰਦੇ ਦਾ ਨਾਂਅ ਲਿਆ ਕਰੋ!"

"ਬੰਦਾ ਤਾਂ ਹੀਰਾ...ਜੇ ਤੈਨੂੰ ਕਿਸੇ ਕਾਰਨ ਉਸ ਤੋਂ ਚਿੜ੍ਹ ਐ ਤਾਂ ਦਸ ਇਸ ਵਿਚ ਸਾਡਾ ਕੀ ਕਸੂਰ...?"

"ਲੈ ਮੈਨੂੰ ਉਸ ਤੋਂ ਚਿੜ੍ਹ ਕਿਉਂ ਹੋਣੀ ਐ...ਤੇ ਕਾਹਦੇ ਲਈ..ਨਾ ਜਾਣ ਨਾ ਪਛਾਣ...ਨਾ ਰਿਸ਼ਤੇਦਾਰ...ਨਾ ਦੋਸਤ ਮਿੱਤਰ...ਜਿਹੋ ਜਿਹਾ ਹੋਇਆ ਤਿਹੋ ਜਿਹਾ ਨਾ ਹੋਇਆ।"

"ਜੇ ਉਹ ਕੁਝ ਵੀ ਨਹੀਂ ਤਾਂ ਐਵੇਂ ਕਿਉਂ ਭੁੜਕੀ ਸੀ ਮੇਰੀ ਗੱਲ ਸੁਣ ਕੇ..?"

"ਏਸ ਲਈ ਕਿ ਹਰ ਗੱਲ ਦਾ ਕੋਈ ਪ੍ਰਸੰਗ ਹੁੰਦਾ...ਪ੍ਰਸੰਗ ਬਾਹਰੀ ਗੱਲ ਓਪਰੀ ਲੱਗਦੀ ਐ...ਸਾਡੀ ਕਿਸੇ ਗੱਲ ਦਾ ਤੇਰੇ ਇਸ਼ਾਂਤ ਨਾਲ ਕੋਈ ਸਬੰਧ ਜਾਂ ਵਾਹ ਵਾਸਤਾ ਨਹੀਂ ਸੀ ਫੇਰ ਵੀ ਪਤਾ ਨਹੀਂ ਕਿਉਂ ਤੂੰ ਮੱਲੋ ਮੱਲੀ ਉਹਦਾ ਨਾਂਅ ਹਰ ਗੱਲ ਵਿਚ ਘੜੀਸ ਲੈਂਦੀ ਏਂ..!"

"ਤੇਰੀ ਤਾਂ ਉਹੋ ਗੱਲ ਹੈ ਭਲੀਏ ਲੋਕੇ... 'ਅਖੇ, 'ਜੰਵ ਪਰਾਈ ਮੂਰਖ ਨੱਚੇ'...ਗੱਲ ਕਿਸੇ ਦੀ ਹੁੰਦੀ ਹੈ ਤੂੰ ਆਪਣੇ ਉੱਪਰ ਲੈ ਬੈਠਦੀ ਹੈਂ। ਏਦਾਂ ਨਾ ਕਰਿਆ ਕਰ। ਤੂੰ ਬਹੁਤ ਸਿਆਣੀ ਏਂ, ਤੇਰੇ ਸਾਹਮਣੇ ਉਹ ਇਆਣਾ ਹੈ ਇਆਣਾ। ਤੁਹਾਡੇ ਦੋਹਾਂ ਦਾ ਕੋਈ ਮੇਲ ਨਹੀਂ ਹੋ ਸਕਦਾ। ਚੰਗੀ ਭਲੀ ਘਰ ਤੋਂ ਆਈ ਸੀ। ਇਸ਼ਿਤਾ, ਤੇਰਾ ਖਿੜਿਆ ਚਿਹਰਾ ਦੇਖ ਮੈਂ ਖਿੜ ਗਈ ਸਾਂ...ਗੱਲ ਚਲ ਰਹੀ ਸੀ ਕਿੱਟੀ ਪਾਰਟੀ ਦੀ ਤੇ ਤੂੰ ਮੱਲੋ ਮੱਲੀ ਪਤਾ ਨਹੀਂ ਕਿਧਰੋਂ ਇਸ਼ਾਂਤ ਨੂੰ ਵਿਚ

ਘੜੀਸ ਲਿਆਂਦਾ। ਇਹ ਚੰਗੀ ਗੱਲ ਹੈ..? ਤੂੰ ਹੀ ਦੱਸ...!" ਪ੍ਰਤਿਮਾ ਦੀ ਸਿਆਣੀ ਗੱਲ ਦਾ ਇਸ਼ਿਤਾ ਪਾਸ ਕੋਈ ਜਵਾਬ ਨਹੀਂ ਸੀ ਤੇ ਉਹ ਚੁੱਪ ਕਰ ਰਹੀ।

ਇਸ਼ਿਤਾ ਕਿਸੇ ਵੀ ਹਾਲਤ ਵਿਚ ਇਸ਼ਾਂਤ ਦੀ ਪ੍ਰਸ਼ੰਸਾ ਸਹਿਨ ਨਹੀਂ ਕਰ ਸਕਦੀ। ਪ੍ਰਤਿਮਾ ਚੰਗੀ ਤਰ੍ਹਾਂ ਜਾਣਦੀ ਸੀ। ਕਿੱਟੀ ਪਾਰਟੀ ਵਿਚ ਕਿਸੇ ਨੇ ਉਸ ਦਾ ਨਾਂਅ ਨਹੀਂ ਲਿਆ ਪਰ ਫੇਰ ਵੀ ਇਸ਼ਿਤਾ ਭੜਕ ਪਈ, ਪਤਾ ਨਹੀਂ ਕਿਉਂ। ਇਹ ਗੱਲ ਪ੍ਰਤਿਮਾ ਤੇ ਦੂਜੀਆਂ ਸਹੇਲੀਆਂ ਦੀ ਸਮਝ ਤੋਂ ਬਾਹਰ ਸੀ। ਖਬਰੇ ਘਰ ਵਿਚ ਕਿਸੇ ਨਾਲ ਲੜ ਕੇ ਆਈ ਹੋਵੇ। ਪ੍ਰਤਿਮਾ ਨੇ ਸੋਚਿਆ। ਉਹ ਹਾਲ ਵਿਚੋਂ ਬਾਹਰ ਨਿਕਲੀ। ਇਸ਼ਾਂਤ ਗੈਲਰੀ ਵਿਚ ਕਿਸੇ ਨਾਲ ਗੱਲੀਂ ਲੱਗਾ ਹੋਇਆ ਸੀ। 'ਹੋ ਸਕਦੈ, ਇਸ਼ਿਤਾ ਨੇ ਉਸ ਨੂੰ ਇਥੇ ਖਲੋਤਿਆਂ ਦੇਖ ਲਿਆ ਹੋਵੇ ਤੇ ਉਸ 'ਤੇ ਨਜ਼ਰ ਪੈਂਦਿਆਂ ਹੀ ਉਸ ਦਾ ਪਾਰਾ ਚੜ੍ਹ ਗਿਆ ਹੋਵੇਗਾ।' ਪ੍ਰਤਿਮਾ ਨੇ ਇਕ ਮਿਨਟ ਲਈ ਸੋਚਿਆ।

"ਦੀਦੀ, ਇਸ਼ਾਂਤ ਨੂੰ ਪੁੱਛੋ ਤਾਂ ਸਹੀ...ਆਖਰ ਗੱਲ ਕੀ ਹੋਈ ਏ..।" ਇਕ ਸਹੇਲੀ ਨੇ ਉਸ ਨੂੰ ਉਥੋ ਖਲੋਤੀ ਦੇਖ ਸਲਾਹ ਦਿੱਤੀ।

"ਕੋਈ ਫਾਇਦਾ ਨਹੀਂ ਇਸ ਗੱਲ ਦਾ..?"

"ਕਿਉਂ, ਫਾਇਦਾ ਕਿਉਂ ਨਹੀਂ...ਜੇ ਕੋਈ ਉੱਚੀ-ਨੀਵੀਂ ਗੱਲ ਹੋਈ ਹੈ ਤਾਂ ਦੋਹਾਂ ਵਿਚ ਸੁਲਾਹ ਕਰਾ ਦਿੰਦੇ ਹਾਂ।"

"ਇਥੇ ਸੁਲਾਹ ਨਹੀਂ ਹੋਣੀ...ਤੂੰ ਪੁੱਛੇਂਗੀ ਕਿਉਂ...ਕਿਉਂਕਿ ਲੜਾਈ ਹੀ ਨਹੀਂ ਹੋਈ ਤਾਂ ਸੁਲਾਹ ਕਿਸ ਗੱਲ ਦੀ..!" ਪ੍ਰਤਿਮਾ ਨੇ ਕੁਝ ਸੋਚਦਿਆਂ ਦਾਨੀ ਗੱਲ ਕੀਤੀ।

"ਫੇਰ ਐਵੇਂ ਅਬਾ ਤਬਾ ਬੋਲਣ ਦੀ ਕੀ ਤੁਕ ਏ...?" ਸਹੇਲੀ ਇਹ ਕਹਿੰਦੀ ਸੋਚੀਂ ਪੈ ਗਈ।

"ਗੱਲ ਤੁਕ ਦੀ ਨਹੀਂ ਖਬਤ ਦੀ ਹੈ...ਉਸ ਵਿਚਾਰੇ ਨੇ ਕਦੇ ਕੋਈ ਉੱਚੀ-ਨੀਵੀਂ ਗੱਲ ਨਹੀਂ ਕੀਤੀ।" ਪ੍ਰਤਿਮਾ ਨੇ ਦਸਿਆ।

"ਹਰ ਬੰਦੇ ਦੀ ਪਸੰਦ ਤੇ ਨਾ-ਪਸੰਦ ਹੁੰਦੀ ਹੈ। ਜੇ ਉਹ ਇਸ ਨੂੰ ਪਸੰਦ ਨਹੀਂ ਕਰਦੀ ਤਾਂ ਨਾ ਕਰੇ। ਪਰ ਐਵੇਂ ਉਹਦਾ ਨਾਂਅ ਸੁਣਦੇ ਸਾਰ ਭੜਕ ਜਾਣਾ ਕੋਈ ਸਿਆਣੀ ਗਲ ਨਹੀਂ। ਮੈਂ ਤਾਂ ਕਹਾਂਗੀ, ਇਹ ਉਸ ਦਾ ਬਚਪਨਾ ਹੈ।"

"ਜੇ ਗੱਲੀਂ ਬਾਤੀਂ ਬਚਕਾਨਾ ਹੁੰਦੀ ਤਾਂ ਕੋਈ ਗੱਲ ਨਹੀਂ ਸੀ ਪਰ ਇਹ ਤਾਂ ਉਸ ਦਾ ਘਾਣ ਕਰਨ ਤਕ ਚਲੀ ਗਈ ਸੀ।" ਪ੍ਰਤਿਮਾ ਨੇ ਪਿਛਲੇ ਦਿਨੀ ਵਾਪਰੀ ਇਕ ਘਟਨਾ ਦੀ ਯਾਦ ਤਾਜ਼ਾ ਕਰਦਿਆਂ ਕਿਹਾ।

"ਉਹ ਕਿੱਦਾਂ..?"

"ਇਸ਼ਾਂਤ ਨੇ ਇਕ ਥਾਂ ਨੌਕਰੀ ਲਈ ਅਪਲਾਈ ਕੀਤਾ। ਕੰਪਨੀ ਵਾਲਿਆਂ ਇੰਟਰਵਿਊ ਲਈ ਬੁਲਾਇਆ। ਉਸ ਇੰਟਰਵਿਊ ਦੀ ਪੂਰੀ ਤਿਆਰੀ ਕੀਤੀ। ਇੰਟਰਵਿਊ ਸ਼ੁਰੂ ਹੋਈ। ਉਹ ਆਪਣੀ ਵਾਰੀ ਆਉਣ 'ਤੇ ਅੰਦਰ ਗਿਆ। ਸਾਹਮਣੀ ਕੁਰਸੀ ਤੇ ਇਹ ਮਹਾਰਾਣੀ ਇੰਟਰਵਿਊ ਲੈਣ ਵਾਲਿਆਂ ਵਿਚ ਬੈਠੀ ਸੀ। ਇਹਨੂੰ ਦੇਖਦਿਆਂ ਹੀ ਉਸ ਮੂੰਹ ਸੁਜਾ ਲਿਆ, ਸਾਹਮਣੇ ਪਏ ਕਾਗਜ਼ 'ਤੇ ਕੁਝ ਲਿਖਿਆ ਤੇ ਉਠ ਕੇ ਬਾਹਰ ਜਾਣ ਲੱਗੀ।

"ਮੈਡਮ, ਕੀ ਕਰਦੇ ਹੋ...। ਇੰਟਰਵਿਊ ਸ਼ੁਰੂ ਹੋਣ ਜਾ ਰਿਹਾ ਏ ਤੇ ਤੁਸੀਂ..!" ਵਿਚਕਾਰਲੀ ਸੀਟ 'ਤੇ ਬੈਠੇ ਅਧਿਕਾਰੀ ਨੇ ਕਹਿਰੀਆਂ ਨਜ਼ਰਾਂ ਨਾਲ ਉਸ ਨੂੰ ਦੇਖਦਿਆਂ ਗੁੱਸੇ ਨਾਲ ਕਿਹਾ।

"ਜੇ ਇਹੋ ਜਿਹੇ ਨਖਿਧ ਬੰਦੇ ਨੇ ਇੰਟਰਵਿਊ ਦੇਣੀ ਹੈ ਤਾਂ ਇਥੇ ਮੇਰਾ ਕੀ ਕੰਮ...!"

"ਨਖਿਧ..? ਵ੍ਹਾਟ ਡਜ਼ ਇਟ ਮੀਨ...ਸਰ, ਇਟ ਇਜ਼ ਅਨਪਾਰਲੀਮੈਂਟਰੀ..ਆਈ ਸਟਰਾਂਗਲੀ ਆੱਬਜੈਕਟ.." ਇਕ ਅਧਿਕਾਰੀ ਗੁੱਸੇ ਵਿਚ ਚੀਕਿਆ।

"ਤੁਸੀਂ ਅਨਪਾਰਲੀਮੈਂਟਰੀ ਕਹੋ ਜਾਂ ਕੁਝ ਹੋਰ, ਮੈਨੂੰ ਇਸ ਦੀ ਪਰਵਾਹ ਨਹੀਂ..!" ਉਸ ਦਾ ਸੁਰ ਹੋਰ ਉੱਚਾ ਹੋ ਗਿਆ ਸੀ।

“ਘੋਰ ਅਨੁਸ਼ਾਸਨ ਹੀਨਤਾ…! ਮੈਡਮ ਇਸ ਕੰਡਕਟ ਲਈ ਤੁਹਾਨੂੰ ਬਲੈਕ ਲਿਸਟ ਕੀਤਾ ਜਾ ਸਕਦਾ ਹੈ..! ਤੁਸੀਂ ਚੁਪ ਕਰਕੇ ਬਹਿ ਜਾਉ..ਨਹੀਂ ਤਾਂ..” ਵੱਡੇ ਅਧਿਕਾਰੀ ਨੇ ਉਸ ਨੂੰ ਤਾੜਿਆ।

“ਤੁਸੀਂ ਜੋ ਕਰਨਾ ਹੈ..ਕਰਦੇ ਰਹੋ…ਮੈਂ ਤਾਂ ਚੱਲੀ..!” ਇਹ ਕਹਿੰਦੀ ਉਹ ਸਾਰਿਆਂ ਦੇ ਦੇਖਦਿਆਂ-ਦੇਖਦਿਆਂ ਕਮਰੇ ਵਿਚੋਂ ਬਾਹਰ ਚਲੀ ਗਈ।

“ਇਕ ਗੱਲੋਂ ਤਾਂ ਚੰਗਾ ਈ ਹੋਇਆ। ਇਹ ਬਦਤਮੀਜੀ ਤੇ ਬਦਤਮੀਜੀ ਕਰਦੀ ਰਹਿੰਦੀ…।” ਇਕ ਅਧਿਕਾਰੀ ਨੇ ਲੰਮਾਂ ਸਾਹ ਲੈਂਦਿਆਂ ਕਿਹਾ।

“ਤੇ ਸਾਡੀ ਇਜੱਤ ਨੂੰ ਚਾਰ ਚੰਨ ਲਗਦੇ ਰਹਿੰਦੇ…” ਦੂਜੇ ਅਧਿਕਾਰੀ ਨੇ ਇਹ ਕਹਿ ਕੇ ਉਸ ਦੀ ਗੱਲ ਦੀ ਪੁਸ਼ਟੀ ਕਰ ਦਿੱਤੀ।

“ਕੰਮ ਸ਼ੁਰੂ ਕਰੀਏ..?” ਵਿਚਕਾਰਲੀ ਸੀਟ ’ਤੇ ਬੈਠੇ ਅਧਿਕਾਰੀ ਨੇ ਆਪਣੇ ਸਾਥੀਆਂ ਨੂੰ ਪੁੱਛਿਆ।

“ਜਰੂਰ…ਜਰੂਰ…!” ਸਾਰੇ ਜਣੇ ਬੋਲ ਪਏ।

----0---

“ਸਰ, ਮੈਂ ਤੁਹਾਡੇ ਨਾਲ ਇਕ ਗੱਲ ਕਰਨੀ ਹੈ…!” ਆਪਣੇ ਕੈਬਿਨ ਵਿਚ ਇਕੱਲੇ ਬੈਠੇ ਤੇ ਕਿਸੇ ਸੋਚ ਵਿਚ ਗਲਤਾਣ ਅਧਿਕਾਰੀ ਦੀ ਬਿਰਤੀ ਇਸ਼ਿਤਾ ਦੇ ਇਨ੍ਹਾਂ ਬੋਲਾਂ ਨੇ ਇਕਾਗਰ ਨਾ ਰਹਿਣ ਦਿੱਤੀ।

“ਉਹ ਹਾਂ…! ਜੇ ਕੋਈ ਬਹੁਤ ਜਰੂਰੀ ਗੱਲ ਨਹੀਂ ਹੈ ਤਾਂ ਥੋੜ੍ਹਾ ਚਿਰ ਬਾਅਦ ਆ ਸਕਦੇ ਹੋ…?” ਅਧਿਕਾਰੀ ਨੇ ਅਚਨਚੇਤ ਸਾਹਮਣੇ ਆ ਖਲੋਤੀ ਇਸ਼ਿਤਾ ਨੂੰ ਪੁੱਛਿਆ।

“ਗੱਲ ਜਰੂਰੀ ਭਾਵੇਂ ਨਹੀਂ ਪਰ ਕਾਨਫੀਡੈਂਸ਼ਿਅਲ ਜਰੂਰ ਹੈ..!”

“ਕਾਨਫੀਡੈਂਸ਼ਿਅਲ..?”

“ਜੀ..!”

“ਹਾਂ ਦਸੋ..!”

“ਜਿਸ ਵਿਅਕਤੀ ਨੂੰ ਪਰਸੋਨਲ ਡਿਪਾਰਟਮੈਂਟ ਵਿਚ ਨਿਯੁਕਤ ਕੀਤਾ ਜਾ ਰਿਹੈ…ਉਹ ਭਰੋਸੇ ਵਾਲਾ ਆਦਮੀ ਨਹੀਂ ਹੈ।” ਇਸ਼ਿਤਾ ਨੇ ਬਿਨਾ ਕਿਸੇ ਭੂਮਿਕਾ ਦੇ ਅਸਲ ਗੱਲ ਵੱਲ ਆਉਂਦਿਆਂ ਕਿਹਾ।

“ਇਹ ਤੁਸੀਂ ਕਿੱਦਾਂ ਕਹਿ ਸਕਦੇ ਹੋ..?” ਅਧਿਕਾਰੀ ਦਾ ਤਿੱਖਾ ਸੁਰ ਹਵਾ ਵਿਚ ਗੂੰਜਿਆ।

“ਮੈਂ ਇਸ ਨੂੰ ਚੰਗੀ ਤਰ੍ਹਾਂ ਜਾਣਦੀ ਹਾਂ..!”

“ਅੱਛਾ…!”

“ਬੋਰਡ ਆਫ ਡਾਇਰੈਕਟਰਜ਼ ਨੇ ਪੂਰੀ ਪੁਣਛਾਣ ਕਰਨ ਦੇ ਬਾਅਦ ਇਹ ਨਿਯੁਕਤੀ ਕੀਤੀ ਹੈ..! ਉਸ ਦਾ ਕੰਮ ਤੇ ਉਸ ਦਾ ਕੰਡਕਟ ਸੰਤੋਸ਼ਜਨਕ ਰਿਹਾ ਹੈ..!” ਅਧਿਕਾਰੀ ਨੇ ਸਫਾਈ ਦਿੱਤੀ।

“ਭਾਵੇਂ ਕਿੰਨੀਂ ਪੁਣਛਾਣ ਕਿਉਂ ਨਾ ਕਰ ਲਓ…ਕੁਝ ਨਾ ਕੁਝ ਅਜਿਹਾ ਰਹਿ ਜਾਂਦਾ ਹੈ ਜਿਸ ਵੱਲ ਚੰਗੇ ਤੋਂ ਚੰਗੇ ਘੋਖੀ ਵਿਅਕਤੀ ਦੀ ਨਜ਼ਰ ਨਹੀਂ ਜਾਂਦੀ।” ਇਸ਼ਿਤਾ ਨੇ ਆਪਣੀ ਵੱਲੋਂ ਦਾਨੀ ਗੱਲ ਕੀਤੀ।

“ਪਤਾ ਨਹੀਂ ਤੁਹਾਨੂੰ ਉਸ ਬਾਰੇ ਕੀ ਪਤਾ ਹੈ…ਮੈਂ ਨਹੀਂ ਜਾਣਦਾ..!”

“ਪਤਾ ਤਾਂ ਮੈਨੂੰ ਬਹੁਤ ਕੁਝ ਹੈ ਪਰ ਸਰ ਮੈਂ ਜਾਣਦੀ ਹਾਂ, ਇਸ ਦਫਤਰ ਵਿਚ ਉਸ ਵਿਰੁਧ ਕੋਈ ਕੁਝ ਵੀ ਸੁਣਨ ਲਈ ਤਿਆਰ ਨਹੀ..!”

"ਚਲੋ, ਇਕ ਮਿਨਟ ਲਈ ਮੰਨ ਲੈਂਦੇ ਹਾਂ, ਉਹ ਚੰਗਾ ਬੰਦਾ ਨਹੀਂ, ਉਸ ਉਪਰ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ ਪਰ ਉਸ ਦੇ ਵਿਰੁਧ ਕੋਈ ਠੋਸ ਗੱਲ ਤਾਂ ਹੋਵੇ...।"

"ਠੋਸ ਗੱਲਾਂ ਤਾਂ ਬਹੁਤ ਹਨ...ਪਰ ਸੁਣਦਾ ਕੌਣ ਹੈ..!" ਇਸ਼ਿਤਾ ਨੂੰ ਇਹੋ ਗਿਲਾ ਸੀ।

"ਮੈਡਮ, ਮੈਂ ਤੁਹਾਨੂੰ ਪੁਛਦਾਂ, ਤੁਸੀਂ ਕਿਉਂ ਹੱਥ ਧੋ ਕੇ ਉਹਦੇ ਮਗਰ ਪਏ ਹੋ...?"

"ਮੈਨੂੰ ਕੋਈ ਇਤਰਾਜ ਨਹੀਂ..!"

"ਫੇਰ..?"

"ਉਹਦੇ ਇਸ ਵਿਭਾਗ ਵਿਚ ਆਉਣ ਨਾਲ ਦਫਤਰ ਦਾ ਮਾਹੌਲ ਖਰਾਬ ਹੋ ਜਾਵੇਗਾ। ਕੋਈ ਸ਼ਰੀਫ ਆਦਮੀ ਉਹਦੇ ਨਾਲ ਨਹੀਂ ਰਹਿ ਸਕਦਾ। ਵਿਸ਼ੇਸ਼ ਤੌਰ 'ਤੇ ਮਹਿਲਾ ਸਟਾਫ ਦੀ ਇੱਜਤ ਖਤਰੇ ਵਿਚ ਪੈ ਜਾਵੇਗੀ...।"

"ਤੇ ਹੋਰ...?"

"ਕੀ ਏਨਾ ਕਾਫੀ ਨਹੀਂ ਹੈ...!"

"ਅਜੇ ਤਕ ਇਹੋ ਜਿਹੀ ਕੋਈ ਸ਼ਿਕਾਇਤ ਸਾਨੂੰ ਨਹੀਂ ਮਿਲੀ। ਜਦੋਂ ਮਿਲੇਗੀ ਤਾਂ ਜਰੂਰੀ ਕਾਰਵਾਈ ਕੀਤੀ ਜਾਵੇਗੀ। ਤੁਸੀਂ ਨਿਸ਼ਚਿੰਤ ਰਹੋ..ਹੁਣ ਤੁਸੀਂ ਜਾ ਸਕਦੇ ਹੋ...!" ਅਧਿਕਾਰੀ ਨੇ ਸ਼ਾਂਤੀ ਨਾਲ ਜਵਾਬ ਦਿੱਤਾ ਪਰ ਅੰਦਰੋਂ ਉਹ ਚਿੜ੍ਹ ਚੁੱਕਾ ਸੀ।

----0---

"ਹੁਣ ਇਹਨੂੰ ਕੀ ਹੋ ਗਿਐ...?"

"ਗੱਲ ਤਾਂ ਬਹੁਤ ਵੱਡੀ ਹੋਈ ਐ...!" ਸਹੇਲੀ ਦੇ ਪੁੱਛਣ 'ਤੇ ਪ੍ਰਤਿਮਾ ਨੇ ਦਸਿਆ।

"ਫੇਰ ਤਾਂ ਇਹਨੂੰ ਖੁਸ਼ ਹੋਣਾ ਚਾਹੀਦੈ..!"

"ਖੁਸ਼ ਤਾਂ ਹੋਵੇ ਜੇ ਦੁਸ਼ਮਣਾਂ ਦੇ ਘਰ ਦੀਵੇ ਨਾ ਬਲਣ...ਦੀਵੇ ਛੱਡ ਕੇ ਉਥੇ ਤਾਂ ਸੌ ਸੌ ਵਾਲਟ ਦੇ ਬਲੱਬ ਜਗ ਰਹੇ ਨੇ..ਇਹਦਾ ਦੁਖੀ ਹੋਣਾ ਤਾਂ ਬਣਦਾ ਹੀ ਐ ਜੀ...!" ਪ੍ਰਤਿਮਾ ਨੇ ਗੱਲ ਦਾ ਨਿਚੋੜ ਕਢਿਆ।

"ਇਹ ਆਪਣੀ ਆਦਤ ਤੋਂ ਮਜਬੂਰ ਹੈ...!"

"ਗੰਦੀ ਆਦਤ..!"

"ਐਵੇਂ ਆਪਣਾ ਖੂਨ ਸਾੜੀ ਜਾਣਾ ਅਕਲਮੰਦੀ ਤਾਂ ਨਹੀਂ।"

"ਨਿਰੀ ਮੂਰਖ ਮੱਤ..!"

"ਠੀਕ ਕਿਹੈ ਤੁਸੀਂ..!"

"ਮੈਨੂੰ ਪਤਾ ਲੱਗੈ, ਇਹ ਵੱਡੇ ਸਾਹਿਬ ਦੇ ਕੰਨ ਇਸ਼ਾਂਤ ਦੇ ਖਿਲਾਫ ਭਰਦੀ ਰਹਿੰਦੀ ਹੈ..!" ਸਹੇਲੀ ਨੇ ਪ੍ਰਤਿਮਾ ਨੂੰ ਦਸਿਆ।

"ਇਹ ਕਿਹੜਾ ਨਵੀਂ ਗੱਲ ਹੈ। ਮੈਂ ਕੰਨੀ ਸੁਣਿਐ। ਇਕ ਵਾਰ ਤਾਂ ਮੇਰਾ ਜੀਅ ਕੀਤਾ ਕਿ ਦੋ ਚਪੇੜਾਂ ਖਿਚ ਕੇ ਜੜ ਦੇਵਾਂ ਇਹਦੇ ਮੂੰਹ 'ਤੇ। ਹੱਦ ਹੁੰਦੀ ਹੈ, ਕਿਸੇ ਚੀਜ ਦੀ।" ਪ੍ਰਤਿਮਾ ਗੁੱਸੇ ਵਿਚ ਚੀਕ ਪਈ।

"................................!"

"ਜੇ ਇਹਦੇ ਵਿਚ ਮਾੜੀ ਮੋਟੀ ਅਣਖ ਹੋਊ ਤਾਂ ਮੁੜ ਇਹੋ ਜਿਹਾ ਕੰਮ ਕਦੇ ਨਾ ਕਰੂ।" ਪ੍ਰਤਿਮਾ ਕਹਿ ਰਹੀ ਸੀ।

"ਪਰ ਇਹਦੀ ਬੂਥੀ ਸੜੀ ਕਿਉਂ ਹੈ..?" ਸਹੇਲੀ ਨੇ ਇਕ ਵਾਰ ਫੇਰ ਪੁਛਿਆ।

"ਇਹ ਰੋਜ ਵਾਂਗ ਅੱਜ ਵੀ ਇਸ਼ਾਂਤ ਦੀ ਬਦਖੋਈ ਕਰਨ ਗਈ ਸੀ..ਸਾਹਿਬ ਕਿਸੇ ਕਾਰਨ ਪਰੇਸ਼ਾਨ ਬੈਠਾ ਸੀ। ਜਦ ਇਹਨੇ ਆਪਣਾ ਟੇਪ ਰਿਕਾਰਡਰ ਚਲਾਇਆ ਤਾਂ ਵੱਡੇ ਸਾਹਿਬ ਦਾ ਪਾਰਾ ਸਤਵੇਂ ਅਸਮਾਨ 'ਤੇ ਪੁੱਜ ਗਿਆ। ਉਹ ਜੋਰ

ਦੀ ਚੀਕੇ, "ਇਸ਼ਿਤਾ ਮੈਡਮ, ਦੇਖਣ ਨੂੰ ਤੁਸੀਂ ਬਹੁਤ ਸਮਝਦਾਰ ਲਗਦੇ ਹੋ। ਪਰ ਗੱਲਾਂ ਪਰਲੇ ਦਰਜੇ ਦੇ ਮੂਰਖਾਂ ਵਾਲੀਆਂ ਕਰਦੇ ਹੋ..{ ਤੁਹਾਨੂੰ ਏਨੀ ਸਮਝ ਨਹੀਂ ਕਿ ਕਿਹੜੇ ਵੇਲੇ ਕਿਹੜੀ ਗੱਲ ਕਰੀਦੀ ਐ।"

"...ਜੀ ਜੀ...ਮੈਂ ਤਾਂ..।" ਇਹ ਮਿਣ ਮਿਣ ਕਰਨ ਲੱਗੀ।

"ਮੈਨੂੰ ਕਿਸੇ ਦੀ ਬਦਖੋਈ ਚੰਗੀ ਨਹੀਂ ਲੱਗਦੀ..ਤੁਹਾਨੂੰ ਕਿੰਨੀ ਵਾਰ ਕਹਿ ਚੁੱਕਾਂ ਪਰ ਤੁਹਾਡੇ ਉੱਪਰ ਕੋਈ ਅਸਰ ਨਹੀਂ ਹੁੰਦਾ। ਜੇ ਤੁਹਾਨੂੰ ਜਾਤੀ ਤੌਰ 'ਤੇ ਕੋਈ ਸ਼ਿਕਾਇਤ ਹੈ ਤਾਂ ਉਸ ਨਾਲ ਬਹਿ ਕੇ ਗੱਲ ਕਰ ਲਵੋ...ਮੈਨੂੰ ਉਸ ਨਾਲ ਕੋਈ ਪ੍ਰਾਬਲਮ ਨਹੀਂ...ਉਹ ਚੰਗਾ ਕੰਮ ਕਰਦਾ ਹੈ..ਉਸ ਦਾ ਕੰਡਕਟ ਚੰਗਾ ਹੈ...ਰਹੀ ਗੱਲ ਉਸ ਦੇ ਨਿਜੀ ਜੀਵਨ ਦੀ..ਉਹ ਕਿਥੇ ਜਾਂਦਾ ਹੈ..ਕਿਥੇ ਰਹਿੰਦਾ ਹੈ...ਕਿਥੇ ਘੁੰਮਦਾ ਹੈ..ਕੀ ਖਾਂਦਾ ਹੈ...ਇਸ ਨਾਲ ਸਾਨੂੰ ਕੋਈ ਫਰਕ ਨਹੀਂ ਪੈਂਦਾ...ਤੁਹਾਨੂੰ ਵੀ ਨਹੀਂ ਪੈਣਾ ਚਾਹੀਦਾ..ਪਰ ਤੁਹਾਨੂੰ ਫਰਕ ਪੈਂਦਾ ਹੈ..ਕਿਉਂ ਪੈਂਦਾ ਹੈ...ਕਿਸ ਲਈ ਪੈਂਦਾ ਹੈ..ਇਹ ਗੱਲ ਸਾਡੀ ਸਮਝ ਤੋਂ ਪਰ੍ਹੇ ਹੈ..।" ਵੱਡਾ ਸਾਹਿਬ ਬੋਲਦਾ ਚਲਾ ਗਿਆ।

"ਜੀ ਫਰਕ ਤਾਂ ਮੈਨੂੰ ਵੀ ਨਹੀਂ ਪੈਂਦਾ.." ਇਸ ਤੋਂ ਮਸਾਂ ਕਹਿ ਹੋਇਆ।

"ਫੇਰ ਮੇਰਾ ਵਕਤ ਕਿਉਂ ਖਰਾਬ ਕਰਦੇ ਹੋ...ਦਫਤਰ ਦੇ ਸਮੇਂ ਦੀ ਬਰਬਾਦੀ ਵੱਖ ਹੁੰਦੀ ਹੈ।"

"ਜੀ ਮੇਰਾ ਇਹੋ ਜਿਹਾ ਕੋਈ ਮੰਤਵ ਨਹੀਂ ਸੀ.." ਇਹ ਹੌਲੀ ਜਿਹੇ ਬੋਲੀ।

"ਫੇਰ ਏਦਾਂ ਦੀ ਗੱਲ ਕਰਨ ਦਾ ਮਤਲਬ..?" ਵੱਡੇ ਸਾਹਿਬ ਨੇ ਰੋਹ ਭਰੀਆਂ ਨਜ਼ਰਾਂ ਨਾਲ ਇਸ ਨੂੰ ਤੱਕਦਿਆਂ ਪੁੱਛਿਆ।

"ਇਹਨੇ ਕੀ ਕਿਹਾ..?"

"ਇਹਨੇ ਕੀ ਕਹਿਣਾ ਸੀ...ਸ਼ਰਮਿੰਦੀ ਹੋਈ ਹੇਠਾਂ ਫਰਸ਼ 'ਤੇ ਦੇਖਦੀ ਰਹੀ। ਬੋਲਣ ਜੋਗੀ ਤਾਂ ਸਾਹਿਬ ਨੇ ਛੱਡਿਆ ਈ ਨਹੀਂ ਸੀ।"

"ਚੰਗਾ ਕੀਤਾ ਸਾਹਿਬ ਨੇ। ਹੁਣ ਆਰਾਮ ਨਾਲ ਬਹਿ ਜਾਵੇਗੀ।" ਸਹੇਲੀ ਦੇ ਮੂੰਹੋਂ ਨਿਕਲਿਆ।

"ਇਹੋ ਜਿਹੀ ਜਿਣਸ ਨਹੀਂ ਇਹ। ਕਹਿੰਦੇ ਨੇ ਜੀ, ਜਿਹੜੇ ਲੋਕ ਸੁਭਾਅ ਤੋਂ ਈਰਖਾਲੂ ਹੁੰਦੇ ਨੇ...ਉਹ ਹਰ ਵੇਲੇ ਸੜ੍ਹਦੇ-ਕੁੜ੍ਹਦੇ ਰਹਿੰਦੇ ਨੇ। ਪਹਿਲਾਂ ਉਹ ਆਪਣਾ ਭਾਂਡਾ ਤਪਾਂਦੇ ਨੇ ਤੇ ਫੇਰ ਦੂਜਿਆਂ ਨੂੰ ਸਾੜਣ ਲਈ ਮੌਕੇ ਦੀ ਉਡੀਕ ਕਰਦੇ ਨੇ। ਇਹ ਸਿਰ ਸੜੀ ਵੀ ਹੁਣ ਇਹੋ ਕਰੇਗੀ। ਸਾਹਿਬ ਦੀ ਡਾਂਟ ਨਾਲ ਹਾਲ ਦੀ ਘੜੀ ਚੁੱਪ ਭਾਂਵੇਂ ਹੋ ਜਾਵੇ ਪਰ ਅੰਦਰੋ ਅੰਦਰੀ ਵਿਸ਼ ਘੋਲਣਾ ਇਹ ਛੱਡ ਨਹੀਂ ਸਕਦੀ। ਇਹੋ ਇਹਦੀ ਫਿਤਰਤ ਹੈ।"

----0---

ਦਫਤਰ ਵਿਚ ਹਲਚਲ ਸੀ। ਖੁਸ਼ੀ ਵਾਲੀ ਨਹੀਂ ਸਗੋਂ ਦਿਲਾਂ ਨੂੰ ਕੰਬਾ ਦੇਣ ਵਾਲੀ। ਅਫਸਰ ਕੀ ਤੇ ਕਰਮਚਾਰੀ ਕੀ...ਸਭ ਪਰੇਸ਼ਾਨ ਸਨ...। ਵਿਜੀਲੈਂਸ ਦਾ ਨਾਂਅ ਸੁਣਕੇ ਸਾਰਿਆਂ ਦੇ ਹੋਸ਼ ਉੱਡ ਚੁੱਕੇ ਸਨ...। ਪਤਾ ਨਹੀ ਕੀ ਹੋਵੇਗਾ...ਇਨ੍ਹਾਂ ਦਾ ਛਾਪਾ ਪਿਆ ਤੇ ਕਿਉਂ ਪਿਆ ਹੈ...ਸਾਰੇ ਇਕ ਦੂਜੇ ਨੂੰ ਪੁੱਛ ਰਹੇ ਸਨ। ਕਿਸੇ ਦੇ ਹੱਥ ਪੱਲੇ ਕੁਝ ਨਹੀਂ ਪੈ ਰਿਹਾ ਸੀ। ਡਰ ਸਭ ਰਹੇ ਸਨ, 'ਰੱਬ ਖੈਰ ਕਰੇ'...ਜਿਸ ਕਮਰੇ ਵਿਚ ਵਿਜੀਲੈਂਸ ਵਾਲੇ ਜਾਂਦੇ...ਉਥੋਂ ਕਰਮਚਾਰੀਆਂ ਨੂੰ ਬਾਹਰ ਕਢ ਦਿੱਤਾ ਜਾਂਦਾ...ਜਿਹਨੂੰ ਉਹ ਸੱਦਦੇ, ਉਹੀ ਅੰਦਰ ਜਾਂਦਾ...ਬਾਕੀ ਸਭ ਬਾਹਰ ਖਲੋਤੇ ਬਿਟ ਬਿਟ ਦਰਵਾਜੇ ਵੱਲ ਝਾਕੀ ਜਾ ਰਹੇ ਸਨ।

ਵੱਡੇ ਸਾਹਿਬ ਵਿਜੀਲੈਂਸ ਵਾਲਿਆਂ ਨੂੰ ਪੂਰਾ ਸਹਿਯੋਗ ਦੇ ਰਹੇ ਸਨ। ਫਾਈਲਾਂ ਦੀ ਫੋਲਾ ਫਰਾਲੀ ਖਤਮ ਹੋਈ ਤਾਂ ਤਿੱਖੇ ਸਵਾਲਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਵੱਡੇ ਸਾਹਿਬ ਠਰ੍ਹੰਮੇ ਨਾਲ ਹਰ ਸਵਾਲ ਦਾ ਜਵਾਬ ਦੇਈ ਜਾ ਰਹੇ ਸਨ। ਲੋੜ ਪੈਣ 'ਤੇ ਵਿਚ ਵਿਚ ਇਸ਼ਾਂਤ ਨੂੰ ਅੰਦਰ ਸੱਦ ਲਿਆ ਜਾਂਦਾ। ਕੋਈ ਗੱਲ ਸਾਫ ਨਾ ਹੁੰਦੀ ਤਾਂ ਦੂਜੇ ਕਰਮਚਾਰੀਆਂ ਦੀ

ਸ਼ਾਮਤ ਆ ਜਾਂਦੀ। ਸ਼ਾਮ ਤਕ ਇਹ ਸਿਲਸਿਲਾ ਚੱਲਦਾ ਰਿਹਾ। ਸਾਰੇ ਜਣੇ ਅੱਧੀ ਛੁੱਟੀ ਕੀ ਤੇ ਪੂਰੀ ਛੁੱਟੀ ਕੀ, ਸਭ ਭੁੱਲ ਗਏ ਸਨ। ਵਿਜੀਲੈਂਸ ਵਾਲਿਆਂ ਨੇ ਕੰਮ ਪੂਰਾ ਹੋਣ ਤਕ ਕਿਸੇ ਨੂੰ ਜਾਣ ਦੀ ਇਜਾਜਤ ਨਹੀਂ ਦਿੱਤੀ।

ਇਕ ਬਜੁਰਗ ਕਰਮਚਾਰੀ ਨੇ ਅੰਦਰ ਝਾਤੀ ਮਾਰੀ ਤਾਂ ਵਿਜੀਲੈਂਸ ਵਾਲੇ ਇਸ਼ਿਤਾ ਦੀ ਮੇਜ ਦੁਆਲੇ ਜੁੜੇ ਹੋਏ ਸਨ। ਉਨ੍ਹਾਂ ਵਿਚਕਾਰ ਗਰਿਰੀ ਵਾਰਤਾਲਾਪ ਚਲ ਰਹੀ ਸੀ। ਇਸ਼ਿਤਾ ਨੂੰ ਅੰਦਰ ਸੱਦਿਆ ਗਿਆ। ਕੁਝ ਫਾਈਲਾਂ ਮੰਗਾਈਆਂ। ਇਕ ਅਧਿਕਾਰੀ ਨੇ ਉਸ ਦੇ ਚਿਹਰੇ ’ਤੇ ਤਿੱਖੀ ਨਜ਼ਰ ਸੁੱਟੀ। ਕੁਝ ਪੁੱਛਿਆ। ਇਕ ਵਿਸ਼ੇਸ਼ ਫਾਈਲ ਦੀ ਮੰਗ ਕੀਤੀ। ਇਸ਼ਿਤਾ ਨੇ ਕੰਬਦੇ ਹੱਥਾਂ ਨਾਲ ਫਾਈਲ ਦਿੱਤੀ ਤਾਂ ਕਿਹਾ ਗਿਆ, “ਤੁਸੀਂ ਬਾਹਰ ਜਾ ਕੇ ਬੈਠੋ…!”

ਵਿਜੀਲੈਂਸ ਅਧਿਕਾਰੀ ਗਹੁ ਨਾਲ ਫਾਈਲ ਪੜ੍ਹਣ ਲੱਗਾ। ਉਹ ਵਿਚ ਵਿਚ ਸਾਥੀ ਅਧਿਕਾਰੀਆਂ ਨੂੰ ਕੁਝ ਦੱਸਦਾ ਜਾ ਰਿਹਾ ਸੀ। ਇਕ ਜਣਾ ਨੋਟ ਤਿਆਰ ਕਰਨ ਦੇ ਕੰਮ ਵਿਚ ਰੁੱਝ ਗਿਆ। ਇਸ਼ਿਤਾ ਨੂੰ ਮੁੜ ਸੱਦਿਆ ਗਿਆ। ਉਸ ਤੋਂ ਕੁਝ ਪੁੱਛਿਆ ਗਿਆ…ਉਸ ਆਪਣੇ ਵੱਲੋਂ ਪੂਰਾ ਜੋਰ ਲਾਇਆ ਪਰ ਅਧਿਕਾਰੀਆਂ ਦੀ ਤਸੱਲੀ ਨਾ ਹੋਈ। ਉਸ ਨੂੰ ਪਰੇਸ਼ਾਨ ਦੇਖ ਵੱਡੇ ਸਾਹਿਬ ਨੇ ਸਹਾਇਤਾ ਕਰਨੀ ਚਾਹੀ, ਪਰ ਉਹ ਕਰ ਕੁਝ ਨਹੀਂ ਸਕਦੇ ਸਨ।

ਇਸ਼ਿਤਾ ਵਲੋਂ ਦਿਤੇ ਗਏ ਜਵਾਬਾਂ ਨਾਲ ਤਸੱਲੀ ਨਾ ਹੋਣ ’ਤੇ ਵੱਡੇ ਵਿਜੀਲੈਂਸ ਅਧਿਕਾਰੀ ਨੇ ਵੱਡੇ ਸਾਹਿਬ ਨੂੰ ਬੁਲਾਇਆ। ਵੱਡੇ ਸਾਹਿਬ ਆਪਣੇ ਕਮਰੇ ਵਿਚ ਸਨ। ਉਹ ਆਏ ਤਾਂ ਇਕ ਅਧਿਕਾਰੀ ਨੇ ਕਿਹਾ, “ਮਾਫ ਕਰਨਾ, ਸਾਨੂੰ ਮੈਡਮ ਦੀ ਫਾਈਲ ਵਿਚ ਕਈ ਇਤਰਾਜਯੋਗ ਐਂਟਰੀਆਂ ਮਿਲੀਆਂ ਹਨ। ਇਨ੍ਹਾਂ ਨੂੰ ਵਧੇਰੇ ਪੁੱਛਗਿਛ ਲਈ ਸਾਡੇ ਹੈਡ ਕਵਾਟਰ ਆਉਣਾ ਹੋਵੇਗਾ। ਜੇਕਰ ਇਹ ਸਹਿਯੋਗ ਨਹੀਂ ਦਿੰਦੇ ਜਾਂ ਇਨ੍ਹਾਂ ਦੀਆਂ ਸੂਚਨਾਵਾਂ ਗਲਤ ਸਿੱਧ ਹੁੰਦੀਆਂ ਹਨ ਤਾਂ ਇਨ੍ਹਾਂ ਨੂੰ ਗਿਰਫਤਾਰ ਵੀ ਕੀਤਾ ਜਾ ਸਕਦਾ ਹੈ।

“ਕੀ ਮੈਂ ਜਾਣ ਸਕਦਾ ਹਾਂ..ਤੁਹਾਨੂੰ ਇਤਰਾਜ ਕਿਹਨਾਂ ਗੱਲਾਂ ਕਰਕੇ ਹੈ।” ਵੱਡੇ ਸਾਹਿਬ ਨੇ ਝਕਦਿਆਂ ਝਕਦਿਆਂ ਪੁੱਛਿਆ।

“ਮਾਮਲਾ ਕੌਨਫੀਡੈਂਸਿਅਲ ਹੈ। ਇਸ ਤਰ੍ਹਾਂ ਖੜ੍ਹੇ ਖਲੋਤੇ ਗੱਲ ਕਰਨ ਵਾਲਾ ਨਹੀਂ। ਤੁਹਾਨੂੰ ਇਕੱਲਿਆਂ ਨੂੰ ਦਸੀ ਜਾ ਸਕਦੀ ਹੈ।” ਵੱਡੇ ਅਧਿਕਾਰੀ ਨੇ ਤਟ ਫਟ ਕਿਹਾ।

“ਅਸੀਂ ਅੰਦਰ ਚੱਲ ਕੇ ਗੱਲ ਕਰ ਸਕਦੇ ਹਾਂ..?” ਵੱਡੇ ਸਾਹਿਬ ਨੇ ਪੁੱਛਿਆ।

“ਹਾਂ ਹਾਂ ਕਿਉਂ ਨਹੀਂ…ਤੇ ਮੈਡਮ ਜਦ ਤਕ ਇਹ ਗੱਲ ਚਲ ਰਹੀ ਹੈ, ਤੁਸੀਂ ਦਫਤਰ ਛੱਡ ਕੇ ਨਹੀਂ ਜਾ ਸਕਦੇ। ਮਿਸਟਰ ਇਸ਼ਾਂਤ, ਯੂ ਕੈਨ ਕਮ ਵਿਦ ਅਸ..! ਬਾਕੀ ਦੇ ਕਰਮਚਾਰੀਆਂ ਨੂੰ ਭੇਜ ਦਿਓ। ਉਹਨਾਂ ਦੀ ਲੋੜ ਨਹੀਂ।” ਵੱਡੇ ਸਾਹਿਬ ਦੇ ਕਮਰੇ ਵਿਚਲਾ ਕੰਮ ਖਤਮ ਹੋਇਆ ਤਾਂ ਰਾਤਾਂ ਪੈ ਚੁੱਕੀਆਂ ਸਨ।

----0---

“ਇਸ਼ਿਤਾ, ਤੇਰੇ ਕਾਰਨ ਦਫਤਰ ਦੀ ਬਹੁਤ ਬਦਨਾਮੀ ਹੋਈ ਹੈ…ਪਤਾ ਨਹੀਂ ਇਹ ਸਭ ਕਿੰਨੀ ਦੇਰ ਚੱਲੇ। ਜਦ ਤਕ ਇਹ ਕੇਸ ਚੱਲਦਾ ਹੈ, ਤੂੰ ਕਿਤੇ ਨਹੀਂ ਜਾ ਸਕਦੀ। ਤੈਨੂੰ ਝਲਣਾ ਸਾਡੀ ਮਜਬੂਰੀ ਹੈ। ਚੰਗੀ ਗੱਲ ਤਾਂ ਇਹੋ ਹੈ…ਸਭ ਸੱਚੋ ਸੱਚ ਦਸ ਦੇ..।” ਵੱਡੇ ਸਾਹਿਬ ਨੇ ਇਸ਼ਿਤਾ ਨੂੰ ਆਪਣੇ ਕਮਰੇ ਵਿਚ ਸੱਦ ਕੇ ਤਾੜਿਆ।

“ਸਰ, ਮੈਂ ਕੁਝ ਨਹੀਂ ਕੀਤਾ। ਐਵੇਂ ਗਲਤ ਫਹਿਮੀ ਹੋਈ ਲੱਗਦੀ ਹੈ।” ਇਸ਼ਿਤਾ ਨੇ ਸਫਾਈ ਦੇਣੀ ਚਾਹੀ।

“ਇਹ ਫਾਈਲ ਤੁਹਾਡੀ ਹੈ..?”

“ਜੀ..!”

“ਇਸ ਵਿਚ ਜਿੰਨੀਆਂ ਐਂਟਰੀਆਂ ਹੋਈਆਂ ਨੇ, ਉਹ ਸਾਰੀਆਂ ਤੁਸੀਂ ਕੀਤੀਆਂ ਨੇ..?”

“ਜੀ ਕੀਤੀਆਂ ਤਾਂ ਮੈਂ ਹੀ ਨੇ..!”

“ਫੇਰ ਗਲਤ ਫਹਿਮੀ ਕਿੱਦਾਂ ਹੋਈ..?”

“ਸਰ ਮੈਂ ਆਪਣੇ ਵੱਲੋਂ ਸਾਰਾ ਕੰਮ ਠੀਕ ਕੀਤਾ ਸੀ...!”

“ਜੇ ਠੀਕ ਕੀਤਾ ਸੀ ਤਾਂ ਇਹ ਕੀ ਐ..!” ਵੱਡੇ ਸਾਹਿਬ ਨੇ ਵਿਜੀਲੈਂਸ ਵੱਲੋਂ ਫਾਈਲ ਦੇ ਸਫਿਆਂ ਉੱਪਰ ਲਾਏ ਨਿਸ਼ਾਨ ਦਿਖਾਉਂਦਿਆਂ ਪੁੱਛਿਆ।

“ਮੈਂ ਨਹੀਂ ਜਾਣਦੀ ਸਰ..!”

“ਇਹ ਗੰਭੀਰ ਮਾਮਲਾ...ਨਹੀਂ ਤਾਂ ਹੁਣੇ ਤੇਰੀ ਛੁੱਟੀ ਕਰ ਦਿੰਦਾ..!”

“ਸਰ ਏਦਾਂ ਨਾ ਕਰੋ...ਮੈਨੂੰ ਆਪਣਾ ਪੱਖ ਸਪਸ਼ਟ ਕਰਨ ਦਾ ਇਕ ਮੌਕਾ ਦਿਓ...ਪਲੀਜ਼..!”

“ਜੇ ਮੇਰੇ ਹੱਥ ਵੱਸ ਹੁੰਦਾ ਤਾਂ ਇਕ ਮਿਨਟ ਲਈ ਤੇਰੀ ਗੱਲ ਸੁਣ ਸਕਦਾ ਸੀ, ਪਰ ਹੁਣ ਮੈਂ ਕੁਝ ਨਹੀਂ ਕਰ ਸਕਦਾ। ਤੇਰਾ ਕੰਡਕਟ ਵੀ ਚੰਗਾ ਨਹੀਂ ਰਿਹਾ। ਕੋਈ ਨਾ ਕੋਈ ਮੁਸੀਬਤ ਖੜ੍ਹੀ ਕਰਦੀ ਰਹੀ ਏਂ...ਦੂਜਿਆਂ ਦੀ ਨਿੰਦਾ ਚੁਗਲੀ ਕਰਨ ਵਾਲੇ ਬੰਦੇ ਦਾ ਇਹੋ ਹਾਲ ਹੁੰਦਾ ਜੋ ਤੇਰਾ ਹੋ ਰਿਹਾ। ਪਰ ਇਕ ਗੱਲ ਜਰੂਰ ਮਾੜੀ ਹੋਈ ਹੈ..।”

“ਉਹ ਕੀ ਸਰ...?”

“ਦਫਤਰ ਦੀ ਬਦਨਾਮੀ...ਮੈਂ ਆਪਣੇ ਪੈਂਤੀ ਸਾਲਾਂ ਦੇ ਕਾਰਜ ਕਾਲ ਵਿਚ ਕਦੇ ਏਨੀ ਨਮੋਸ਼ੀ ਨਹੀਂ ਝੱਲੀ...ਇਹਨੇ ਮੇਰੇ ਕੀਤੇ ਕਰਾਏ ’ਤੇ ਪਾਣੀ ਫੇਰ ਦਿੱਤੈ।”

“....................................!”

“ਤੂੰ ਚਲ...ਤੇਰੀ ਸ਼ਕਲ ਨਹੀਂ ਦੇਖਣਾ ਚਾਹੁੰਦਾ...ਇਹੋ ਜਿਹੇ ਹੋਨਹਾਰ ਮੁਲਾਜਮ ਖੁਣੋਂ ਕੀ ਥੁੜਿਆ ਸੀ...ਇਸ਼ਾਂਤ ਤੂੰ ਬੈਠ...!” ਇਸ਼ਿਤਾ ਦੇ ਚਲੀ ਜਾਣ ਮਗਰੋਂ ਵੱਡੇ ਸਾਹਿਬ ਇਸ਼ਾਂਤ ਨਾਲ ਬਹਿ ਕੇ ਕਿੰਨੀ ਦੇਰ ਫਾਈਲ ਨਾਲ ਮੱਥਾ ਪੱਚੀ ਕਰਦੇ ਰਹੇ। ਇਸ਼ਾਂਤ ਨੇ ਫਾਈਲ ਵਿਚ ਇਕ ਥਾਂ ਲੱਗੇ ਲਾਲ ਨਿਸ਼ਾਨ ਦੇਖ ਕੁਝ ਸੋਚਿਆ। ਉਹਦੇ ਚਿਹਰੇ ਦਾ ਰੰਗ ਬਦਲਿਆ। ਉਸ ਸਾਹਿਬ ਦਾ ਹੱਥ ਆਪਣੇ ਦੋਹਾਂ ਹੱਥਾਂ ਵਿਚ ਲਿਆ ਤੇ ਕਹਿਣ ਲੱਗਾ...”ਸਾਹਿਬ, ਘਬਰਾਉਣ ਦੀ ਲੋੜ ਨਹੀਂ...ਮੈਨੂੰ ਲੱਗਦੈ ਵਿਜੀਲੈਂਸ ਵਾਲਿਆਂ ਦਾ ਆਂਕਲਨ ਗਲਤ ਏ।”

“ਉਹ ਕਿਵੇਂ..?”

“ਆਹ ਦੇਖੋ...!”

ਸਾਹਿਬ ਨੇ ਲਾਲ ਨਿਸ਼ਾਨ ਵਾਲੇ ਕਾਲਮ ਨੂੰ ਇਕ ਵਾਰ ਫੇਰ ਪੜ੍ਹਿਆ। ਗੱਲ ਸਮਝ ਵਿਚ ਨਹੀਂ ਆਈ। ਦੁਬਾਰਾ ਪੜ੍ਹਿਆ। ਫੇਰ ਵੀ ਪੱਲੇ ਕੁਝ ਨਹੀਂ ਪਿਆ। “ਮੈਨੂੰ ਤਾਂ ਇਸ ਵਿਚ ਕੁਝ ਨਹੀਂ ਲੱਭਾ।” ਫਾਈਲ ਵਿਚਲਾ ਕਾਗਜ ਇਸ਼ਾਂਤ ਅੱਗੇ ਕਰਦਿਆਂ ਸਾਹਿਬ ਨੇ ਕਿਹਾ।

“ਇਹੋ ਗੱਲ ਹੈ...ਤੁਹਾਡੇ ਵਾਂਗ ਉਨ੍ਹਾਂ ਪਾਸੋਂ ਵੀ ਫੜੀ ਨਹੀਂ ਗਈ..।” ਇਸ਼ਾਂਤ ਨੇ ਵਿਚਲੀ ਗੱਲ ਸਮਝਾਈ ਤਾਂ ਸਾਹਿਬ ਦੇ ਚਿਹਰੇ ਦੀ ਖੁਸ਼ੀ ਮੁੜ ਪਰਤ ਆਈ। “ਵ੍ਹਟ ਏ ਜੀਨਿਅਸ ਯੂ ਆਰ...!” ਇਸ਼ਾਂਤ ਦੀ ਪਿੱਠ ਥਾਪੜਦਿਆਂ ਸਾਹਿਬ ਦੇ ਮੂੰਹੋਂ ਨਿਕਲਿਆ। “ਹੁਣ ਬਹੁਤ ਦੇਰ ਹੋ ਚੁੱਕੀ ਏ...ਸਾਨੂੰ ਘਰ ਜਾਣਾ ਚਾਹੀਦੈ...ਕਲ੍ਹ ਬੈਠ ਕੇ ਗੱਲ ਕਰਾਂਗੇ..!”

ਦੂਜੇ ਦਿਨ ਵਿਜੀਲੈਂਸ ਨਾਲ ਨਜਿੱਠਣ ਦੀ ਰਣਨੀਤੀ ਬਣਾਈ ਗਈ। ਮਿੱਥੇ ਪ੍ਰੋਗਰਾਮ ਅਨੁਸਾਰ ਇਸ਼ਾਂਤ ਕੁਝ ਦਿਨ ਵਿਜੀਲੈਂਸ ਵਾਲਿਆਂ ਦੇ ਚੱਕਰ ਕੱਟਦਾ ਰਿਹਾ। ਵਿਜੀਲੈਂਸ ਦੇ ਅਧਿਕਾਰੀ ਪਹਿਲਾਂ ਤਾਂ ਇਸ਼ਾਂਤ ਦੇ ਤਰਕਾਂ ਨਾਲ ਸਹਿਮਤ ਨਹੀਂ ਹੋਏ...ਪਰ ਬਾਅਦ ਵਿਚ ਕੁਝ ਸੋਚਣ ਉਪਰੰਤ ਉਹਨਾਂ ਇਹ ਸਮਝਣ ਵਿਚ ਦੇਰ ਨਹੀਂ ਲੱਗੀ ਕਿ ਚੂਕ ਕਿੱਥੇ ਹੋਈ ਹੈ। ਇਸ਼ਾਂਤ ਦੀ ਭੱਜ ਨੱਠ ਕਾਰਨ ਵਿਜੀਲੈਂਸ ਵਲੋਂ ਕੇਸ ਵਾਪਸ ਲੈ ਲਿਆ ਗਿਆ ਤਾਂ ਵੱਡੇ ਸਾਹਿਬ ਸਮੇਤ ਸਾਰਿਆਂ ਨੇ ਸੁੱਖ ਦਾ ਸਾਹ ਲਿਆ।

----0---

**ਬਾਰ ਬਾਰ ਯੇ ਦਿਨ ਆਏ**
**ਤੁਮ ਜਿਓ ਹਜਾਰੋਂ ਸਾਲ**
**ਸਾਲ ਕੇ ਦਿਨ ਹੋਂ ਪਚਾਸ ਹਜਾਰ।**
**ਹੈਪੀ ਬਰਥ ਡੇ ਟੂ ਯੂ**
**ਹੈਪੀ ਬਰਥ ਡੇ ਟੂ ਯੂ...॥**

ਕੀ ਵੱਡੇ ਸਾਹਿਬ, ਕੀ ਛੋਟੇ ਅਧਿਕਾਰੀ, ਕੀ ਕੀ ਸਧਾਰਨ ਕਰਮਚਾਰੀ, ਕੀ ਸਹਾਇਕ ਸਟਾਫ ਦੇ ਲੋਕ ਤੇ ਕੀ ਮੌਕੇ 'ਤੇ ਬਾਹਰੋਂ ਆਏ ਸੱਜਣ...ਸਭ ਖੁਸ਼ ਸਨ...ਦਫਤਰ ਦਾ ਵਾਤਾਵਰਣ ਖੁਸ਼ੀਆਂ ਲੱਦਾ ਬਣਿਆ ਹੋਇਆ ਸੀ। ਵੱਡੇ ਹਾਲ ਕਮਰੇ ਦੀ ਸਜਾਵਟ ਵੱਲ ਖਾਸ ਧਿਆਨ ਦਿੱਤਾ ਲੱਗਦਾ ਸੀ। ਕੇਕ ਲਿਆਂਦਾ ਗਿਆ। ਪ੍ਰਤਿਮਾ ਦੀ ਸਹੇਲੀ ਇਹ ਸਭ ਦੇਖ ਹੈਰਾਨ ਹੋ ਰਹੀ ਸੀ। ਉਸ ਨੇ ਮਾਮਲੇ ਦੀ ਤਹਿ ਤਕ ਜਾਣ ਦਾ ਯਤਨ ਕੀਤਾ। ਕੁਝ ਸਮਝ ਨਹੀਂ ਆਇਆ ਤਾਂ ਕੋਲ ਖਲੋਤੀ ਪ੍ਰਤਿਮਾ ਦੇ ਨੇੜੇ ਹੋ ਉਸ ਦੇ ਕੰਨ ਵਿਚ ਫੂਕ ਮਾਰੀ।

"ਦੀਦੀ, ਇਹ ਸਭ ਕੀ ਹੋ ਰਿਹਾ। ਅੱਗੇ ਨਾ ਪਿੱਛੇ। ਦਫਤਰ ਵਿਚ ਕਦੇ ਕਿਸੇ ਦਾ ਜਨਮ ਦਿਨ ਨਹੀਂ ਮਨਾਇਆ ਗਿਆ। ਜਨਮ ਦਿਨ ਮਨਾਉਣਾ ਤਾਂ ਦੂਰ ਕੋਈ ਕਿਸੇ ਨੂੰ ਸੁੱਕੀ ਵਿਸ਼ ਵੀ ਨਹੀਂ ਕਰਦਾ। ਪਹਿਲਾਂ ਕੁਝ ਦਸਿਆ ਵੀ ਨਹੀਂ ਗਿਆ। ਕੀ ਤੁਹਾਨੂੰ ਪਤੈ...?"

"ਬਹੁਤਾ ਪਤਾ ਤਾਂ ਮੈਨੂੰ ਵੀ ਨਹੀਂ। ਇਥੇ ਆਉਣ ਤੋਂ ਪਹਿਲਾਂ ਇਸ ਗੱਲ ਦੀ ਉੱਗ ਸੁੱਗ ਵੀ ਨਹੀਂ ਸੀ। ਪਤਾ ਹੁੰਦਾ ਤਾਂ ਕੋਈ ਉਪਹਾਰ ਲੈ ਆਉਂਦੇ..;ਇਹ ਗੱਲ ਛੱਡ, ਮੈਨੂੰ ਤਾਂ ਇਹ ਵੀ ਪਤਾ ਨਹੀਂ ਕਿ ਅੱਜ ਜਨਮ ਦਿਨ ਕਿਸਦਾ ਹੈ..ਵਧਾਈ ਦੇਵਾਂ ਵੀ ਤਾਂ ਕਿਸ ਨੂੰ ਦੇਵਾਂ...ਤੇਰੇ ਵਾਂਗ ਖਲੋਤੀ ਮੈਂ ਵੀ ਬਿਟ ਬਿਟ ਤੱਕੀ ਜਾ ਰਹੀ ਹਾਂ।"

"ਇਧਰ ਦੇਖੋਂ, ਹੈਰਾਨੀ ਵਾਲੀ ਗੱਲ ਤਾਂ ਇਹ ਹੈ..।" ਸਹੇਲੀ ਨੇ ਹੱਥ ਦਾ ਇਸ਼ਾਰਾ ਕਰਕੇ ਪ੍ਰਤਿਮਾ ਦਾ ਧਿਆਨ ਇਸ਼ਿਤਾ ਵੱਲ ਦੁਆਇਆ। "ਦੇਖੋ ਦੀਦੀ, ਇਹ ਕਿੰਨੀ ਖੁਸ਼ ਹੈ। ਕਿਤੇ ਇਹਦਾ ਜਨਮ ਦਿਨ ਤਾਂ ਨਹੀਂ..?"

"ਨਹੀਂ ਇਹਦਾ ਨਹੀਂ ਹੋ ਸਕਦਾ। ਅਜੇ ਪਿਛਲੇ ਮਹੀਨੇ ਤਾਂ ਮੈਂ ਇਸ ਨੂੰ ਬਰਥ ਡੇ ਵਿਸ਼ ਕੀਤਾ ਸੀ..।" ਪ੍ਰਤਿਮਾ ਨੇ ਦਸਿਆ।

"ਪਰ ਇਹ ਖੁਸ਼ ਤਾਂ ਬਹੁਤ ਹੈ। ਸਾਰੇ ਹਾਲ ਕਮਰੇ ਵਿਚ ਟਪੂਸੀਆਂ ਮਾਰਦੀ ਪਈ ਹੈ।

"ਆਹੋ ਇਹ ਤਾਂ ਚਾਮ੍ਹਲੀ ਪਈ ਹੈ..ਜਿੱਦਾਂ ਇਸ ਦੇ ਘਰ ਦੇ ਕਿਸੇ ਮੈਂਬਰ ਦਾ ਜਨਮ ਦਿਨ ਹੋਵੇ...ਗੱਲ ਥੋੜ੍ਹੀ ਖੁਲ੍ਹੇ ਤਾਂ ਪਤਾ ਲੱਗੂ, ਅੱਜ ਦਾ ਸਿਹਰਾ ਕਿਸ ਕਿਸਮਤ ਵਾਲੇ ਦੇ ਸਿਰ ਬੱਝ ਰਿਹੈ..।" ਪ੍ਰਤਿਮਾ ਨੇ ਉਪਰੋਂ ਉੱਪਰੋਂ ਗੱਲ ਨਿਬੇੜਨ ਦੀ ਕੀਤੀ ਪਰ ਅੰਦਰ ਅੰਦਰੀ ਇਹ ਪ੍ਰਸ਼ਨ ਉਹਦੇ ਦਿਮਾਗ ਵਿਚ ਚੱਕਰ ਕੱਟ ਰਿਹਾ ਸੀ ਕਿ ਆਖਰ ਇਸ ਸਭ ਹੋ ਕੀ ਰਿਹੈ। ਸਾਰੀਆਂ ਤਿਆਰੀਆਂ ਪੂਰਨ ਹੋਈਆਂ ਦੇਖ ਇਸ਼ਿਤਾ ਮਾਈਕ ਮੋਹਰੇ ਆ ਗਈ। ਉਸ ਦੇ ਇਸ ਨਵੇਂ ਰੂਪ ਨੂੰ ਦੇਖ ਸਾਰਿਆਂ ਦੀ ਹੈਰਾਨੀ ਦਾ ਕੋਈ ਹੱਦ ਬੰਨਾ ਨਹੀਂ ਰਿਹਾ।

"ਦੇਖਿਆ ਇਹਦਾ ਨਵਾਂ ਅਵਤਾਰ...।"

"ਦੇਖ ਰਹੀ ਹਾਂ...ਹੁਣ ਮੂੰਹ ਵਿਚੋਂ ਕੁਝ ਉੱਚਰੇ ਵੀ।" ਸਹੇਲੀ ਦੀ ਗੱਲ ਦਾ ਜਵਾਬ ਦੇ ਕੇ ਪ੍ਰਤਿਮਾ ਮਾਈਕ ਸਾਹਮਣੇ ਖਲੋਤੀ ਇਸ਼ਿਤਾ ਵੱਲ ਦੇਖਣ ਲੱਗੀ।

"ਦੇਵੀਓ ਤੇ ਸੱਜਣੋਂ,

ਹੈਰਾਨੀ ਦੀਆਂ ਘੜੀਆਂ ਖਤਮ ਹੋਣ ਲੱਗੀਆਂ ਨੇ। ਸਰਪ੍ਰਾਈਜ਼ ਦੇਣ ਦਾ ਇਰਾਦਾ ਸੀ। ਵੱਡੇ ਸਾਹਿਬ ਇਹੋ ਚਾਹੁੰਦੇ ਸਨ। ਉਨ੍ਹਾਂ ਦਾ ਹੁਕਮ ਸਿਰ ਮੱਥੇ। ਹੁਕਮ ਵਜਾ ਦਿੱਤਾ ਗਿਆ ਹੈ। ਸਾਹਿਬ ਜੀ, ਕੀ ਖਿਆਲ ਹੈ ਤੁਹਾਡਾ...? ਸ਼ੁਰੂ ਕਰਾਂ..? ਲਓ ਜੀ, ਵੱਡੇ ਸਾਹਿਬ ਨੇ ਇਜਾਜਤ ਦੇ ਦਿੱਤੀ ਏ...! ਅਸਲ ਗੱਲ ਸਾਂਝੀ ਕਰਨ ਦਾ ਸਮਾਂ ਆ ਗਿਐ..। ਸਾਡੇ ਸਾਰਿਆਂ ਦੇ ਪਿਆਰੇ...ਪ੍ਰਤਿਮਾ ਦੇ ਦੁਲਾਰੇ...ਸਾਰਿਆਂ ਦੇ ਕੰਮ ਆਉਣ ਵਾਲੇ...ਛੋਟਾ ਹੋਵੇ ਭਾਵੇਂ ਵੱਡਾ ਹਰ ਇਕ ਨਾਲ ਖਿੜੇ ਮੱਥੇ ਗੱਲ ਕਰਨ ਵਾਲੇ...ਦੁੱਖ ਸੁੱਖ ਦੇ ਸਾਂਝੀ..."

"ਹੁਣ ਅੱਗੇ ਵੀ ਬੋਲ...ਉਹ ਹੈ ਕੌਣ..?" ਪ੍ਰਤਿਮਾ ਆਪਣੀ ਥਾਂ ਖਲੋਤੀ ਬੁੜਬੁੜਾ ਰਹੀ ਸੀ।

"ਉਹ ਤਾਂ ਤੁਹਾਡਾ ਦੁਲਾਰਾ ਏ..." ਸਹੇਲੀ ਨੇ ਪ੍ਰਤਿਮਾ ਦੇ ਕੰਨ ਵਿਚ ਕਿਹਾ।

"ਪਰ ਉਹ ਹੈ ਕੌਣ...?" ਪ੍ਰਤਿਮਾ ਨੇ ਹੌਲੇ ਪਰ ਤਿੱਖੇ ਸੁਰ ਵਿਚ ਕਿਹਾ।

"ਜਿੱਥੇ ਏਨੀ ਦੇਰ ਉਡੀਕਿਆ ਏ...ਉਥੇ ਕੁਝ ਦੇਰ ਹੋਰ ਸਹੀ...!" ਸਹੇਲੀ ਬੋਲੀ।

"ਹੁਣ ਨਹੀਂ ਉਡੀਕ ਹੁੰਦਾ...ਜੇ ਇਹ ਨਾ ਬੋਲੀ ਤਾਂ ਮੈਂ ਚਲੀ ਜਾਣਾ...ਮੈਂ ਨਹੀਂ ਪਾਰਟੀ ਖਾਣੀ..!" ਪ੍ਰਤਿਮਾ ਦੀ ਬੇਸਬਰੀ ਵੱਧਦੀ ਜਾ ਰਹੀ ਸੀ।

"...ਹਾਂ ਤੇ ਦੋਸਤੋ...ਮੈਂ ਕਹਿ ਰਹੀ ਸੀ ਸਾਡੇ ਸਾਰਿਆਂ ਦੇ ਸਨੇਹੀ ਸ੍ਰੀਮਾਨ ਇਸ਼ਾਂਤ ਜੀ ਦਾ ਅਜ ਜਨਮ ਦਿਨ ਹੈ। ਉਹ ਸੰਕੋਚੀ ਸੁਭਾਅ ਦੇ ਹਨ। ਕਿਸੇ ਨੂੰ ਤਕਲੀਫ ਨਹੀਂ ਦਿੰਦੇ। ਪਰ ਸਾਡੇ ਸਾਹਿਬ ਜੀ ਚਾਹੁੰਦੇ ਸਨ, ਉਨ੍ਹਾਂ ਦਾ ਜਨਮ ਦਿਨ ਪੂਰੇ ਦਫਤਰ ਵੱਲੋਂ ਸ਼ਾਨ ਨਾਲ ਮਨਾਇਆ ਜਾਵੇ। ਉਨ੍ਹਾਂ ਦੇ ਅਸੀਰਵਾਦ ਨਾਲ ਸਾਰੀਆਂ ਤਿਆਰੀਆਂ ਕੀਤੀਆਂ ਗਈਆਂ। ਹੁਣ ਆਪਣੇ ਪਿਆਰੇ ਸਾਥੀ ਇਸ਼ਾਂਤ ਨੂੰ ਬੇਨਤੀ ਕਰਦੀ ਹਾਂ, ਉਹ ਆਉਣ, ਕੇਕ ਕੱਟਣ ਦੀ ਰਸਮ ਅਦਾ ਕਰਨ, ਤੇ ਆਪਣੀ ਖੁਸ਼ੀ ਸਾਡੇ ਸਾਰਿਆਂ ਨਾਲ ਸਾਂਝੀ ਕਰਨ...!"

"ਇਕ ਮਿਨਟ...ਦੋਸਤੋ, ਸਾਡੀ ਸਹਿਯੋਗੀ ਇਸ਼ਿਤਾ ਨੇ ਸੁੰਦਰ ਸ਼ਬਦਾਂ ਵਿਚ ਅੱਜ ਦੀ ਪਾਰਟੀ ਬਾਰੇ ਜਾਣਕਾਰੀ ਦਿਤੀ ਹੈ। ਇਹਨੂੰ ਉਨ੍ਹਾਂ ਦਾ ਵੱਡਪਣ ਕਿਹਾ ਜਾਵੇ ਜਾਂ ਸੰਕੋਚ...। ਇਨ੍ਹਾਂ ਇਕ ਬਹੁਤ ਅਹਿਮ ਗੱਲ ਤੁਹਾਡੇ ਨਾਲ ਸਾਂਝੀ ਨਹੀਂ ਕੀਤੀ। ਜੇ ਇਹ ਕਰ ਦਿੰਦੇ ਤਾਂ ਮੈਨੂੰ ਮਾਈਕ ਹੱਥ ਵਿਚ ਲੈਣ ਦੀ ਲੋੜ ਹੀ ਨਹੀਂ ਪੈਣੀ ਸੀ। ਇਨ੍ਹਾਂ ਨੇ ਤੁਹਾਨੂੰ ਅਸਲ ਗੱਲ ਨਹੀਂ ਦਸੀ। ਮੈਂ ਇਸ ਮਾਮਲੇ ਵਿਚ ਕੋਤਾਹੀ ਕਰਨਾ ਨਹੀਂ ਚਾਹੁੰਦਾ। ਅੱਜ ਦੀ ਪਾਰਟੀ ਦਾ ਸਾਰਾ ਪ੍ਰਬੰਧ ਇਸ਼ਿਤਾ ਮੈਡਮ ਨੇ ਕੀਤਾ ਹੈ। ਕੇਕ ਤੇ ਚਾਹ ਪਾਣੀ ਆਦਿ ਲਈ ਇਨ੍ਹਾਂ ਕਿਸੇ ਤੋਂ ਇਕ ਰੁਪਈਆਂ ਨਹੀਂ ਲਿਆ। ਸਭ ਕੁਝ ਆਪਣੀ ਜੇਬ ਵਿਚੋਂ ਕੀਤਾ ਹੈ। ਉਹ ਸਾਡੀ ਪ੍ਰਸ਼ੰਸਾ ਦੀ ਪਾਤਰ ਹੈ। ਤਾੜੀਆਂ।"

ਹਾਲ ਕਮਰਾ ਤਾੜੀਆਂ ਦੀ ਆਵਾਜ਼ ਨਾਲ ਗੂੰਜ ਉੱਠਿਆ। ਪ੍ਰਤਿਮਾ ਲਈ ਇਹ ਕਿਸੇ ਕੌਤਕ ਤੋਂ ਘੱਟ ਨਹੀਂ ਸੀ।

"ਹੁਣ ਤੁਸੀਂ ਕੀ ਪਏ ਦੇਖਦੇ ਹੋ..?" ਸਹੇਲੀ ਨੇ ਉਹਦਾ ਮੌਢਾ ਹਲੂਣਿਆਂ।

"ਚਮਤਕਾਰ ਹੁੰਦੇ ਨੇ, ਬਹੁਤ ਸੁਣਿਐ, ਪਰ ਦੇਖ ਪਹਿਲੀ ਵਾਰ ਰਹੀ ਹਾਂ...!" ਪ੍ਰਤਿਮਾ ਦੇ ਮੂੰਹ ਵਿਚੋਂ ਨਿਕਲਿਆ।

(20-07-2017)

09810628570 (ਫੋਨ)

I-263, karampura,
New Delhi-110015

## ਤੇਰੇ ਮੇਰੇ ਹਾਸ਼ੀਏ

□ਅਸ਼ੋਕ ਵਾਸਿਸ਼ਠ

"ਤੁਸੀਂ ਹਥਿਆਰ ਸੁਟ ਦਿੱਤੇ ਨੇ...ਇਹ ਸੋਚ ਕੇ ਕਿ ਹੁਣ ਕੁਝ ਕੀਤਾ ਨਹੀਂ ਜਾ ਸਕਦਾ...ਤੁਸੀਂ ਇਸ ਨੂੰ ਆਪਣੀ ਕਿਸਮਤ ਮੰਨ ਲਿਐ...ਸਾਰੀ ਉਮਰ ਰੋਂਦੇ ਰਹੋਗੇ...ਆਪਣੀ ਬੇਬਸੀ ਉੱਪਰ...ਪਰ ਜੋ ਚਾਹੁੰਦੇ ਹੋ ਉਸ ਲਈ ਪੂਰੀ ਦ੍ਰਿੜ੍ਹਤਾ ਨਾਲ ਕਦਮ ਨਹੀਂ ਚੁੱਕ ਸਕਦੇ...ਮੈਂ ਠੀਕ ਕਿਹਾ ਨਾ ਜੀ..?" ਮੰਨਤ ਨੇ ਛਿੱਥੀ ਪੈਂਦਿਆਂ ਆਪਣੇ ਅੰਦਰ ਦਾ ਗੁਬਾਰ ਕਢ ਦਿਤਾ। ਮਧੁਕਾਂਤ ਨੇ ਸੱਧਰਾਈਆਂ ਨਜ਼ਰਾਂ ਨਾਲ ਉਸ ਦਾ ਚਿਹਰਾ ਪੜ੍ਹਣ ਦਾ ਯਤਨ ਕੀਤਾ...ਉਹ ਸੋਚ ਨਹੀਂ ਪਾ ਰਿਹਾ ਸੀ ਕਿ ਮੰਨਤ ਦੀ ਦਿਲ ਚੀਰਵੀਂ ਗੱਲ ਜਿਹੜੀ ਉਸ ਸਾਹਮਣੇ ਇਕ ਨਹੀਂ ਕਈ ਕਈ ਸਵਾਲ ਖੜ੍ਹੇ ਕਰ ਰਹੀ ਸੀ, ਦੇ ਜਵਾਬ ਵਿਚ ਕੀ ਕਹੇ। ਅੱਗੇ ਟੋਆ ਪਿੱਛੇ ਖਾਈ ਵਾਲੀ ਸਥਿਤੀ ਬਣੀ ਹੋਈ ਸੀ। ਇਹੋ ਜਿਹੀ ਹਾਲਤ ਹੁੰਦੀ ਹੈ ਤਾਂ ਚੰਗਾ ਭਲਾ ਬੰਦਾ ਕੁਝ ਸੋਚਣ ਜੋਗਾ ਨਹੀਂ ਰਹਿੰਦਾ। ਕੁਝ ਨਾ ਸੁੱਝਾ ਤਾਂ ਉਸ ਹਾਲ ਦੀ ਘੜੀ ਚੁਪ ਰਹਿਣਾ ਹੀ ਬਿਹਤਰ ਜਾਣਿਆ।

"ਏਦਾਂ ਚੁੱਪ ਕਰਕੇ ਨਹੀਂ ਸਰਨਾ...ਜੇ ਸੀਰੀਅਸ ਹੋ ਤਾਂ ਮਰਦ ਬਣੋ...ਘਰ ਦਿਆਂ ਨਾਲ ਗੱਲ ਕਰੋ..!" ਮੰਨਤ ਨੇ ਆਪਣੀ ਗੱਲ 'ਤੇ ਜੋਰ ਦਿੱਤਾ।

"ਅੱਜ ਨਹੀਂ ਤਾਂ ਕਲ੍ਹ...ਜਰੂਰ ਗੱਲ ਕਰਾਂਗਾ...ਤੂੰ ਫਿਕਰ ਨਾ ਕਰ..!" ਮਧੂਕਾਂਤ ਨੇ ਉਹਨੂੰ ਹੌਸਲਾ ਦਿੰਦਿਆਂ ਕਿਹਾ।

"..........................!"

"ਘਰ ਦੇ ਭਾਵੇਂ ਜੋ ਮਰਜੀ ਸੋਚਣ..ਪਰ ਮੈਂ ਜਿਸ ਰਾਹੇ ਤੁਰ ਰਿਹਾਂ...ਉਹ ਤੇਰੇ ਵਾਲਾ ਈ ਹੈ..ਕਦੇ ਪਿੱਠ ਨਹੀਂ ਦਿਖਾਵਾਂਗਾ..!"

"ਤੁਹਾਨੂੰ ਅੱਜ ਕਲ੍ਹ..ਅੱਜ ਕਲ੍ਹ ਕਰਦਿਆਂ ਸਾਲ ਹੋਣ ਵਾਲਾ ਏ..!" ਮੰਨਤ ਦਾ ਕਹਿਣਾ ਆਪਣੀ ਥਾਂ ਸਹੀ ਸੀ।

"ਹੁਣ ਹੋਰ ਨਹੀਂ...ਮੈਂ ਵੀ ਚਾਹੁੰਦਾਂ ਗੱਲ ਸਿਰੇ ਚੜ੍ਹ ਜਾਵੇ...!"

ਮਧੂਕਾਂਤ ਇਕ ਵਾਰ ਫੇਰ ਸੋਚੀਂ ਪੈ ਗਿਆ...ਸੋਚਦਿਆਂ ਸੋਚਦਿਆਂ ਉਹਦੇ ਚਿਹਰੇ ਦੀ ਰੌਣਕ ਫਿਰ ਪਰਤ ਆਈ...। "ਠੀਕ ਐ ਫਿਰ, ਆਪਾਂ ਅੱਜ ਈ ਦੇਖਦੇ ਹਾਂ.." ਕਹਿ ਕੇ ਉਹ ਇਕ ਵਾਰ ਫੇਰ ਚੁੱਪ ਕਰ ਗਿਆ।

"ਕੀ ਦੇਖਦੇ ਹਾਂ ਅੱਜ...ਕੁਝ ਮੈਂ ਵੀ ਸੁਣਾਂ..!"

"ਤੂੰ ਜੋ ਸੁਣਨੈ..ਇਕੋ ਵਾਰੀ ਸੁਣ ਲਈਂ..!"

"ਫੇਰ ਵੀ..?"

"ਆਪਾਂ ਇਸ ਵਿਸ਼ੇ ਉੱਪਰ ਬਾਅਦ ਵਿਚ ਨਾ ਗੱਲ ਕਰੀਏ...ਤੁਸੀਂ ਵੀ ਸੋਚ ਦੀ ਆਪਣੀ ਬੈਟਰੀ ਹਾਲ ਦੀ ਘੜੀ ਬੰਦ ਕਰ ਦਿਓ...ਉਸ ਦੀ ਊਰਜਾ ਬਣੀ ਰਹੇਗੀ...ਤੇ ਕੋਈ ਚੰਗੀ ਗੱਲ ਵੀ ਤਾਂ ਸੁੱਝ ਸਕਦੀ ਹੈ। ਐਵੇਂ ਬੈਟਰੀ ਚਾਰਜ ਰੱਖਣ ਦਾ ਕੀ ਲਾਭ...!" ਮਧੁਕਾਂਤ ਦੀ ਦਾਨੀ-ਸਿਆਣੀ ਗੱਲ ਦਾ ਮੰਨਤ ਉੱਪਰ ਬਹੁਤਾ ਅਸਰ ਭਾਵੇਂ ਨਾ ਹੋਇਆ ਹੋਵੇ...ਪਰ ਉਸ ਸਮੇਂ ਉਸ ਨੇ ਬਹੁਤੀ ਚੂੰ ਚਾਂ ਨਹੀਂ ਕੀਤੀ। ਉਹ ਜਿੱਦਾਂ ਆਈ ਸੀ, ਉਦਾਂ ਈ ਚੁੱਪ ਕੀਤੀ ਮਧੁਕਾਂਤ ਦੇ ਪਿੱਛੇ-ਪਿੱਛੇ ਤੁਰਦੀ ਚਲੀ ਗਈ।

----0---

ਜੰਨਤ ਅਤੇ ਮੰਨਤ। ਮਧੁਕਾਂਤ ਦੇ ਜੀਵਨ ਵਿਚ ਲਗਪਗ ਇਕੋ ਸਮੇਂ ਆਈਆਂ ਸਨ। ਇਕ ਤੁਨਕ ਮਿਜਾਜ਼, ਹਉਮੇ ਨਾਲ ਗ੍ਰਸੀ ਤੇ ਮੂਡੀ ਕਿਸਮ ਦੀ ਸੀ। ਦੂਜੀ ਹਰ ਵੇਲੇ ਹੱਸਦੀ ਰਹਿਣ ਵਾਲੀ, ਮਿਲਨਸਾਰ ਤੇ ਖੁਲ੍ਹੇ ਦਿਮਾਗ ਦੀ ਮਾਲਕ। ਨੇੜਤਾ ਬਹੁਤ ਪੁਰਾਣੀ ਨਹੀਂ ਸੀ। ਪਹਿਲੀ ਨਾਲ ਕਦੇ ਕਦਾਈਂ ਹਾਏ ਹੈਲੋ ਹੋ ਜਾਂਦੀ। ਦੂਜੀ ਨਾਲ ਘੁਲਣ-ਮਿਲਣ ਵਿਚ ਦੇਰ ਨਹੀਂ ਲੱਗੀ। ਜੰਨਤ ਖਰਵ੍ਹੇ ਸੁਭਾਅ ਦੀ ਤੇ ਮੰਨਤ ਮਿੱਠ ਬੋਲੜੀ। ਮਧੁਕਾਂਤ ਜੰਨਤ ਵੱਲ ਖਿਚਿਆ ਗਿਆ। ਇਹ ਆਪਣੇ ਆਪ ਵਿਚ ਅਸਚਰਜ ਸੀ। ਦੋਹਾਂ ਦੇ ਸੁਭਾਅ...ਦੋਹਾਂ ਦੀਆਂ ਆਦਤਾਂ...ਦੋਹਾਂ ਦੇ ਰਹਿਣ-ਸਹਿਣ...ਦੋਹਾਂ ਦੀ ਪਸੰਦ-ਨਾ ਪਸੰਦ ਦਾ ਕਿਤੇ ਕੋਈ ਮੇਲ ਨਹੀਂ। ਪਤਾ ਨਹੀਂ ਕਿਉਂ ਜੰਨਤ ਉਹਦੇ ਦਿਲ ਦੀ ਕਿਸੇ ਨੁੱਕਰ ਵਿਚ ਬਹਿ ਗਈ ਸੀ। ਘਰ ਦਿਆਂ ਦੀ ਵੀ ਪਹਿਲੀ ਪਸੰਦ ਜੰਨਤ ਹੀ ਸੀ।

ਜੰਨਤ ਅਫਸਰ ਬਣ ਗਈ। ਮਧੁਕਾਂਤ ਖੁਸ਼ ਸੀ। ਹੁਣ ਉਹ ਜੰਨਤ ਨੂੰ ਮਿਲਦਾ ਰਹੇਗਾ...ਉਹਦੇ ਨਾਲ ਗੱਲਾਂ ਕਰਿਆ ਕਰੇਗਾ। ਉਹਦੀ ਨੇੜਤਾ ਦਾ ਲਾਭ ਉਠਾਏਗਾ। ਕਹਿੰਦੇ ਨੇ ਬੰਦਾ ਸੋਚਦਾ ਕੁਝ ਹੈ ਤੇ ਹੁੰਦਾ ਕੁਝ ਹੋਰ ਹੈ। ਜੰਨਤ ਨੇ ਕੁਰਸੀ ਸੰਭਾਲਣ ਦੇ ਪਹਿਲੇ ਦਿਨ ਹੀ ਮਧੁਕਾਂਤ ਨੂੰ ਪਰ੍ਹੇ ਪਰ੍ਹੇ ਰਹਿਣ ਦੇ ਸੰਕੇਤ ਦੇ ਦਿੱਤੇ। ਉਹ ਜੰਨਤ ਨਹੀਂ...ਮੈਡਮ ਹੈ...ਉਸ ਆਪਣੇ ਕੋਝੇ ਵਤੀਰੇ ਨਾਲ ਇਹ ਵੀ ਜਤਾ ਦਿੱਤਾ। ਏਨਾ ਸਭ ਹੋਣ 'ਤੇ ਵੀ ਘਰ ਦਿਆਂ ਦੀ ਪਹਿਲੀ ਪਸੰਦ ਜੰਨਤ ਬਣੀ ਰਹੀ।

----0---

ਜਨੰਤ ਉਹਦੀ ਬਾਸ ਮੈਡਮ ਬਣ ਚੁੱਕੀ ਸੀ। ਏਨੀ ਨਿੱਕੀ ਜਿਹੀ ਗੱਲ ਮਧੁਕਾਂਤ ਨੂੰ ਸਮਝ ਨਹੀਂ ਆਈ ਜਾਂ ਇੰਜ ਕਹਿ ਲਵੋ, ਉਹ ਸਮਝਣਾ ਹੀ ਨਹੀਂ ਚਾਹੁੰਦਾ ਸੀ। ਪਰ ਕਿੰਨੀ ਦੇਰ...? ਉਹ ਆਪਣੀ ਰਾਹੇ ਤੁਰਦਾ ਮੈਡਮ ਦੇ ਕੁਰੱਖਤ ਵਤੀਰੇ ਦੀ ਕੰਨੀ ਉਧੇੜਣ ਲੱਗਾ। ਮੰਨਤ ਜੋ ਕਹਿੰਦੀ ਏ, ਗਲਤ ਤਾਂ ਉੱਕਾ ਈ ਨਹੀਂ ਕਹਿੰਦੀ...ਆਖ਼ਰ ਕੁਝ ਤਾਂ ਹੈ...ਸਾਡੇ ਦੋਹਾਂ ਵਿਚਕਾਰ ਨੇੜਤਾ ਨਹੀਂ ਬਣੀ...ਵਖਰੇਵੇਂ ਵੱਧ ਰਹੇ ਨੇ। ਮੈਡਮ ਹਾਸ਼ੀਏ ਦੇ ਉਸ ਪਾਰ ਸੀ। ਉਹ ਚਾਹੇ

ਵੀ ਤਾਂ ਨਹੀਂ ਮਿਲ ਸਕਦਾ। ਪਰ ਮੰਨਤ ਹਾਸ਼ੀਏ ਦੇ ਇਸ ਪਾਰ ਬਾਹਾਂ ਫੈਲਾਈ ਉਹਦਾ ਇੰਤਜਾਰ ਕਰ ਰਹੀ ਸੀ। ਮੈਡਮ ਦੀ ਦਫਤਰ ਵਿਚ ਆਮਦ ਮਗਰੋਂ ਹੋਈਆਂ ਘਟਨਾਵਾਂ ਦੀ ਰੀਲ ਬਦੋ ਬਦੀ ਚੱਲਣ ਲੱਗ ਪਈ।

----0---

"ਮਿਸਟਰ ਮਧੂਕਾਂਤ..!"

"ਯਸ ਮੈਡਮ...!" ਮਧੂਕਾਂਤ ਨੇ ਦਫਤਰ ਦੀ ਫਾਈਲ ਤੋਂ ਧਿਆਨ ਹਟਾ ਉੱਪਰ ਦੇਖਿਆ। ਜੰਨਤ ਉਹਦੀ ਟੇਬਲ ਕੋਲ ਖਲੋਤੀ ਸੀ। ਉਹ ਆਦਰ ਵੱਜੋਂ ਉਠ ਖਲੋਤਾ।

"ਤੁਸੀਂ ਜੋ ਕਰ ਰਹੇ ਹੋ, ਉਹ ਜਰੂਰੀ ਏ, ਪਰ ਇਹ ਕੰਮ ਉਸ ਤੋਂ ਵੀ ਵੱਧ ਅਰਜੈਂਟ ਹੈ...ਪਹਿਲਾਂ ਇਹ ਕਰ ਲਵੋ।" ਸਾਹਮਣੇ ਖਲੋਤੀ ਮੈਡਮ ਜੰਨਤ ਕਹਿ ਰਹੀ ਸੀ। ਉਸ ਨਵੇਂ ਕੰਮ ਦੀ ਫਾਈਲ ਮਧੂਕਾਂਤ ਨੂੰ ਫੜਾਈ ਤੇ ਇਹ ਕਹਿੰਦੀ ਆਪਣੇ ਕੈਬਿਨ ਵੱਲ ਤੁਰ ਪਈ, "ਤੁਸੀਂ ਇਹਨੂੰ ਦੇਖ ਲਓ...ਲੰਚ ਬਰੇਕ ਤੋਂ ਬਾਅਦ ਇਸ ਉੱਪਰ ਵਿਚਾਰ ਕਰਦੇ ਹਾਂ..!"

"ਓ. ਕੇ ਮੈਡਮ..!" ਮਧੂਕਾਂਤ ਦਫਤਰ ਦਾ ਪੁਰਾਣਾ ਮੁਲਾਜ਼ਮ ਸੀ ਤੇ ਜੰਨਤ ਮੈਡਮ ਨੇ ਅੱਜੇ ਪਿੱਛੇ ਜਿਹੇ ਇਸ ਦਫਤਰ ਵਿਚ ਸੈਕਸ਼ਨ ਇੰਚਾਰਜ ਵੱਜੋਂ ਜੁਆਇਨ ਕੀਤਾ ਸੀ। ਰੁਤਬੇ ਦੀ ਅਸਮਾਨਤਾ ਸੀ, ਹਾਏ ਹੈਲੋ ਕੀਤੇ ਬਿਨਾ ਗੱਲਬਾਤ ਹੋਈ ਤੇ ਕੰਮ ਦੀ ਗੱਲ ਹੋ ਜਾਣ ਮਗਰੋਂ ਖ਼ਤਮ ਵੀ ਹੋ ਗਈ।

----0---

ਮਧੂਕਾਂਤ ਲੰਚ ਬਰੇਕ ਮਗਰੋਂ ਮੈਡਮ ਦੇ ਕੈਬਨ ਵਿਚ ਗਿਆ। ਮੈਡਮ ਨੇ ਉਸ ਨੂੰ ਦੇਖ ਨਾ ਬੈਠਣ ਲਈ ਕਿਹਾ ਤੇ ਨਾ ਕੁਝ ਕਿਹਾ। ਉਹ ਪਹਿਲਾਂ ਵਾਂਗ ਆਪਣੇ ਸਾਹਮਣੇ ਪਏ ਕਾਗਜਾਂ ਨਾਲ ਉਲਝੀ ਰਹੀ। ਇਸੇ ਦੌਰਾਨ ਬਾਹਰੋਂ ਆਈ ਇਕ-ਅੱਧ ਕਾਲ ਵੀ ਸੁਣੀ। ਮਧੂਕਾਂਤ ਸਾਹਮਣੇ ਖਲੋਤਾ ਸੋਚਦਾ ਰਿਹਾ, 'ਮੈਡਮ ਹੁਣ ਗੱਲ ਕਰੇਗੀ, ਆਖ਼ਰ ਉਹਨੇ ਆਪ ਸੱਦਿਐ, ਨਵੇਂ ਪ੍ਰਾਜੈਕਟ ਬਾਰੇ ਜਰੂਰੀ ਗੱਲ ਕਰਨ ਲਈ। ਉਹ ਕਿਹੜਾ ਉਹਨੂੰ ਮਿਲਣ ਜਾਂ ਦੇਖਣ ਆਇਐ, ਉਹ ਤਾਂ ਸਗੋਂ ਆਪਣੀ ਡਿਊਟੀ ਦੇ ਰਿਹੈ। ਉਹ ਇਨ੍ਹਾਂ ਸੋਚਾਂ ਵਿਚ ਘਿਰਿਆ ਉਥੇ ਖਲੋਤਾ ਰਿਹਾ। ਮੈਡਮ ਨੂੰ ਖਬਰੇ ਉਹਦਾ ਉਥੇ ਖਲੋਤੇ ਰਹਿਣਾ ਚੰਗਾ ਨਹੀਂ ਲੱਗਾ ਹੋਵੇਗਾ ਇਸ ਲਈ ਉਸ ਸਖ਼ਤ ਲਹਿਜੇ ਵਿਚ ਕਿਹਾ, "ਯਸ...!"

"ਮੈਡਮ ਤੁਸਾਂ ਇਸ ਪ੍ਰਾਜੈਕਟ ਬਾਰੇ ਗੱਲ ਕਰਨ ਲਈ ਸੱਦਿਆ ਸੀ...!" ਮਧੁਕਾਂਤ ਨੇ ਬੜੀ ਨਿਮਰਤਾ ਨਾਲ ਕਿਹਾ।

"ਕਿਹੜਾ ਪ੍ਰਾਜੈਕਟ...?"

"ਜੀ ਏਸ ਪ੍ਰਾਜੈਕਟ ਬਾਰੇ..!" ਇਹ ਕਹਿੰਦਿਆਂ ਮਧੁਕਾਂਤ ਨੇ ਆਪਣੇ ਹੱਥ ਵਿਚ ਫੜੀ ਉਹ ਫਾਈਲ ਅੱਗੇ ਵਧਾ ਦਿੱਤੀ ਜਿਹੜੀ ਸਵੇਰ ਸਮੇਂ ਖੁਦ ਮੈਡਮ ਨੇ ਉਹਦੀ ਸੀਟ 'ਤੇ ਆ ਕੇ ਖੁਦ ਉਹਨੂੰ ਦਿੱਤੀ ਸੀ।

"ਓਹ..." ਮੈਡਮ ਨੇ ਫਾਈਲ ਉਹਦੇ ਹੱਥੋਂ ਫੜ ਲਈ ਤੇ ਫਾਈਲ ਅੰਦਰਲੇ ਕਾਗਜਾਂ ਉੱਪਰ ਨਜ਼ਰ ਦੁੜ੍ਹਾਉਣ ਲੱਗੀ। "ਠੀਕ ਏ, ਮੈਂ ਦੇਖ ਲਵਾਂਗੀ, ਤੁਸੀਂ ਜਾ ਸਕਦੇ ਹੋ..!" ਤੇ ਉਹ ਨਿੰਮੋਝੂਣਾ ਹੋ ਕੇ ਮੈਡਮ ਦੇ ਕਮਰੇ ਵਿਚੋਂ ਬਾਹਰ ਨਿਕਲ ਗਿਆ ਸੀ। ਉਹ ਆਪਣੀ ਸੀਟ 'ਤੇ ਬਹਿ ਤਾਂ ਗਿਆ ਪਰ ਉਹਦਾ ਮਨ ਕੰਮ ਕਰਨ ਵਿਚ ਨਾ ਲੱਗਾ। ਮੈਡਮ ਦੇ ਰੁੱਖੇ ਵਰਤਾਅ ਨੇ ਕਿਤੇ ਨਾ ਕਿਤੇ ਉਹਦੇ ਸਵੈਮਾਣ 'ਤੇ ਸੱਟ ਮਾਰੀ ਸੀ। ਉਹ ਅਪਮਾਨਤ ਮਹਿਸੂਸ ਕਰ ਰਿਹਾ ਸੀ... 'ਆਖ਼ਰ ਇਹ ਲੋਕ ਆਪਣੇ ਆਪ ਨੂੰ ਸਮਝਦੇ ਕੀ ਨੇ...ਜੇ ਇਹ ਅਫਸਰ ਨੇ ਤਾਂ ਅਸੀਂ ਕਿਹੜਾ ਮੰਗ ਖਾਣੇ ਹਾਂ। ਆਪਣਾ ਕੰਮ ਕਰੀਦਾ...ਈਮਾਨਦਾਰੀ ਨਾਲ ਕਰੀਦਾ...ਹੱਡ ਭੰਨਵੀਂ ਮਿਹਨਤ ਕਰਦੇ ਹਾਂ...ਕਿਸੇ ਦਾ ਦਿੱਤਾ ਤਾਂ ਨਹੀਂ ਖਾਂਦੇ..' ਇਹੋ ਜਿਹੀਆਂ ਸੋਚਾਂ ਦੇ ਭੰਵਰ ਵਿਚ ਫਸਿਆ ਮਧੁਕਾਂਤ ਕਿੰਨੀ ਦੇਰ ਅੰਦਰੋ ਅੰਦਰੀ ਕੁੜ੍ਹਦਾ ਰਿਹਾ। ਪਰ ਰੁਟੀਨ ਦੇ ਕੰਮ ਤਾਂ

ਕਰਨੇ ਹੀ ਪੈਣੇ ਸਨ...ਉਹਨਾਂ ਨੂੰ ਕੀਤੇ ਬਿਨਾਂ ਸਰਦਾ ਵੀ ਨਹੀਂ ਸੀ...ਇਸ ਲਈ ਉਹ ਮਨ ਮਾਰ ਕੇ ਆਪਣੇ ਸਾਹਮਣੇ ਪਏ ਕਾਗਜਾਂ ਵੱਲ ਦੇਖਣ ਲੱਗਾ।

"ਉਹ ਆਈ ਤੇ ਗੱਲ ਕਰਕੇ ਚਲੀ ਗਈ....ਤੂੰ ਕਿਉਂ ਔਖਾ ਹੁੰਦਾਂ..?"

"ਉਸ ਮੈਥੋਂ ਹੱਥਲਾ ਕੰਮ ਛੁੜਾ ਦਿੱਤਾ..ਕੋਈ ਨਵਾਂ ਕੰਮ ਕਰਨ ਲਈ ਕਿਹਾ ਤੇ ਉਹਦੀ ਫਾਈਲ ਵੀ ਫੜਾ ਦਿੱਤੀ। ਲੰਚ ਦੀ ਛੁੱਟੀ ਤੋਂ ਬਾਅਦ ਮਿਲਣ ਦੀ ਹਿਦਾਇਤ ਦੇ ਕੇ ਉਹ ਆਪਣੇ ਕੈਬਿਨ ਵਿਚ ਚਲੀ ਗਈ...।"

"ਥੋੜ੍ਹੀ ਦੇਰ ਬਾਅਦ ਆਓ...!" ਮੈਡਮ ਨੇ ਹਿਦਾਇਤ ਦਿੱਤੀ ਤੇ ਇਕ ਵਾਰ ਫੇਰ ਆਪਣੇ ਕੰਮ ਵਿਚ ਰੁੱਝ ਗਈ।

"ਫੇਰ...?"

"ਥੋੜ੍ਹੀ ਦੇਰ ਬਾਅਦ ਇਕ ਵਾਰ ਫੇਰ ਮੈਂ ਉਹਦੇ ਕੈਬਨ ਵਿਚ ਗਿਆ। ਉਸ ਨਾ ਬੈਠਣ ਲਈ ਕਿਹਾ ਤੇ ਨਾ ਮੇਰੇ ਵੱਲ ਦੇਖਿਆ...ਮੈਂ ਬਸ਼ਰਮ ਬਣੀ ਉਥੇ ਖਲੋਤਾ ਰਿਹਾ....।"

"ਮੈਨੂੰ ਉਥੇ ਖਲੋਤਿਆਂ ਚੋਖਾ ਸਮਾਂ ਹੋ ਗਿਆ ਸੀ। ਪਤਾ ਨਹੀਂ ਉਹਨੂੰ ਮੇਰੀ ਮੌਜੂਦਗੀ ਦਾ ਅਹਿਸਾਸ ਹੋਇਆ ਜਾਂ ਉਂਜ ਈ ਕੋਈ ਗੱਲ ਚੇਤੇ ਆ ਗਈ ਹੋਉ, ਉਸ ਸਿਰ ਉੱਪਰ ਚੁੱਕਿਆ। ਉਹ ਮੇਰੇ ਵੱਲ ਕਹਿਰ ਭਰੀਆਂ ਨਜ਼ਰਾਂ ਨਾਲ ਦੇਖ ਰਹੀ ਸੀ। ਇਸ ਤੋਂ ਪਹਿਲਾਂ ਕਿ ਮੈਂ ਕੁਝ ਕਹਿੰਦਾ, ਉਸ ਦੇ ਕੌੜੇ ਕੁਸੈਲੇ ਬੋਲ ਸੁਣਨੇ ਪੈ ਗਏ:

"ਐਨੀ ਪ੍ਰਾਬਲਮ...?"

"ਜੀ ਪ੍ਰਾਬਲਮ ਤਾਂ ਕੋਈ ਨਹੀਂ...ਤੁਸਾਂ ਥੋੜ੍ਹੀ ਦੇਰ ਬਾਅਦ ਆਉਣ ਲਈ ਕਿਹਾ ਸੀ।" ਮੈਂ ਬੜੀ ਅਧੀਨਗੀ ਨਾਲ ਜਵਾਬ ਦਿੱਤਾ।

"ਤੁਹਾਨੂੰ ਦਿਸਦਾ ਨਹੀਂ, ਮੈਂ ਕੋਈ ਕੰਮ ਕਰ ਰਹੀ ਹਾਂ। ਏਨੀ ਤਮੀਜ ਤਾਂ ਹੋਣੀ ਚਾਹੀਦੀ ਹੈ...ਤੁਸੀਂ ਸਿਆਣੇ-ਬਿਆਣੇ ਹੋ...ਕਦੇ ਕਦੇ ਅਕਲ ਤੋਂ ਕੰਮ ਲੈ ਲਈਦੈ।"

"ਮੈਡਮ ਤੁਸੀਂ ਕਿਹਾ ਸੀ ਇਸ ਲਈ.." ਮੈਂ ਕਹਿਣਾ ਚਾਹਿਆ ਪਰ ਮੇਰੀ ਗੱਲ ਪੂਰੀ ਹੋਣ ਤੋਂ ਪਹਿਲਾਂ ਹੀ ਉਹ ਕੜਕ ਪਈ, "ਓ ਸ਼ਟ ਅੱਪ, ਗੋ ਨਾਓ, ਆਈ ਸੇ ਗੈਟ ਆਉਟ..! ਇਹ ਬੂਥੀ ਕਲ੍ਹ ਸਵੇਰੇ ਦਿਖਾਈਓ..!" ਮੈਂ ਰੋਣਹਾਕਾ ਹੋ ਕੇ ਬਾਹਰ ਆ ਗਿਆ।

"ਤੁਸੀਂ ਦਫਤਰ ਦੇ ਸੀਨੀਅਰ ਮੁਲਾਜਮ ਹੋ...ਉਮਰ ਵਿਚ ਵੀ ਉਸ ਤੋਂ ਵੱਡੇ ਹੋ...ਉਸ ਨੂੰ ਖਿਆਲ ਕਰਨਾ ਚਾਹੀਦਾ ਸੀ.........!" ਇਕ ਪੁਰਾਣੇ ਮੁਲਾਜ਼ਮ ਨੇ ਬਾਹਰ ਨਿਕਲਣ ਸਮੇਂ ਮੇਰੇ ਨਾਲ ਹਮਦਰਦੀ ਜਤਾਈ। ਉਸ ਮੈਡਮ ਹੱਥੋਂ ਹੁੰਦੀ ਕੁੱਤ ਖਾਣੀ ਦੇਖ ਵੀ ਲਈ ਸੀ ਤੇ ਸੁਣ ਵੀ ਲਈ ਸੀ।

----0---

"ਮੇਰਾ ਕੰਮ ਰੁਕ ਗਿਆ ਸੀ। ਇਸ ਲਈ ਦੂਜੇ ਦਿਨ ਸਵੇਰੇ ਮੈਡਮ ਪਾਸ ਜਾਣਾ ਜਾਂ ਇਉਂ ਕਹਿ ਲਓ, ਆਪਣੀ ਕੁੱਤਖਾਣੀ ਕਰਾਉਣੀ ਜਰੂਰੀ ਸੀ। ਮਨ ਨਹੀਂ ਮੰਨਦਾ ਸੀ ਪਰ ਜੇ ਦਫਤਰ ਦੀ ਨੌਕਰੀ ਕਰਨੀ ਹੈ ਤਾਂ...ਇਹ ਸੋਚ ਮਨ ਕਰੜਾ ਕਰਕੇ ਮੈਂ ਮੈਡਮ ਦੇ ਕੈਬਨ ਵਿਚ ਚਲਾ ਗਿਆ।"

"ਯਸ...?"

"ਮੈਡਮ ਤੁਸੀਂ ਕਲ੍ਹ ਇਕ ਪ੍ਰਾਜੈਕਟ ਦੀ ਗੱਲ ਕੀਤੀ ਸੀ...!"

"ਹਾਂ ਕੀਤੀ ਸੀ, ਫੇਰ...?"

"ਫੇਰ ਤਾਂ ਕੁਝ ਨਹੀਂ, !"

"ਜੇ ਕੁਝ ਨਹੀਂ ਤਾਂ ਐਥੇ ਖਲੋਤੇ ਕੀ ਕਰ ਰਹੇ ਹੋ...?" ਮੈਡਮ ਨੇ ਗੁੱਸੇ ਨਾਲ ਕਿਹਾ।

“ਜੀ, ਮੈਂ ਉਂਜ ਈ ਪੁੱਛਣ ਆਇਆ ਸੀ, ਉਹਦਾ ਕੀ ਕਰਨੈ..ਤੁਸੀਂ ਕੁਝ ਦਸਿਆ ਵੀ ਤਾਂ ਨਹੀਂ..।”

“ਉਹਦੀ ਕੋਈ ਲੋੜ ਨਹੀਂ...! ਹੋਰ ਕੋਈ ਗੱਲ ?”

“ਜੀ ਕੋਈ ਨਹੀਂ..!”

“ਯੂ ਕੈਨ ਗੋ ਨਾਓ..!”

“ਓ. ਕੇ ਮੈਡਮ..!” ਕਹਿ ਕੇ ਮੈਂ ਜਿੱਦਾਂ ਗਿਆ ਸੀ, ਉਦਾਂ ਬਾਹਰ ਆ ਗਿਆ।”

----0---

“ਮਿਸਟਰ...ਤੁਸੀਂ ਜੋ ਵੀ ਹੋ...ਇਹ ਕੀ ਕਰ ਰਹੇ ਹੋ..?” ਮੈਡਮ ਦੇ ਖਰ੍ਹਵੇ ਬੋਲ ਸੁਣ ਉਸ ਸਿਰ ਉੱਪਰ ਚੁੱਕਿਆ।

“ਆਪਣਾ ਕੰਮ ਕਰ ਰਿਹਾ ਹਾਂ...!” ਮਧੁਕਾਂਤ ਨੇ ਵੀ ਉਸੇ ਅੰਦਾਜ ਵਿਚ ਜਵਾਬ ਦਿੱਤਾ।

“ਵ੍ਹਟ ਨਾਉਨ ਸੈਂਸ...!”

“ਜੀ ਮੈਂ ਕੋਈ ਗਲਤ ਗੱਲ ਤਾਂ ਨਹੀਂ ਕੀਤੀ..!” ਉਸ ਦਾ ਸੁਰ ਵੀ ਤਿੱਖਾ ਸੀ।

“ਤੁਹਾਨੂੰ ਕਿਹਾ ਸੀ, ਤੁਸੀਂ ਇਹ ਕੰਮ ਨਹੀਂ ਕਰਨਾ, ਕਿਹਾ ਸੀ ਕਿ ਨਹੀਂ ਕਿਹਾ ਸੀ..!”

“ਹੋਰ ਕਿਹੜਾ ਕੰਮ ਕਰਨਾ ਹੈ, ਇਹ ਤਾਂ ਨਹੀਂ ਕਿਹਾ ਸੀ...!”

“ਤੁਹਾਨੂੰ ਭੁੱਲਣ ਦੀ ਬੀਮਾਰੀ ਵੀ ਹੈ...ਬਦਤਮੀਜ ਤਾਂ ਹੋ ਹੀ...!”

‘ਬਦਤਮੀਜੀ ਤਾਂ ਤੁਸੀਂ ਕਰਦੇ ਜਾ ਰਹੇ ਹੋ...ਕਈ ਸਾਲਾਂ ਤੋਂ ਇਹੋ ਕੰਮ ਕਰਦਾ ਆ ਰਿਹਾਂ।”

“ਪਤਾ ਨਹੀਂ ਕੀ ਕੜ੍ਹੀ ਘੋਲਦੇ ਰਹੇ ਹੋਵੋਗੇ...! ਮੈਂ ਬਦਤਮੀਜੀ ਬਰਦਾਸ਼ਤ ਨਹੀਂ ਕਰਾਂਗੀ...ਕੰਮ ਕਰਨਾ ਹੈ ਤਾਂ ਚੱਜ ਨਾਲ ਕਰੋ...ਨਹੀਂ ਤਾਂ ਕੋਈ ਜਰੂਰਤ ਨਹੀਂ ਕਲ੍ਹ ਨੂੰ ਇਥੇ ਆਉਣ ਦੀ...!”

“ਬਦਤਮੀਜੀ ਕਰਨ ਦਾ ਸਾਨੂੰ ਵੀ ਕੋਈ ਸ਼ੌਕ ਨਹੀਂ...ਕੰਮ ਲੈਣਾ ਹੈ ਤਾਂ ਬੰਦਿਆਂ ਵਾਂਗ ਲਵੋ...!” ਮਧੁਕਾਂਤ ਵੀ ਚੀਕ ਪਿਆ।

“ਓ ਯੂ ਸ਼ਟ ਅਪ...! ਮੈਂ ਦੇਖ ਲਵਾਂਗੀ ਤੁਹਾਨੂੰ...!” ਕਹਿੰਦੀ ਕਹਿੰਦੀ ਮੈਡਮ ਗੁੱਸੇ ਵਿਚ ਪੈਰ ਪਟਕਦੀ ਉਥੋਂ ਚਲੀ ਗਈ ਪਰ ਕੰਮ ਦੀ ਗੱਲ ਫਿਰ ਵੀ ਨਾ ਹੋਈ।

----0---

“ਮਧੂਕਾਂਤ ਜੀ, ਕੀ ਪਏ ਕਰਦੇ ਓ...?” ਇਨ੍ਹਾਂ ਬੋਲਾਂ ਨੇ ਉਹਦਾ ਧਿਆਨ ਭੰਗ ਕਰ ਦਿੱਤਾ। ਸਾਹਮਣੇ ਖਲੋਤੇ ਸੱਜਣ ਨੂੰ ਦੇਖ ਮਧੂਕਾਂਤ ਦੇ ਚਿਹਰੇ ਦਾ ਰੰਗ ਬਦਲ ਗਿਆ। ਕੁਝ ਪਲ ਪਹਿਲਾਂ ਦੀ ਬੇਚੈਨੀ ਪਤਾ ਨਹੀਂ ਕਿਹੜੇ ਵੇਲੇ ਉੱਡ ਪੁੱਡ ਗਈ। ਉਹਦਾ ਚਿਹਰਾ ਇਕ ਵਾਰ ਫੇਰ ਖਿੜ ਗਿਆ। ਸਾਹਮਣੀ ਕੁਰਸੀ ’ਤੇ ਬੈਠਾ ਸੱਜਣ ਇਸੇ ਦਫਤਰ ਦੇ ਦੂਜੇ ਸੈਕਸ਼ਨ ਵਿਚ ਕੰਮ ਕਰਦਾ ਉਸ ਦਾ ਸਹਿਕਰਮੀ ਸੀ। ਉਹਦਾ ਜਿਗਰੀ ਦੋਸਤ।

“ਆਹ ਚੰਨ ਮੌਕੇ ਸਿਰ ਚੜ੍ਹਿਐ...ਕਾਲੇ ਬੱਦਲਾਂ ਦਾ ਹਨੇਰਾ ਦੂਰ ਹੋ ਗਿਐ। ਦਿਲ ਮਚਲ ਉੱਠਿਐ...ਹੁਣ ਤਾਂ ਉਡਾਰੀ ਮਾਰਨ ਨੂੰ ਜੀਅ ਕਰਦੈ..ਦੱਸ ਕਿਧਰ ਚੱਲਣੈ...ਕੰਟੀਨ ਵਿਚ ਜਾਂ ਸਾਹਮਣੇ ਪਾਰਕ ਵਿਚ ਤੇ ਜੇ ਕਿਸੇ ਸਹੇਲੀ ਨੂੰ ਮਿਲਣ ਜਾਣੈ ਤਾਂ ਉਧਰ ਵੀ ਚਲ ਪੈਂਦੇ ਹਾਂ ?”

“ਨਾ ਜੇ ਮੈਂ ਸਹੇਲੀ ਨੂੰ ਮਿਲਣ ਜਾਣੈ ਤਾਂ ਤੈਨੂੰ ਨਾਲ ਲੈ ਕੇ ਜਾਵਾਂਗਾ...?”

“ਹਾਏ ਓਏ ਮਰ ਜਾਈਏ...ਚਲ ਉਹਦੇ ਕੋਲ ਨਾ ਲਿਜਾਈਂ...ਅਸੀਂ ਦੂਰੋ ਈ ਦਰਸ਼ਨ ਕਰ ਲਵਾਂਗੇ..!”

“ਪਹਿਲਾਂ ਕੋਈ ਸਹੇਲੀ ਬਣ ਤਾਂ ਜਾਵੇ...ਫੇਰ ਤੁਹਾਨੂੰ ਨੇੜਿਓਂ ਦਰਸ਼ਨ ਵੀ ਕਰਾ ਦਿਆਂਗੇ..!” ਦੋਵੇਂ ਮਿੱਤਰ ਹਸਦੇਹਸਦੇ ਕੈਂਟੀਨ ਵੱਲ ਤੁਰ ਪਏ।

“ਕੀ ਗੱਲ ਤੂੰ ਉਦਾਸ ਜਿਹਾ ਬੈਠਾ ਸੀ...ਦਫਤਰ ਵਿਚ ਕੁਝ ਹੋਇਆ ਤਾਂ ਨਹੀਂ..?”

“ਸ਼ਸ਼ਾਂਕ, ਮੈਂ ਉਦਾਸ ਤਾਂ ਨਹੀਂ ਪਰ ਦੁਖੀ ਜਰੂਰ ਸਾਂ..।”

“ਉਹ ਕਿਸ ਲਈ...!”

“ਦੇਖਿਆ ਜਾਵੇ ਤਾਂ ਗੱਲ ਕੋਈ ਹੈ ਵੀ ਨਹੀਂ ਤੇ ਹੈ ਵੀ...।”

“ਮਤਲਬ...?”

“ਚੰਗਾ ਭਲਾ ਬੰਦਾ ਹੁੰਦਾ...ਪਰ ਦੋ ਮਿੱਠੇ ਬੋਲ ਬੋਲਣ ਲੱਗੇ ਪਤਾ ਨਹੀਂ ਕੀ ਘੱਟ ਜਾਂਦਾ...ਮਤਲਬ ਦੀ ਗੱਲ ਵੀ ਏਦਾਂ ਕਰਦੇ ਨੇ ਜਿਵੇਂ ਅਹਿਸਾਨ ਕਰਨਾ ਹੋਵੇ..!”

“ਹੋਇਆ ਕੀ..?”

“ਸਵੇਰੇ ਆਪਣੀ ਸੀਟ ’ਤੇ ਬੈਠਾ ਸਾਂ। ਕੰਮ ਵਿਚ ਖੁੱਭਾ ਹੋਇਆ ਸੀ। ਹੱਥਲਾ ਕੰਮ ਜਰੂਰੀ ਸੀ। ਅਚਨਚੇਤ ਨਵੀਂ ਬਣੀ ਸੈਕਸ਼ਨ ਇੰਚਾਰਜ ਆ ਪ੍ਰਗਟ ਹੋਈ..ਅੱਗੇ ਨਾ ਪਿੱਛੇ...ਮੈਂ ਸੋਚਿਆ ਪਤਾ ਨਹੀਂ ਕੀ ਹੋਇਐ...।”

“ਸਿੱਧੀ ਤਰ੍ਹਾਂ ਕਿਉਂ ਨਹੀਂ ਕਹਿੰਦਾ ਜੰਨਤ ਆਈ ਸੀ...!”

“ਜੰਨਤ..?...ਸੱਚ ਪੁੱਛੇਂ ਤਾਂ ਉਹ ਜੰਨਤ ਕਦੇ ਹੈ ਹੀ ਨਹੀਂ ਸੀ...ਅਪਣੱਤ ਨਾਂਅ ਦੀ ਚੀਜ ਉਹਦੇ ਨੇੜੇ-ਤੇੜੇ ਵੀ ਨਹੀਂ ਢੁੱਕਦੀ...ਉਹਨੂੰ ਸੈਕਸ਼ਨ ਇੰਚਾਰਜ ਜਾਂ ਮੈਡਮ ਕਹਿਣਾ ਹੀ ਠੀਕ ਹੈ..” ਮਧੁਕਾਂਤ ਨੇ ਰੋਸੇ ਨਾਲ ਕਿਹਾ।

“ਮੰਦਾ ਤਾਂ ਨਹੀਂ ਬੋਲਿਆ...?”

“ਉਹ ਕਦੇ ਚੰਗਾ ਵੀ ਤਾਂ ਨਹੀਂ ਬੋਲਦੀ...!”

“ਕੁਝ ਗਲਤ ਤਾਂ ਨਹੀਂ ਹੋਇਐ...?”

“ਇਹ ਗੱਲ ਨਹੀਂ, ਪਰ ਉਸ ਦਾ ਅੰਦਾਜ ਗਲਤ ਜਰੂਰ ਸੀ।”

“ਚਲ ਹੋ ਜਾਂਦਾ ਹੈ...ਇਸ ਤਰ੍ਹਾਂ ...ਮਨ ਮੈਲਾ ਨਹੀਂ ਕਰੀਦਾ...!”

“ਮਨ ਮੈਲਾ ਤਾਂ ਬਦੋ ਬਦੀ ਹੋ ਜਾਂਦੈ...ਅਸੀਂ ਪੂਰੀ ਈਮਾਨਦਾਰੀ ਤੇ ਮਿਹਨਤ ਨਾਲ ਕੰਮ ਕਰਦੇ ਹਾਂ...ਕਦੇ ਕੋਈ ਉੱਚੀ ਨੀਵੀਂ ਗੱਲ ਨਹੀਂ ਹੋਈ...ਇਸ ਤੇ ਵੀ ਸਾਨੂੰ ਆਦਮੀ ਨਹੀਂ ਸਮਝਿਆ ਜਾਂਦਾ...!”

“ਚਲ ਛੱਡ ਪਰ੍ਹੇ ਤੈਂ ਕਿਹੜਾ ਕਿਸੇ ਤੋਂ ਸਰਟੀਫਿਕੇਟ ਲੈਣਾ..ਇਹੋ ਜਿਹੇ ਅਫਸਰ ਆਉਂਦੇ ਨੇ ਤੇ ਚਲੇ ਵੀ ਜਾਂਦੇ ਨੇ..ਤੁਹਾਡਾ ਪਹਿਲਾ ਸੈਕਸ਼ਨ ਅਫਸਰ ਕਿੰਨਾ ਚੰਗਾ ਸੀ।”

“ਉਸ ਜਿਹਾ ਕਿਸ ਨੇ ਹੋਣੈ...ਉਹਦੇ ਨਾਲ ਗੱਲ ਕਰਦਿਆਂ ਮਾਣ ਮਹਿਸੂਸ ਕਰੀਦਾ ਸੀ...ਚੰਗੀ ਤਰ੍ਹਾਂ ਨਿਮਰਤਾ ਨਾਲ ਗੱਲ ਕਰਦਾ ਸੀ। ਇੱਜਤ ਦਿੰਦਾ ਸੀ ਤੇ ਇੱਜਤ ਲੈਂਦਾ ਸੀ..।”

“ਏਸ ਗੱਲੋਂ ਤਾਂ ਸਾਰੇ ਉਹਦੀ ਪ੍ਰਸ਼ੰਸਾ ਕਰਦੇ ਸਨ..।” ਸ਼ਸ਼ਾਂਕ ਨੇ ਕਿਹਾ।

“ਹੁਣ ਵੀ ਉਹਨੂੰ ਯਾਦ ਕਰੀਦਾ...।”

----0---

ਦੇਰ ਆਣਦ ਦਰੁਸਤ ਆਯਦ। ਮੈਡਮ ਤੇ ਉਹਦੇ ਰਸਤੇ ਵੱਖੋ ਵੱਖਰੇ ਹਨ। ਮਧੁਕਾਂਤ ਨੂੰ ਥੋੜ੍ਹੇ ਦਿਨਾਂ ਦੇ ਆਪਣੇ ਤਜਰਬੇ ਤੋਂ ਇਹ ਗੱਲ ਸਮਝ ਆ ਗਈ ਸੀ। ਮੰਨਤ ਦੇ ਇਹ ਬੋਲ ਅਚਨਚੇਤ ਉਹਦੇ ਕੰਨਾਂ ਵਿਚ ਗੂੰਜਣ ਲੱਗੇ, “ਜਿੱਥੇ ਆਪਸ ਵਿਚ ਕੋਈ ਮੇਲ ਨਾ ਹੋਵੇ, ਉਥੇ ਸੁਲਾਹ-ਸਫਾਈ ਦੀਆਂ ਕੋਸ਼ਿਸ਼ਾਂ ਰੰਗ ਨਹੀਂ ਲਿਆਉਂਦੀਆਂ। ਬੰਦੇ ਨੂੰ ਆਪਣੀ

ਇੱਜਤ ਤੇ ਸਵੈ ਮਾਣ ਦੀ ਰਾਖੀ ਲਈ ਲੋੜ ਪੈਣ 'ਤੇ ਲੜਾਈ ਦੇਣੀ ਚਾਹੀਦੀ ਹੈ। ਨਹਿਲੇ ਤੇ ਦਹਿਲਾ ਮਾਰਨ ਵਿਚ ਕੋਈ ਹਰਜ ਨਹੀਂ।"

"ਚਲ ਏਦਾਂ ਹੀ ਸਹੀ....!" ਉਹਦੇ ਮੂੰਹ ਵਿਚੋਂ ਆਪ ਮੁਹਾਰੇ ਨਿਕਲਿਆ। ਦੋਹਾਂ ਦੇ ਹਾਸ਼ੀਏ ਵੱਖ ਹਨ। ਇਹ ਗੱਲ ਉਹਨੂੰ ਚੰਗੀ ਤਰ੍ਹਾਂ ਸਮਝ ਆ ਗਈ ਸੀ। ਦੋਹਾਂ ਦੀ ਸੋਚ ਇਕ ਨਹੀਂ ਹੋ ਸਕਦੀ। ਏਦਾਂ ਹੀ ਸਹੀ। ਭੱਜਦਿਆਂ ਨੂੰ ਵਾਹਣ ਇਕੋ ਜਿਹਾ ਹੁੰਦਾ..। ਉਸ ਸੰਘਰਸ਼ ਕਰਨ ਦਾ ਮਨ ਬਣਾ ਲਿਆ। ਦਫਤਰ ਦੇ ਦੂਜੇ ਮੁਲਾਜ਼ਮ ਵੀ ਮੈਡਮ ਦੇ ਕੁਰੱਖ਼ਤ ਵਤੀਰੇ ਕਾਰਨ ਨਰਾਜ਼ ਸਨ। ਸ਼ਾਇਦ ਹੀ ਕੋਈ ਭਾਗਾਂ ਵਾਲਾ ਹੋਵੇਗਾ ਜਿਸ ਦੀ ਮੈਡਮ ਨੇ ਆਪਣੇ ਕੈਬਨ ਵਿਚ ਬੁਲਾ ਕੇ ਜਾਂ ਉਸ ਦੀ ਸੀਟ 'ਤੇ ਆ ਕੇ ਕੁੱਤਖਾਣੀ ਨਹੀਂ ਕੀਤੀ ਹੋਵੇਗੀ। ਅੰਦਰੋ ਅੰਦਰੀ ਸਾਰੇ ਪਹਿਲਾਂ ਹੀ ਬੜੇ ਔਖੇ ਸਨ।

ਕਹਿੰਦੇ ਨੇ ਇਕ ਇਕੱਲਾ ਤੇ ਦੋ ਗਿਆਰਾਂ। ਸਾਰਿਆਂ ਮਿਲ ਕੇ ਮੋਰਚਾ ਖੋਲ੍ਹ ਦਿੱਤਾ। ਮੈਡਮ ਦੇ ਖਿਲਾਫ ਉੱਚ ਅਧਿਕਾਰੀਆਂ ਨੂੰ ਮੈਮੋਰੰਡਮ ਦਿੱਤੇ ਗਏ...ਦੂਜੀ ਤਰ੍ਹਾਂ ਵੀ ਸ਼ਿਕਾਇਤਾਂ ਉੱਪਰ ਪੁਚਾਈਆਂ ਗਈਆਂ। ਹੈਡ ਆਫਿਸ ਵਲੋਂ ਪੂਰੇ ਮਾਮਲੇ ਦੀ ਪੜਤਾਲ ਕਰਨ ਲਈ ਜਾਂਚ ਕਮੇਟੀ ਭੇਜੀ ਗਈ। ਕਮੇਟੀ ਨੇ ਗਵਾਹੀਆਂ ਲਈਆਂ ਤੇ ਸਬੂਤ ਇਕੱਠੇ ਕੀਤੇ। ਜਦ ਰਿਪੋਰਟ ਪੇਸ਼ ਹੋਈ ਤਾਂ ਮੁਲਾਜ਼ਮਾਂ ਦਾ ਪੱਲੜਾ ਭਾਰੀ ਰਿਹਾ। ਮੈਡਮ ਦੇ ਤਬਾਦਲੇ ਦੇ ਹੁਕਮ ਜਾਰੀ ਹੋ ਗਏ।

----0---

"ਸੁਕਰੀਆ, ਮੰਨਤ ਤੇਰਾ ਬਹੁਤ ਬਹੁਤ ਸ਼ੁਕਰੀਆ...ਤੈਂ ਮੇਰੀਆਂ ਅੱਖਾਂ ਖੋਲ੍ਹੀਆਂ...ਮੈਨੂੰ ਮੇਰੇ ਹਾਸ਼ੀਏ ਦੀ ਸੋਝੀ ਕਰਾਈ...!" ਮਧੂਕਾਂਤ ਨੇ ਨਿਮਰਤਾ ਨਾਲ ਪਰ ਧੰਨਵਾਦੀ ਸੁਰ ਵਿਚ ਕਿਹਾ।

"ਮੈਂ ਕੁਝ ਨਹੀਂ ਕੀਤਾ। ਜੋ ਕੀਤਾ ਤੁਸਾਂ ਆਪ ਕੀਤਾ....!"

"ਜਾਹਰਾ ਤੌਰ 'ਤੇ...ਜੋ ਕੀਤਾ ਮੈਂ ਹੀ ਕੀਤਾ...ਪਰ ਕੁਝ ਵੀ ਕਰਨ ਲਈ ਬੰਦੇ ਪਾਸ ਇਕ ਖਾਸ ਦ੍ਰਿਸ਼ਟੀ ਦੀ ਲੋੜ ਹੁੰਦੀ ਹੈ, ਉਹ ਤੇਰੇ ਕੋਲ ਸੀ!"

"ਬੰਦੇ-ਬਦੇ ਦੀ ਗੱਲ ਹੁੰਦੀ ਐ...ਪਹਿਲਾ ਅਫਸਰ ਬਹੁਤ ਚੰਗਾ ਸੀ...ਤੇ ਇਹ ਉਸ ਤੋਂ ਉਲਟ..! ਭਾਵੇ ਤੁਸੀਂ ਉਹਨੂੰ ਜੰਨਤ ਦੇ ਰੂਪ ਵਿਚ ਦੇਖਦੇ ਸਾਓ ਪਰ ਇਸ ਨਾਲ ਕੀ ਹੁੰਦੈ...ਤੁਹਾਡੀ ਉਸ ਨਾਲ ਨਿਭਣੀ ਨਹੀਂ ਸੀ। ਵਧੀਕੀਆਂ ਸਹਿੰਦੇ ਰਹਿਣਾ ਵੀ ਤਾਂ ਠੀਕ ਨਹੀਂ। ਤੁਸਾਂ ਕਮਰ ਕੱਸੇ ਕਰ ਲਏ...ਨਤੀਜਾ ਸਾਹਮਣੇ ਹੈ..!: ਮੰਨਤ ਨੇ ਨਿਚੋੜ ਕਢ ਮਾਰਿਆ।

"....................!"

"ਤੁਹਾਡੇ ਹਾਸ਼ੀਏ ਇਕ ਨਹੀਂ ਸਨ...ਕਦੇ ਮਿਲਾਪ ਹੋ ਨਹੀਂ ਸਕਦਾ ਸੀ...ਇਹ ਗੱਲ ਪੱਕੀ ਆ।"

"ਤੇਰੇ ਮੇਰੇ ਹਾਸ਼ੀਏ ਤਾਂ ਵੱਖ ਵੱਖ ਨਹੀਂ...!" ਮਧੂਕਾਂਤ ਨੇ ਪੁੱਛਿਆ।

"ਮੈਨੂੰ ਤਾਂ ਨਹੀਂ ਲੱਗਦਾ...!" ਮੰਨਤ ਦਾ ਜਵਾਬ ਸੀ।

"ਫੇਰ ਮਾਲਕਾਂ ਦਾ ਕੀ ਇਰਾਦਾ ਏ...?"

"ਇਹ ਤੁਸੀਂ ਦੇਖੋ...!" ਮੰਨਤ ਨੇ ਦੋ ਟੂਕ ਜਵਾਬ ਦਿੱਤਾ।

"ਮੈਂ ਜੋ ਦੇਖਣਾ ਸਮਝਣਾ ਸੀ, ਦੇਖ ਸਮਝ ਲਿਆ..." ਮਧੂਕਾਂਤ ਦੇ ਬੋਲਾਂ ਵਿਚ ਦ੍ਰਿੜ੍ਹਤਾ ਸੀ।

"ਓ. ਕੇ. ਦੈਨ..!"

(05-01-2018)

09810628570 (ਫੋਨ)

I-263, karampura,

New Delhi-110015

## ਹਾਏ ਮੇਰਾ ਬੱਚਾ

ਅਸ਼ੋਕ ਵਾਸਿਸ਼ਠ

"ਮੇਰਾ ਬੱਚਾ...ਮੇਹਰਬਾਨੀ ਕਰਕੇ ਮੇਰੇ ਬੱਚੇ ਨੂੰ ਮਿਲਾ ਦਿਓ।"

ਸਕੂਲ ਦੇ ਪ੍ਰਿੰਸੀਪਲ ਸਾਹਮਣੇ ਹੱਥ ਜੋੜ ਅਰਜੋਈ ਕਰਦਾ ਨਵਨੀਤ ਕਹਿ ਰਿਹਾ ਸੀ। ਉਹ ਆਪਣੇ ਬੱਚੇ ਦਾ ਨਾਂਅ ਜਾਣਦਾ ਸੀ...ਉਹ ਕਿਹੜੀ ਕਲਾਸ ਵਿਚ ਪੜ੍ਹਦਾ ਹੈ, ਇਹ ਵੀ ਜਾਣਦਾ ਸੀ, ਪਰ...ਪਰ..।

"ਮਿਸਟਰ ਨਵਨੀਤ ਤੁਹਾਡੇ ਬੱਚੇ ਨੂੰ ਮਿਲਾਉਣ ਵਿਚ ਸਾਨੂੰ ਕੋਈ ਇਤਰਾਜ਼ ਨਹੀਂ। ਤੁਸੀਂ ਜਦੋਂ ਚਾਹੋ ਮਿਲ ਸਕਦੇ ਹੋ...ਪਰ ਤੁਹਾਨੂੰ ਉਹਦੀ ਪਛਾਣ ਤਾਂ ਹੋਵੇਗੀ।"

ਕੈਪਟਨ ਨਵਨੀਤ ਦੀ ਰੋਣ ਹਾਕੀ ਸ਼ਕਲ ਦੇਖ ਪ੍ਰਿੰਸੀਪਲ ਦਾ ਦਿਲ ਪਸੀਜ ਗਿਆ ਸੀ। ਉਹ ਉਹਦੀ ਸਹਾਇਤਾ ਕਰਨ ਲਈ ਤਤਪਰ ਤਾਂ ਸੀ , ਪਰ ਇਹ ਪਤਾ ਤਾਂ ਲੱਗੇ...ਉਹਦਾ ਬੱਚਾ ਕੌਣ ਏ। ਪ੍ਰਿੰਸੀਪਲ ਨੇ ਇਸ ਬਾਰੇ ਪਹਿਲੀ ਕਲਾਸ ਦੀ ਇੰਚਾਰਜ ਨਾਲ ਗੱਲ ਕੀਤੀ। ਕੈਪਟਨ ਨਵਨੀਤ ਨੇ ਆਪਣੇ ਬੱਚੇ ਦਾ ਜਿਹੜਾ ਨਾਂਅ ਦਸਿਆ ਉਸ ਬਾਰੇ ਪਤਾ ਕਰਨ ਲਈ ਕਿਹਾ ਗਿਆ।

"ਇਨ੍ਹਾਂ ਨੇ ਆਪਣੇ ਹੱਥ ਖੜੇ ਕਰ ਦਿੱਤੇ ਰਹੇ ਨੇ..." ਰੋਹ ਵਿਚ ਆਇਆ ਕੈਪਟਨ ਬੋਲ ਰਿਹਾ ਸੀ।

"ਸਰ ਹੱਥ ਖੜ੍ਹੇ ਕਰਨ ਵਾਲੀ ਕੋਈ ਗੱਲ ਨਹੀਂ...ਅਸੀਂ ਤੁਹਾਡਾ ਬੁਰਾ ਨਹੀਂ ਚਾਹੁੰਦੇ...ਤੁਸੀਂ ਹੀ ਦੱਸੋ..ਮੈਂ ਕੀ ਕਰਾਂ...?" ਕਲਾਸ ਆਪਣੀ ਥਾਂ ਸੱਚੀ ਸੀ।

"ਚਲ ਕੋਈ ਨਹੀਂ...ਇਨ੍ਹਾਂ ਦੀ ਤਸੱਲੀ ਲਈ...ਤੁਸੀਂ ਇਕ ਵਾਰ ਫੇਰ ਖੇਚਲ ਕਰ ਦਿਓ..ਪਲੀਜ਼..!" ਪ੍ਰਿਸੀਪਲ ਨੇ ਖਬਰੇ ਕੈਪਟਨ ਨੂੰ ਹੌਸਲਾ ਦੇਣ ਲਈ ਕਿਹਾ ਹੋਵੇ।

“ਤੁਹਾਡਾ ਕਹਿਣਾ ਸਿਰ ਮੱਥੇ...ਸਰ, ਮੇਰੀ ਕਲਾਸ ਵਿਚ ਇਸ ਨਾਂਅ ਦੇ ਚਾਰ ਬੱਚੇ ਹਨ। ਮੈਂ ਕੀਹਨੂੰ ਲੈ ਕੇ ਆਵਾਂ...?” ਇਹ ਕਲਾਸ ਇੰਚਾਰਜ ਦੀ ਬੇਬਸੀ ਬੋਲ ਰਹੀ ਸੀ।

“ਹੂੰ............!”

ਪ੍ਰਿੰਸੀਪਲ ਸੋਚੀਂ ਪੈ ਗਿਆ। ਉਸ ਨੇ ਇਕ ਵਾਰ ਫੇਰ ਨਵਨੀਤ ਵੱਲ ਦੇਖਿਆ। ਉਹਦੀਆਂ ਸਵਾਲੀਆ ਨਜ਼ਰਾਂ ਪੁੱਛ ਰਹੀਆਂ ਸਨ, “ਕੈਪਟਨ ਸਾਹਿਬ, ਦਸੋ ਮੈਂ ਕੀ ਕਰਾਂ। ਮੈਂ ਤੁਹਾਡੀਆਂ ਭਾਵਨਾਵਾਂ ਨੂੰ ਸਮਝਦਾ ਹਾਂ, ਪਰ ਬਿਨਾ ਪਛਾਣ ਦੇ ਤੁਹਾਡਾ ਬੱਚਾ ਕਿਵੇਂ ਮਿਲਾ ਦੇਵਾਂ।” ਉਸ ਨੇ ਕੁਝ ਦੇਰ ਹੋਰ ਸੋਚਿਆ। ਕੁਝ ਸੋਚ ਉਸ ਕਲਾਸ ਟੀਚਰ ਵੱਲ ਗਹਿਰੀ ਨਜ਼ਰ ਨਾਲ ਦੇਖਦਿਆਂ ਕਿਹਾ, “ਮੇਰੀ ਸਮਝ ਵਿਚ ਇਸ ਦਾ ਇਕ ਹੱਲ ਹੈ......!”

“ਉਹ ਕੀ...?”

“ਤੁਸੀਂ ਇਨ੍ਹਾਂ ਨੂੰ ਕਲਾਸ ਰੂਮ ਵਿਚ ਲੈ ਜਾਓ..ਇਹ ਆਪੇ ਪਛਾਣ ਲੈਣਗੇ...!”

“ਸਰ ਇਹ ਵੀ ਮੈਂ ਕਰ ਚੁੱਕੀ ਹਾਂ। ਇਹ ਖੁਦ ਕਲਾਸ ਰੂਮ ਵਿਚ ਗਏ ਸਨ। ਨਵੀਨ ਨਾਂਅ ਦੇ ਤਿੰਨੇ ਬੱਚਿਆਂ ਨਾਲ ਇਨ੍ਹਾਂ ਨੂੰ ਮਿਲਾਇਆ ਸੀ। ਇਨ੍ਹਾਂ ਪੁੱਛਗਿੱਛ ਵੀ ਕੀਤੀ ਸੀ, ਪਰ ਅਸਲ ਬੱਚੇ ਦਾ ਪਤਾ ਨਹੀਂ ਲੱਗਾ।“

ਕੈਪਟਨ ਨਵਨੀਤ ਪ੍ਰਿੰਸੀਪਲ ਤੇ ਕਲਾਸ ਟੀਚਰ ਦੀਆਂ ਗੱਲਾਂ ਸੁਣ ਸੁਣ ਕੇ ਦੁਖੀ ਹੋ ਰਿਹਾ ਸੀ। ਉਹ ਇਹ ਤਾਂ ਸਮਝਦਾ ਸੀ ਕਿ ਕਲਾਸ ਟੀਚਰ ਠੀਕ ਕਹਿ ਰਹੀ ਸੀ ਤੇ ਪ੍ਰਿੰਸੀਪਲ ਦਾ ਵਤੀਰਾ ਵੀ ਹਮਦਰਦੀ ਭਰਿਆ ਸੀ। ਦੋਹਾਂ ਵੱਲੋਂ ਕਿਸੇ ਤਰ੍ਹਾਂ ਦੀ ਕੋਈ ਅੜਿੱਚਣ ਨਹੀਂ ਸੀ। ਪਰ ਤਾਂ ਵੀ ਉਹਦਾ ਅੰਦਰ ਕੁਲ ਬੁਲ ਕਰ ਰਿਹਾ ਸੀ। ਉਹ ਅੰਦਰੋ ਅੰਦਰ ਤੜਪ ਰਿਹਾ ਸੀ। ਉਹ ਸੋਚ ਰਿਹਾ ਸੀ ਕਿ ਕੋਈ ਤਾਂ ਇਲਾਜ ਹੋਵੇਗਾ ਉਹਦੀ ਇਸ ਤੜਪ ਦਾ। ਉਸ ਇਕ ਵਾਰ ਫਿਰ ਪ੍ਰਿੰਸੀਪਲ ਵੱਲ ਸੱਧਰਾਈਆਂ ਨਜ਼ਰਾਂ ਨਾਲ ਦੇਖਿਆ। ਉਹਦੇ ਮੂੰਹੋਂ ਮੱਲੋ ਮੱਲੀ ਨਿਕਲਿਆ :

“ਮੇਰਾ ਬੱਚਾ...ਮਿਹਰਬਾਨੀ ਕਰਕੇ ਮੈਨੂੰ ਮੇਰੇ ਬੱਚੇ ਨਾਲ ਮਿਲਾ ਦਿਓ।” ਉਹਦੇ ਹੱਥ ਆਪ ਮੁਹਾਰੇ ਜੁੜ ਗਏ।

“ਕੈਪਟਨ ਸਾਹਿਬ, ਦੱਸੋ ਮੈਂ ਕੀ ਕਰ ਸਕਦਾ ਹਾਂ। ਤੁਸੀਂ ਆਪੇ ਦੱਸ ਦਿਓ ਜੋ ਕਰਨਾ ਚਾਹੀਦੈ...ਮੈਂ ਤੇ ਮੇਰਾ ਪੂਰਾ ਸਟਾਫ ਖੁਸ਼ੀ ਖੁਸ਼ੀ ਕਰ ਲਵਾਂਗੇ। ਤੁਹਾਡੀ ਖੁਸ਼ੀ ਤੋਂ ਵੱਧ ਸਾਨੂੰ ਹੋਰ ਨਹੀਂ ਕੁਝ ਚਾਹੀਦਾ। ਮੈਂ ਤੁਹਾਡੀਆਂ ਭਾਵਨਾਵਾਂ ਦੀ ਕਦਰ ਕਰਦਾ ਹਾਂ...ਸਾਨੂੰ ਆਪਣੀ ਬੇਬਸੀ ਉੱਪਰ ਗੁੱਸਾ ਵੀ ਆ ਰਿਹੈ। ਅਸੀਂ ਚਾਹੁੰਦੇ ਹਾਂ ਤੁਹਾਡਾ ਆਪਣੇ ਬੇਟੇ ਨਾਲ ਮੇਲ ਹੋਵੇ, ਦੱਸੋ ਇਸ ਤੋਂ ਚੰਗੀ ਗੱਲ ਸਾਡੇ ਲਈ ਹੋਰ ਕੀ ਹੋ ਸਕਦੀ ਹੈ..! ਜੇ ਇਹ ਪੁਨੀਤ ਕਾਰਜ ਇਥੇ ਤੇ ਉਹ ਵੀ ਸਾਥੋਂ ਹੋ ਜਾਵੇ ਤਾਂ ਸਾਨੂੰ ਬਹੁਤ ਖੁਸ਼ੀ ਹੋਵੇਗੀ।”

----0---

“ਮਿਸਟਰ ਨਵਨੀਤ...!”

“ਯਸ ਸਰ..!”

“ਤੁਹਾਡੇ ਲਈ ਇਕ ਖੁਸ਼ਖਬਰੀ ਹੈ..!” ਇੰਚਾਰਜ ਨੇ ਦਸਿਆ।

“ਜੀ..!”

“ਕੀ ਮੇਰੀ ਛੁੱਟੀ ਮਨਜੂਰ ਹੋ ਗਈ ਹੈ, ਸਰ..?”

“ਮੈਂ ਜਾਣਦਾ ਸੀ, ਤੁਹਾਡੇ ਲਈ ਸਭ ਤੋਂ ਵੱਡੀ ਖੁਸ਼ਖਬਰੀ ਇਹੋ ਹੀ ਹੋ ਸਕਦੀ ਹੈ!”

“ਜੀ ਸਰ..!”

“ਤੁਸੀਂ ਪਿਛਲੇ ਚਾਰ ਸਾਲਾਂ ਤੋਂ ਆਪਣੇ ਘਰ ਜਾ ਨਹੀਂ ਸਕੇ। ਤੁਹਾਡੇ ਪਿੱਛੋਂ ਘਰ ਵਿਚ ਖੁਸ਼ੀ ਆਈ। ਤੁਹਾਡੇ ਲਾਡਲੇ ਦਾ ਜਨਮ ਹੋਇਆ। ਅਫਸੋਸ ਤੁਸੀਂ ਚਾਹ ਕੇ ਵੀ ਇਹੋ ਜਿਹੀ ਸੁਭਾਗੀ ਘੜੀ ਨਹੀਂ ਦੇਖੀ। ਆਪਣੇ ਲਾਡਲੇ

ਦੀਆਂ ਕਿਲਕਾਰੀਆਂ ਨਹੀਂ ਸੁਣੀਆਂ। ਉਸ ਨੂੰ ਆਪਣੀ ਗੋਦੀ ਵਿਚ ਨਹੀਂ ਖਿਡਾਇਆ। ਜੋ ਕੁਝ ਵੀ ਪਤਾ ਲੱਗਾ ਘਰੋਂ ਆਏ ਪੱਤਰਾਂ ਰਾਹੀਂ ਪਤਾ ਲੱਗਾ। ਅਸੀਂ ਕਰਦੇ ਵੀ ਤਾਂ ਕੀ ਕਰਦੇ। ਸਾਡੀ ਦਿਲੀ ਹਮਦਰਦੀ ਤੁਹਾਡੇ ਨਾਲ ਰਹੀ ਏ...ਸਾਡੀ ਤਾਂ ਇਹੋਂ ਤਾਂਘ ਸੀ ਕਿ ਤੁਸੀਂ ਛੇਤੀ ਤੋਂ ਛੇਤੀ ਆਪਣੇ ਘਰ ਜਾਓ...ਪਰਿਵਾਰ ਨਾਲ ਆਪਣੀਆਂ ਖੁਸ਼ੀਆਂ ਸਾਂਝੀਆਂ ਕਰੋ..ਕੁਝ ਦਿਨ ਆਪਣੇ ਲਾਡਲੇ ਪਾਸ ਬਹਿ ਕੇ ਬਿਤਾਓ...ਪਤਨੀ ਨੂੰ ਮਿਲੋ..ਮਾਂ ਨੂੰ ਮਿਲੋ...ਘਰ ਦੇ ਦੂਜੇ ਜੀਆਂ ਨਾਲ ਦਿਲ ਦੀਆਂ ਗੱਲਾਂ ਸਾਂਝੀਆਂ ਕਰੋ...ਕਹਿੰਦੇ ਨੇ ਜੋ ਹੁੰਦੈ ਠੀਕ ਈ ਹੁੰਦੈ...ਮੈਂ ਇਹ ਤਾਂ ਨਹੀਂ ਕਹਿੰਦਾ ਇਹ ਸਭ ਠੀਕ ਹੋਇਐ...ਨਹੀਂ ਮੈਂ ਇਹ ਕਹਿ ਵੀ ਨਹੀਂ ਸਕਦਾ। ਕਿੱਦਾਂ ਕਹਿ ਸਕਦਾਂ ਮੈਂ..? ਮੈਂ ਵੀ ਤਾਂ ਇਕ ਪਿਓ ਹਾਂ...ਮੈਂ ਵੀ ਤਾਂ ਇਕ ਪਤੀ ਹਾਂ...ਇਕ ਭਰਾ ਹਾਂ..ਇਕ ਪੁੱਤਰ ਹਾਂ...! ਚਲੋ, ਜੋ ਹੋਇਆ ਖਬਰੇ ਉਹਦੇ ਵਿਚ ਈ ਕੋਈ ਭਲਾ ਛਿਪਿਆ ਹੋਉ। ਬਈ ਰੱਬ ਦੀਆਂ ਗੱਲਾਂ ਰੱਬ ਈ ਜਾਣੇ...ਸਾਡੇ ਤਾਂ ਅਟਕਲ ਪਚੂ ਹੀ ਆ...।"

"ਸਰ, ਜੇ ਮੇਰੇ ਇਕੱਲੇ ਕਾਰੇ ਦਾ ਮਸਲਾ ਹੋਵੇ ਤਾਂ ਕਿਹਾ ਜਾ ਸਕਦੈ...ਖਬਰੇ ਇਸ ਵਿਚ ਕੋਈ ਚੰਗੀ ਗੱਲ ਛਿਪੀ ਹੋਉ...ਪਰ ਇਹ ਤਾਂ ਜੀ ਸਾਡੇ ਸਾਰਿਆਂ ਦੀ ਹੋਣੀ ਹੈ।"

"ਗੱਲ ਤਾਂ ਤੁਹਾਡੀ ਠੀਕ ਹੈ...." ਕੈਪਟਨ ਨੇ ਕੁਝ ਸੋਚਦਿਆਂ ਕਿਹਾ..."ਫੀਲਡ ਪੋਸਟਿੰਗ ਵਾਲੇ ਜਵਾਨਾ ਤੇ ਅਫਰਰਾਂ ਦੀ ਇਹੋ ਹੋਣੀ ਹੈ। ਇਹ ਪੋਸਟਿੰਗ ਜੇ ਘੱਟ ਸਮੇਂ ਲਈ ਹੋਵੇ ਤਾਂ ਬੰਦਾ ਹਾਸੇ ਹਾਸੇ ਵਿਚ ਈ ਸਮਾਂ ਕੱਟ ਲੈਂਦਾ। ਪਰ ਇਹ ਪੋਸਟਿੰਗ ਤਾਂ ਹੁੰਦੀ ਹੀ ਦੋ, ਤਿੰਨ ਸਾਲਾਂ ਲਈ ਹੁੰਦੀ ਹੈ...ਕਦੇ ਕਦੇ ਤਾਂ ਇਸ ਤੋਂ ਵੱਧ ਸਮਾਂ ਵੀ ਲੱਗ ਜਾਂਦੈ। ਜਵਾਨ ਘਰ ਜਾਣਾ ਚਾਹੁੰਦੇ ਨੇ...ਘਰਾਂ ਵਿਚ ਸੌ ਗੱਲਾਂ ਹੋ ਜਾਂਦੀਆਂ ਨੇ...ਪਰ ਵਿਚਾਰੇ ਜਾ ਨਹੀਂ ਸਕਦੇ। ਛੁੱਟੀ ਵੀ ਕਿਹੜਾ ਛੇਤੀ ਕਿਤੇ ਮਨਜੂਰ ਹੁੰਦੀ ਹੈ...ਤੇ ਜੇਕਰ ਕਿਤੇ ਮਨਜੂਰ ਹੋ ਵੀ ਜਾਵੇ ਤਾਂ ਕਈ ਵਾਰ ਤਾਂ ਛੁੱਟੀ ਦੀ ਤਰੀਕ ਆਉਣ ਤਕ ਇਹੋ ਜਿਹਾ ਭਾਣਾ ਵਾਪਰ ਜਾਂਦਾ ਕਿ ਛੁੱਟੀ ਕੈਂਸਲ ਹੋ ਜਾਂਦੀ ਏ...ਇਨ੍ਹਾਂ ਜਵਾਨਾਂ ਤੇ ਅਫਸਰਾਂ ਦਾ ਦਰਦ ਕੋਈ ਨਹੀਂ ਜਾਣਦਾ...ਬਸ ਡਿਊਟੀ ਦਿਓ...ਡਿਊਟੀ ਦਿੰਦੇ ਰਹੋ...ਡਿਊਟੀ ਦੇਣਾ ਚੰਗੀ ਗੱਲ ਹੈ...ਪਰ ਉਹਨਾਂ ਦਾ ਵੀ ਕੋਈ ਜੀਵਨ ਹੁੰਦੈ...ਉਹਨਾਂ ਦੀਆਂ ਸੰਵੇਦਨਾਵਾਂ ਹੁੰਦੀਆਂ...ਵਿਚਾਰੇ ਅੰਦਰ ਈ ਅੰਦਰ ਆਪਣੇ ਗ਼ਮਾਂ ਦੇ ਘੁੱਟ ਭਰ ਲੈਂਦੇ ਨੇ...ਉਹਨਾਂ ਦੀ ਬਾਤ ਪੁੱਛਣ ਵਾਲੇ ਵੀ ਉਨ੍ਹਾਂ ਜਿਹੇ ਹੁੰਦੇ ਨੇ। ਉਹ ਚਾਹ ਕੇ ਵੀ ਆਪਣੇ ਸਾਥੀ ਲਈ ਕੁਝ ਨਹੀਂ ਕਰ ਸਕਦੇ...।"

"ਹਾਈ ਫੀਲਡ ਪੋਸਟਿੰਗ ਸਿਆਚਿਨ ਤੇ ਲੱਦਾਖ ਦੀ ਹੈ...ਤੇ ਸਾਡੀ ਤਾਇਨਾਤੀ ਈ ਸਿਆਚਿਨ ਵਿਚ ਹੋਈ ਹੈ। ਇਸ ਦਾ ਕੁਝ ਨਹੀਂ ਕੀਤਾ ਜਾ ਸਕਦਾ...।" ਤੀਜਾ ਜਵਾਨ ਕਹਿ ਰਿਹਾ ਸੀ।

"ਸਾਡੇ ਨਾਲੋਂ ਤਾਂ ਪੀਸ ਪੋਸਟਿੰਗ ਵਾਲੇ ਚੰਗੇ ਆ। ਉਹ ਡਿਊਟੀ ਵੀ ਦੇਈ ਜਾਂਦੇ ਆ ਤੇ ਪਰਿਵਾਰ ਵਾਲਿਆਂ ਨੂੰ ਵੀ ਨਾਲ ਰੱਖ ਸਕਦੇ ਆ।" ਚੌਥਾ ਜਵਾਨ ਨੇ ਕਿਹਾ।

"ਵੀਰ ਮੇਰੇ ਉਹ ਵੀ ਕਿਹੜਾ ਪੂਰੀ ਸਰਵਿਸ ਲਈ ਏਦਾਂ ਰਹਿ ਸਕਦੇ ਆ। ਉਹਨਾਂ ਨੂੰ ਵੀ ਮਸਾਂ ਦੋ ਜਾਂ ਤਿੰਨ ਸਾਲ ਮਿਲਦੇ ਆ...ਫੇਰ ਸਾਡੇ ਵਾਂਗ ਉਹ ਵੀ ਫੀਲਡ ਪੋਸਟਿੰਗ ਦੇ ਪੁੜਾਂ ਵਿਚ ਫਸ ਜਾਂਦੇ ਨੇ।"

"ਝੂਠ ਨਹੀਂ ਬੋਲਦਾ, ਅਸਲ ਵਿਚ ਇਹ ਹੋਣੀ ਸਾਡੇ ਸਾਰਿਆਂ ਦੀ ਹੈ..!" ਪੰਜਵੇਂ ਨੇ ਉਹਦੀ ਗੱਲ ਦੀ ਪ੍ਰੋੜ੍ਹਤਾ ਕੀਤੀ।

"ਬਿਲਕੁਲ਼ ਠੀਕ ਕਿਹੈ, ਤੁਸੀਂ।" ਛੇਵਾਂ ਜਵਾਨ ਬੋਲਿਆ।

"ਲੈ ਤੁਹਾਨੂੰ ਇਕ ਕਿੱਸਾ ਸੁਣਾਉਂਦਾਂ, ਇਹ ਪਿਛਲੇ ਸਾਲ ਦੀ ਗੱਲ ਹੈ। ਸਾਡਾ ਇਕ ਨਾਇਬ ਸੂਬੇਦਾਰ ਦੋ ਸਾਲ ਬਾਅਦ ਆਪਣੇ ਪਿੰਡ ਗਿਆ ਸੀ। ਉਹਦਾ ਹਾਲ ਵੀ ਤੇਰੇ ਵਰਗਾ ਸੀ। ਉਹਦੀ ਕੁੜੀ ਦਾ ਜਨਮ ਵੀ ਪਿੱਛੋਂ ਹੋਇਆ ਸੀ। ਜਦ ਚਾਰ ਸਾਲਾਂ ਬਾਅਦ ਉਹ ਆਪਣੇ ਘਰ ਗਿਆ ਤਾਂ ਕੁੜੀ ਲਗਪਗ ਤਿੰਨ ਸਾਲਾਂ ਦੀ ਹੋ ਚੁੱਕੀ ਸੀ। ਉਹ ਨਵ ਜਨਮੀ ਬੱਚੀ ਦਾ ਮੂੰਹ ਦੇਖਣ ਲਈ ਤਰਸਦਾ ਰਿਹਾ ਸੀ। ਕੁੜੀ ਨੂੰ ਲੈ ਕੇ ਉਹਦੇ ਵਲਵਲੇ ਸਨ। ਉਹਦੇ ਜਜਬਾਤ ਸਨ। ਜੇ ਸਬਬ ਤੇ ਜਜਬਾਤਾਂ ਦਾ ਮੇਲ ਹੋ ਜਾਵੇ ਤਾਂ ਬੰਦੇ ਦੇ ਦਿਲ 'ਤੇ ਕੀ ਬੀਤਦੀ ਹੈ, ਇਹਦਾ ਅਨੁਮਾਨ ਹੀ ਲਗਾਇਆ ਜਾ

ਸਕਦੈ। ਜਦ ਪਿੰਡ ਆਪਣੇ ਘਰ ਪੁੱਜਾ ਤਾਂ ਸਬਬ ਨਾਲ ਦਰਵਾਜਾ ਖੁਲ੍ਹਾ ਸੀ, ਕੁੜੀ ਵਿਹੜੇ ਵਿਚ ਖੇਡ ਰਹੀ ਸੀ। ਨਾਇਬ ਸੂਬੇਦਾਰ ਕੁੜੀ ਨੂੰ ਦੇਖ ਖੁਸ਼ੀ ਵਿਚ ਫੁੱਲਾ ਨਹੀਂ ਸਮਾਂ ਰਿਹਾ ਸੀ। ਉਸ ਕਾਹਲੇ-ਬਾਹਲੇ ਤੋਂ ਰਿਹਾ ਨਾ ਗਿਆ। ਉਸ ਦੌੜ ਕੇ ਕੁੜੀ ਨੂੰ ਚੁੱਕ ਲਿਆ ਤੇ ਲੱਗਾ ਹਾਬੜਿਆਂ ਵਾਂਗ ਪਿਆਰ ਕਰਨ, ਗੱਲ ਨਾਲ ਲਾ ਕੇ ਉਸ ਆਪਣਾ ਪੂਰਾ ਨਿੱਘ ਜਾਣੋਂ ਉਡੇਲ ਕੇ ਰੱਖ ਦਿੱਤਾ ਹੋਵੇ। ਪਿਤਾ ਪ੍ਰੇਮ ਦੀ ਇੰਤਹਾ ਸੀ ਇਹ। ਉਸ ਦੇ ਤਰਸੇਵੇਂ ਨੇ ਸਬਰ ਦੇ ਸਾਰੇ ਬੰਨ੍ਹ ਤੋੜ ਕੇ ਰੱਖ ਦਿੱਤੇ ਸਨ। ਬੱਚੀ ਦੇ ਸਿਰ ’ਤੇ ਮਿਹਰਾਂ ਭਰਿਆ ਹੱਥ ਫੇਰਦਾ ਉਹ ਥੱਕ ਨਹੀਂ ਰਿਹਾ ਸੀ।

ਬੱਚੀ ਨੇ ਆਪਣੇ ਪਿਤਾ ਨੂੰ ਕਦੇ ਦੇਖਿਆ ਨਹੀਂ ਸੀ। ਉਸ ਲਈ ਤਾਂ ਉਹ ਓਪਰਾ ਮਰਦ ਸੀ। ਜਦ ਉਹ ਬੱਚੀ ਨੂੰ ਚੁੰਮਣ ਦੇ ਨਾਲ ਨਾਲ ਉਸ ਦੇ ਸਿਰ ’ਤੇ ਹੱਥ ਫੇਰਨ ਲੱਗਾ ਤਾਂ ਉਹ ਹੋਰ ਵੀ ਘਬਰਾ ਗਈ। ਉਹ ਲੱਗੀ ਚੀਕਾਂ ਮਾਰਨ......... “ਬੇਬੇ......ਬੇਬੇ...” ਦਾਦੀ ਨੂੰ ਪੁਕਾਰਦੀ ਉਹ ਉੱਚੀ ਉੱਚੀ ਰੋਈ ਜਾਵੇ।

“ਨੀ ਕੀ ਹੋਇਆ...ਚੰਗੀ ਭਲੀ ਖੇਡਦੀ ਸੀ...” ਦਾਦੀ ਅੰਦਰੋਂ ਬੋਲ ਰਹੀ ਸੀ...... “ਰਾਣੀ, ਦੇਖੀਂ ਜ਼ਰਾ...ਬੱਚੀ ਰੋ ਕਿਉਂ ਰਹੀ ਏ...” ਉਸ ਨੇ ਦੂਜੇ ਕਮਰੇ ਦੀ ਸਫਾਈ ਕਰ ਰਹੀ ਲੜਕੀ ਨੂੰ ਅਵਾਜ਼ ਮਾਰੀ।

“ਆਈ ਜੀ...” ਰਾਣੀ ਦੌੜ ਕੇ ਬਾਹਰ ਆਈ... । ਉਹ ਬਾਹਰ ਆਈ। “ਭਾ ਜੀ...ਤੁਸੀਂ...!” ਨਾਇਬ ਸੂਬੇਦਾਰ ਨੂੰ ਸਾਹਮਣੇ ਖਲੋਤਾ ਦੇਖ ਉਹ ਉੱਛਲ ਪਈ। ਉਹ ਉਲਟੇ ਪੈਰੀਂ ਦੌੜ ਕੇ ਅੰਦਰ ਦਾਦੀ ਪਾਸ ਗਈ...ਤੇ ਖੁਸ਼ੀ ਵਿਚ ਉੱਛਲਦੀ ਬੋਲੀ....“ਬੇਬੇ ਜੀ...ਭਾ ਜੀ ਆਏ ਆ...! ਭਾ ਜੀ ਆਏ ਆ...!”

“ਸੱਚ...ਬੁੱਢੀ ਮਾਂ ਦੇ ਮੂੰਹੋਂ ਹੈਰਾਨੀ ਭਰਿਆ ਸੁਰ ਨਿਕਲਿਆ ਤੇ ਉਹ ਤੇਜ਼ ਕਦਮਾਂ ਨਾਲ ਤੁਰਦੀ ਬਾਹਰ ਵਿਹੜੇ ਵਿਚ ਆ ਗਈ। “ਹਾਏ ਮੇਰਾ ਬੱਚਾ...ਵੇ ਮੈਂ ਸਦਕੇ ਜਾਵਾਂ...ਲੈ ਇਹ ਕੁੜੀ ਤਾਂ ਰੋਈ ਜਾ ਰਹੀ ਏ...ਨੀ ਤੇਰਾ ਪਿਓ ਹੈ...ਇਹਨੇ ਦੇਖਿਆ ਹੋਵੇ ਤਾਂ ਆਪਣੇ ਪਿਓ ਨੂੰ ਸਿਆਣੇ...!” ਬੁੱਢੀ ਮਾਂ ਪੁੱਤ ਨਾਲ ਲਾਡ ਲਡਾਉਂਦੀ ਬੋਲਦੀ ਜਾ ਰਹੀ ਸੀ।

ਪੰਜਵੇਂ ਜਵਾਨ ਨੇ ਨਾਇਬ ਸੂਬੇਦਾਰ ਦਾ ਕਿੱਸਾ ਖਤਮ ਕੀਤਾ ਤਾਂ ਲੰਮੇ ਸਮੇਂ ਤੋਂ ਸਾਥੀਆਂ ਦੀਆਂ ਗੱਲਾਂ ਸੁਣਦਾ ਆ ਰਹੇ ਪਹਿਲੇ ਜਵਾਨ ਨੇ ਕਿਹਾ, “ਤੇਰੀ ਗੱਲ ਸੁਣ ਕੇ ਮੈਨੂੰ ਆਪਣੇ ਇਕ ਦੋਸਤ ਸੁਸ਼ਾਂਤ ਦੀ ਯਾਦ ਆ ਗਈ ਏ...ਉਹ ਮੇਰੇ ਲਾਗਲੇ ਪਿੰਡਾਂ ਦਾ ਹੈ। ਉਹ ਦੋ ਸਾਲ ਪਹਿਲਾਂ ਸਾਡੇ ਵਾਂਗ ਲੇਹ ਲੱਦਾਖ ਵਿਚ ਫੀਲਡ ਪੋਸਟਿੰਗ ’ਤੇ ਸੀ।”

“ਤੁਸੀਂ ਵੀ ਤਾਂ ਲੇਹ ਲੱਦਾਖ ਰਹੇ ਹੋ...!” ਤੀਜੇ ਜਵਾਨ ਨੇ ਚੇਤੇ ਕਰਾਇਆ।

“ਹਾਂ, ਉਨ੍ਹਾਂ ਦਿਨਾਂ ਦੀ ਗੱਲ ਸੁਣਾ ਰਿਹਾ ਹਾਂ...ਉਹ ਮੈਥੋਂ ਪਹਿਲਾਂ ਉਥੇ ਤਾਇਨਾਤ ਹੋ ਚੁੱਕਾ ਸੀ। ਖਬਰੇ ਮੈਥੋਂ ਦੋ ਵਰ੍ਹੇ ਪਹਿਲਾਂ ਆਇਆ ਹੋਵੇਗਾ...ਮੇਰੇ ਉਥੇ ਰਹਿੰਦਿਆਂ ਹੀ ਉਹਨੂੰ ਘਰ ਜਾਣ ਦੀ ਛੁੱਟੀ ਮਿਲੀ ਸੀ। ਉਸ ਨੂੰ ਤਿੰਨ ਸਾਲ ਤੋਂ ਵੱਧ ਸਮਾਂ ਹੋ ਚੁੱਕਾ ਸੀ...ਘਰ ਦਿਆਂ ਦੇ ਵਿਛੋੜੇ ਦਾ ਸੱਲ ਝਲਦਿਆਂ। ਉਂਜ ਉਹ ਬਹੁਤ ਬੀਬਾ...ਖੁਸ਼ ਰਹਿਣਾ...ਹਰ ਵੇਲੇ ਹੱਸਣ ਤੇ ਦੂਜਿਆਂ ਦਾ ਦਿਲ ਲਾਈ ਰੱਖਣ ਵਾਲਾ ਜਵਾਨ ਏ...ਇਹੋ ਜਿਹੇ ਬੰਦੇ ਸਹਿਜੇ ਕਿਤੇ ਕਿੱਥੇ ਮਿਲਦੇ ਨੇ..ਉਹ ਆਪਣੇ ਉੱਪਰ ਵੀ ਹੱਸ ਸਕਦਾ ਸੀ। ਅਸੀਂ ਹਾਸੇ-ਮਜਾਕ ਵਿਚ ਕਈ ਵਾਰ ਝਗੜਣ ਲੱਗ ਪਈਦਾ...ਗੱਲ ਗਾਲੀ ਗਲੋਚ ਤੋਂ ਸ਼ੁਰੂ ਹੋ ਕੇ ਹੱਥੋਪਾਈ ਤਕ ਜਾ ਪਹੁੰਚਦੀ ਹੈ।”

“ਅਸੀਂ ਦੂਜੇ ਨੂੰ ਮਜਾਕ ਕਰ ਤਾਂ ਸਕਦੇ ਹਾਂ ਪਰ ਦੂਜੇ ਦਾ ਮਜਾਕ ਸਹਿਨ ਨਹੀਂ ਕਰ ਸਕਦੇ...ਭਲੇ ਮਾਨਸੋ, ਜੇ ਤੁਹਾਡੇ ਵਿਚ ਦੂਜੇ ਦੇ ਮਜਾਕ ਸਹਿਨ ਕਰਨ ਦੀ ਤਾਕਤ ਨਹੀਂ ਤਾਂ ਆਪ ਉੱਛਲ-ਉੱਛਲ ਕੇ ਮਜਾਕ ਕਿਉਂ ਕਰਦੇ ਹੋ..!” ਪੰਜਵਾਂ ਜਵਾਨ ਨੇ ਟਕੋਰ ਕੀਤੀ।

“ਬਈ ਮੇਰੇ ਇਸ ਦੋਸਤ ਨੂੰ ਆਪਣੇ ਉੱਪਰ ਹੱਸਣਾ ਆਉਂਦੈ...ਮਜਾਲ ਏ ਉਹਦਾ ਕਦੇ ਕਿਸੇ ਨਾਲ ਝਗੜਾ ਹੋਇਆ ਹੋਵੇ। ਵੱਡੀ ਤੋਂ ਵੱਡੀ ਗੱਲ ਨੂੰ ਵੀ ਇੰਜ ਲੈਂਦੈ ਜਾਣੋ ਕੋਈ ਗੱਲ ਈ ਨਾ ਹੋਵੇ। ਮੈਨੂੰ ਤਾਂ ਉਹਦੇ ’ਤੇ ਰਸ਼ਕ ਆਉਂਦੈ।” ਪਹਿਲਾ ਜਵਾਨ ਆਪਣੀ ਧੁੰਨ ਵਿਚ ਬੋਲਦਾ ਜਾ ਰਿਹਾ ਸੀ।

“ਇਹ ਬਹੁਤ ਵੱਡੀ ਗੱਲ ਆ..! ਪਰ ਤੁਸੀਂ ਅਸਲ ਗੱਲ ਤਾਂ ਦੱਸੀ ਨਹੀਂ..!” ਪੰਜਵੇਂ ਨੇ ਖੁਸ਼ ਹੁੰਦਿਆਂ ਕਿਹਾ।

“ਅਸਲ ਗੱਲ ਵੀ ਸੁਣ ਲਾ। ਇਕ ਤਾਂ ਉਹ ਪੱਕੇ ਰੰਗ ਦਾ...ਦੂਜੇ ਰਹਿਣ-ਸਹਿਣ ਵਿਚ ਬੇਹੱਦ ਸਾਦਾ। ਦਾੜ੍ਹੀ ਤੇ ਸਿਰ ਦੇ ਵਿਖਰੇ ਵਾਲਾਂ ਨੇ ਉਹਦਾ ਰੰਗ ਬਦਰੰਗ ਕਰ ਦਿੱਤਾ ਸੀ। ਪਰ ਪਰਵਾਹ ਕੀਹਨੂੰ ਸੀ। ਉਹਦੀ ਨਿੱਕੀ ਜਿਹੀ ਬਾਲੜੀ ਬਾਹਰ ਬਰਾਂਡੇ ਵਿਚ ਖੇਡ ਰਹੀ ਸੀ। ਲੰਮੇ ਸਫਰ ਨਾਲ ਝੰਬਿਆ ਉਹ ਜਦ ਘਰ ਪੁੱਜਾ ਤਾਂ ਖੇਡੀਂ ਪਈ ਬੱਚੀ ਨੂੰ ਦੇਖ...ਉਥੇ ਹੀ ਰੁਕ ਗਿਆ। ਉਹ ਉਥੇ ਖੜ੍ਹਾ ਖਲੋਤਾ ਬੱਚੀ ਨੂੰ ਨਿਹਾਰਨ ਲੱਗਾ...ਨਿਹਾਰਦਾ ਰਿਹਾ...ਉਸ ਸਮੇਂ ਤਕ ਜਦ ਤਕ ਬੱਚੀ ਦੀ ਨਜ਼ਰ ਉਹਦੇ ’ਤੇ ਨਹੀਂ ਪਈ। ਉਸ ਵਿਚਾਰੀ ਨੇ ਕਿਹੜਾ ਕਦੇ ਆਪਣੇ ਪਿਓ ਨੂੰ ਦੇਖਿਆ ਸੀ ਜਿਹੜੀ ਉਹਨੂੰ ਦੇਖ ਨੱਸੀ-ਨੱਸੀ ਜਾਂਦੀ...ਉਹਦੇ ਕੰਧਾੜੇ ਚੜ੍ਹ ਜਾਂਦੀ...ਤੇ ਪਾਪਾ ਪਾਪਾ ਕਹਿੰਦੀ ਮੁੜ ਮੁੜ ਉਸ ਨਾਲ ਚਿੰਬੜਦੀ। ਉਹਦੇ ਲਈ ਤਾਂ ਉਹ ਓਪਰਾ ਬੰਦਾ ਹੀ ਸੀ। ਉਹੀ ਹੋਇਆ ਜੋ ਹੋਣਾ ਸੀ। ਨਿੱਕੀ ਜਿਹੀ ਬਾਲੜੀ ਨੇ ਅਚਨਚੇਤ ਇਸ ਓਪਰੇ ਬੰਦੇ ਨੂੰ ਸਾਹਮਣੇ ਖਲੋਤਾ ਦੇਖਿਆ...ਉਹ ਡਰ ਜਿਹੀ ਗਈ...ਤੇ ਲੱਗੀ ਚੀਕਾਂ ਮਾਰਨ ......... “ਮੰਮੀ...ਮੰਮੀ...ਭੂਤ ਆਇਆ...ਭੂਤ ਆਇਆ...!”

“ਨੀ ਕਿਹੜਾ ਭੂਤ ਆ ਗਿਐ...ਠਹਿਰ ਮੈਂ ਆਉਂਦੀ ਹਾਂ...” ਅੰਦਰੋਂ ਮਾਂ ਦੀ ਆਵਾਜ਼ ਆਈ। ਉਹ ਭਾਂਡੇ ਧੋਹ ਤੇ ਸਾਂਭ ਰਹੀ ਸੀ। ਉਸ ਨੂੰ ਬਾਹਰ ਆਉਣ ਵਿਚ ਕੁਝ ਸਮਾਂ ਲੱਗ ਗਿਆ। ਜਦ ਉਹ ਬਾਹਰ ਆਈ ਤਾਂ ਕੀ ਦੇਖਦੀ ਹੈ...ਦੋਵੇਂ ਪਿਓ-ਧੀ ਖੇਡ ਰਹੇ ਸਨ। ਕੁੜੀ ਵੀ ਤਾਂ ਉਸੇ ਪਿਓ ਦੀ ਸੀ। ਪਹਿਲੀ ਦਿਖ ਵਿਚ ਉਹ ਭਾਵੇਂ ਡਰ ਗਈ ਸੀ, ਪਰ ਛੇਤੀ ਹੀ ਉਸ ਆਪਣੇ ਅੰਦਰਲੇ ਡਰ ’ਤੇ ਕਾਬੂ ਪਾ ਲਿਆ। ਉਹ ਉੱਚੀ ਉੱਚੀ ਹੱਸ ਰਹੀ ਸੀ... ਮੂਹੋਂ “ਭੂਤ...ਭੂਤ...” ਕਹੀ ਜਾਵੇ। ਜਾਣੋਂ ਉਹ ਆਪਣੇ ਪਿਓ ਨੂੰ ਚਿੜ੍ਹਾ ਰਹੀ ਹੋਵੇ...ਵਧੇਰੇ ਲੋਰ ਵਿਚ ਆਉਂਦੀ ਤਾਂ ਪੋਲੇ ਜਿਹੇ ਹੱਥਾਂ ਨਾਲ ਪਿਓ ਦੀ ਦਾੜ੍ਹੀ ਨੂੰ ਪਲੋਸਣ ਲੱਗ ਪੈਂਦੀਂ...ਪਿਓ ਵੀ ਉਹਦੇ ਨਾਲ ਬੱਚਾ ਬਣਿਆ ਖੇਡ ਰਿਹਾ ਸੀ...। ਉਸ ਕੁਝ ਪਲਾਂ ਵਿਚ ਹੀ ਨਿੱਕੀ ਜਿਹੀ ਬਾਲੜੀ ਨੂੰ ਆਪਣੇ ਮੋਹ ਪਾਸ਼ ਵਿਚ ਜਕੜ ਲਿਆ ਸੀ। ਕਿਵੇਂ...ਇਹ ਅਸੀਂ ਨਹੀਂ ਜਾਣਦੇ ਤੇ ਜਾਣ ਸਕਦੇ ਵੀ ਨਹੀਂ...ਕਮਾਲ ਦੀ ਗੱਲ ਸੀ ਇਹ...ਤੇ ਇਹ ਕਮਾਲ ਉਹ ਹੀ ਕਰ ਸਕਦਾ ਸੀ।

“ਲੈ ਆਹ ਭੂਤ ਆਇਐ...” ਪਿਓ-ਧੀ ਨੂੰ ਖੇਡੀਂ ਪਏ ਦੇਖ ਮਾਂ ਖੁਸ਼ੀ ਨਾਲ ਉੱਛਲ ਪਈ ਸੀ। ਇਸ ਮੋਹ ਭਿੰਨੇ ਇਨਸਾਨ ਨੇ ਪਲਾਂ ਛਿਣਾਂ ਵਿਚ ਪਤਨੀ ਤੇ ਬੱਚੀ ਦੋਹਾਂ ਨੂੰ ਬਾਹਾਂ ਵਿਚ ਲੈ ਲਿਆ..ਤੇ ਇਸ ਤਰ੍ਹਾਂ ਉਹ ਕਿੰਨੀ ਦੇਰ ਬਾਹਰ ਬਰਾਂਡੇ ਵਿਚ ਖਲੋਤੇ ਰਹੇ...ਹਸਦੇ ਰਹੇ....ਇਕ ਦੂਜੇ ਨੂੰ ਛੇੜਦੇ ਰਹੇ...ਕਲੋਲਾਂ ਕਰਦੇ ਰਹੇ!”

“ਇਹੋ ਜਿਹੇ ਅਦੁੱਤੀ ਛਿਣ ਤਾਂ ਭਾਗਾਂ ਵਾਲਿਆਂ ਦੇ ਜੀਵਨ ਵਿਚ ਆਉਂਦੇ ਨੇ...” ਪਹਿਲੇ ਦੀ ਕਥਾ ਖਤਮ ਹੋਈ ਤਾਂ ਚੌਥਾ ਬੋਲ ਪਿਆ।

“ਨਾ ਬਈ...ਇਹ ਗੱਲ ਝੂਠੀ..ਇਹੋ ਜਿਹੇ ਪਲ ਛਿਣ ਸਾਰਿਆਂ ਦੇ ਜੀਵਨ ਵਿਚ ਆਉਂਦੇ ਨੇ...ਬਸ ਉਨ੍ਹਾਂ ਨੂੰ ਮਾਨਣ ਦਾ ਵੱਲ ਆਉਣਾ ਚਾਹੀਦਾ...ਦੇਖਿਆ ਜਾਵੇ ਤਾਂ ਇਸ ਵਿਚ ਕੋਈ ਅਲੋਕਾਰੀ ਗੱਲ ਵੀ ਨਹੀਂ ਪਰ ਅਲੋਕਾਰੀ ਗੱਲ ਹੈ ਵੀ ਕਿਉਂਕਿ ਤੇਰਾ ਯਾਰ ਖੁਦ ਅਲੋਕਾਰੀ ਬੰਦਾ ਹੈ..ਨੇਕ ਤੇ ਖੁਸ਼ ਰਹਿਣਾ ਇਨਸਾਨ...! ਇਹ ਚਮਤਕਾਰ ਇਹੋ ਜਿਹਾ ਵਿਅਕਤੀ ਹੀ ਕਰ ਸਕਦੈ..!” ਕਹਿੰਦਾ ਕਹਿੰਦਾ ਪੰਜਵਾਂ ਕੁਝ ਵਧੇਰੇ ਗੰਭੀਰ ਹੋ ਗਿਆ ਸੀ।

“ਲੈ ਹੋਰ ਸੁਣ ਲਓ..!” ਦੂਜਾ ਕੁਝ ਸੋਚਦਾ ਸੋਚਦਾ ਅਚਾਨਕ ਬੋਲ ਪਿਆ।

“ਚਲ ਤੂੰ ਵੀ ਸੁਣਾ ਦੇ..!” ਪਹਿਲੇ ਨੇ ਉਸ ਦੀ ਪਿੱਠ ਥਾਪੜਦਿਆਂ ਕਿਹਾ।

“ਪਰ ਮੈਂ ਜੋ ਸੁਣਾਉਣੈ..ਉਹ ਏਨਾ ਮਜੇਦਾਰ ਨਹੀਂ ਜਿੰਨਾਂ ਤੁਸੀਂ ਸੁਣਾਇਐ।”

“ਮਜੇਦਾਰ ਤਾਂ ਬਈ, ਮੈਂ ਕਿਹੜਾ ਹੱਡਬੀਤੀ ਸੁਣਾਈ ਐ..ਜਾਂ ਕੋਈ ਕਹਾਣੀ ਘੜੀ ਐ..ਜੋ ਕੁਝ ਕਿਹੈ..ਉਹ ਮੈਨੂੰ ਸੁਣਾਇਆ ਗਿਆ...ਸੁਣਾਉਣ ਵਾਲਾ ਕੋਈ ਤੀਜਾ ਨਹੀਂ ਸੀ, ਖੁਦ ਮੇਰਾ ਯਾਰ ਸੀ..!” ਪਹਿਲੇ ਨੇ ਉਸ ਨੂੰ ਹੱਲਾ ਸ਼ੇਰੀ ਦੇਣ ਦੇ ਰੌ ਵਿਚ ਕਿਹਾ।

“ਤੁਹਾਡੀ ਕਥਾ ਦਾ ਪਾਤਰ ਬਹੁਤ ਵਧੀਆ ਹੈ...ਕਿਸੇ ਨਾਂਹ ਪੱਖੀ ਗੱਲ ਨੂੰ ਹਾਂ ਪੱਖੀ ਬਨਾਉਣ ਦੀ ਕਲਾ ਤਾਂ ਵਿਰਲੇ ਲੋਕਾਂ ਵਿਚ ਹੁੰਦੀ ਹੈ। ਮੈਂ ਜਿਸ ਫੌਜੀ ਸੱਜਣ ਦੀ ਗੱਲ ਕਰਨੀ ਹੈ, ਉਹ ਵਿਚਾਰਾ ਸਾਡੇ ਵਰਗਾ ਹਮਾਤੜ ਸਾਥ ਐ। ਤੁਹਾਡੇ ਵਲੋਂ ਦਸੇ ਗਏ ਕਿਰਦਾਰ ਦੇ ਐਨ ਉਲਟ।” ਦੂਜੇ ਨੇ ਕੁਝ ਸੰਕੋਚ ਤੋਂ ਕੰਮ ਲੈਂਦਿਆਂ ਉਚਰਿਆ।

“ਹਰ ਕਿਸੇ ਦੀ ਸਮਝ ਇਕੋ ਜਿਹੀ ਨਹੀਂ ਹੁੰਦੀ। ਜੇ ਕੁਝ ਇਕੋ ਜਿਹਾ ਹੁੰਦਾ ਹੈ ਤਾਂ ਉਹ ਹੈ ਪਿਓ ਦੀ ਸੰਵੇਦਨਾ...ਪਿਓ ਦੀ ਤੜਪ...ਪਿਓ ਦਾ ਨਿੱਘ...ਹਾਂ, ਪ੍ਰਗਟਾਉਣ ਦੀ ਵਿਧੀ ਵੱਖ ਵੱਖ ਹੁੰਦੀ ਹੈ।” ਤੀਜੇ ਨੇ ਵੀ ਚਲਦੀ ਗੱਲਬਾਤ ਵਿਚ ਹਿੱਸਾ ਲਿਆ।

“ਇਹ ਸੱਜਣ ਚਾਰ ਸਾਲਾਂ ਦੀ ਲੰਮੀ ਜੁਦਾਈ ਕੱਟ ਕੇ ਘਰ ਪੁੱਜਾ। ਬੰਦਾ ਸੋਚਦਾ ਕੁਝ ਹੋਰ ਹੈ ਤੇ ਹੁੰਦਾ ਕੁਝ ਹੋਰ ਹੈ...ਮੰਦੇ ਭਾਗਾਂ ਨੂੰ ਉਸ ਸਮੇਂ ਘਰ ਵਾਲੇ ਕਿਧਰੇ ਬਾਹਰ ਗਏ ਹੋਏ ਸਨ...ਉਸ ਦੀਆਂ ਆਸਾਂ ’ਤੇ ਪਾਣੀ ਫਿਰਨਾ ਹੀ ਸੀ...ਚਾਅ ਵੀ ਵਿਚੇ ਰਹਿ ਗਿਆ...ਆਂਢ-ਗੁਆਂਢ ਨੇ ਰਾਜੀ ਖੁਸ਼ੀ ਪੁੱਛੀ ਤੇ ਚਾਹ ਪਾਣੀ ਵੀ ਪਿਲਾਈ ਪਰ ਆਪਣੇ ਘਰ...ਦਰਵਾਜੇ ’ਤੇ ਲੱਗੇ ਜਿੰਦਰੇ ਨੇ ਉਹਦਾ ਸਵਾਗਤ ਕੀਤਾ...” “ਨਾ ਉਹਨੇ ਘਰ ਦਿਆਂ ਨੂੰ ਸੂਚਨਾ ਨਹੀਂ ਦਿੱਤੀ ਸੀ...?” ਤੀਜਾ ਪੂਰੀ ਗੱਲ ਸੁਣ ਕੇ ਵੀ ਕਿੰਤੂ ਪਰੰਤੂ ਕਰਨੋਂ ਨਾ ਹਟਿਆ..“ਕੀ ਪਤਾ ਨਹੀਂ ਦਿੱਤੀ ਹੋਉ...ਨਹੀਂ ਤਾਂ ਘਰ ਦੇ ਉਸਦੀ ਉਡੀਕ ਨਾ ਕਰਦੇ...” ਪੰਜਵਾਂ ਬੋਲ ਰਿਹਾ ਸੀ। “ਇਹ ਵੀ ਤਾਂ ਹੋ ਸਕਦੈ...ਉਹ ਘਰ ਦਿਆਂ ਨੂੰ ਸਰਪ੍ਰਾਈਜ਼ ਦੇਣਾ ਚਾਹੁੰਦਾ ਹੋਉ...” ਪਹਿਲੇ ਨੇ ਵੀ ਸੁਣੀ ਸੁਣਾਈ ਗੱਲ ਦੁਹਰਾ ਦਿੱਤੀ। ਦੂਜਾ ਉਨ੍ਹਾਂ ਦੀਆਂ ਗੱਲਾਂ ਸੁਣ ਚਿੜ੍ਹ ਤਾਂ ਗਿਆ ਪਰ ਉਸ ਕੋਈ ਪ੍ਰਤੀਕਰਮ ਜਾਹਿਰ ਨਾ ਕੀਤਾ...ਬਸ ਏਨਾ ਹੀ ਕਹਿ ਕੇ ਚੁੱਪ ਹੋ ਗਿਆ, “ਹੋ ਸਕਦੈ...!”

“ਮੇਰੇ ਭਾਈ ਹੋਣ ਨੂੰ ਤਾਂ ਕੁਝ ਵੀ ਹੋ ਸਕਦੈ...ਤੂੰ ਆ ਦੱਸ ਅੱਗੋਂ ਹੋਇਆ ਕੀ..?” ਗੱਲ ਹੋਧਰੇ ਜਾਂਦੀ ਦੇਖ ਕਾਹਲੇ-ਬਾਹਲੇ ਪੰਜਵੇਂ ਨੇ ਦਖਲ ਦਿੱਤਾ।

“ਜੋ ਹੋਣਾ ਚਾਹੀਦਾ ਸੀ, ਉਹ ਤਾਂ ਨਹੀਂ ਹੋਇਆ ਤੇ ਜੋ ਹੋਣਾ ਨਹੀਂ ਚਾਹੀਦਾ ਸੀ, ਉਹ ਹੋ ਗਿਆ।” ਦੂਜੇ ਨੇ ਹੌਲੀ ਦੇਣੀ ਕਿਹਾ।

“ਮਤਲਬ...?” ਸਾਰਿਆਂ ਦੇ ਮੂੰਹੋਂ ਨਿਕਲਿਆ।

“ਮਿਲਣ ਦੀ ਘੜੀ ਆਈ ਤਾਂ ਕੁੜੀ ਉਹਨੂੰ ਦੇਖ ਡਰ ਗਈ। ਪਿਤਾ ਨੇ ਪਰਚਾਉਣ ਦਾ ਯਤਨ ਕੀਤਾ..ਉਹ ਨਹੀਂ ਪਰਚੀ...ਮਾਂ ਤੇ ਘਰ ਦੇ ਬਜੁਰਗਾਂ ਨੇ ਸਮਝਾਇਆ ਪਗ ਉਹ ਸਮਝੀ ਨਾ। ਦੂਜੇ ਦਿਨ ਡਰ ਤੇ ਸਹਿਮ ਨਾਲ ਉਹਨੂੰ ਤਾਪ ਚੜ੍ਹ ਗਿਆ। ਹਸਪਤਾਲ ਲਿਜਾਣ ਦੀ ਨੌਬਤ ਆ ਗਈ। ਡਾਕਟਰ ਦਾ ਕਹਿਣਾ ਸੀ...ਇਹਨੂੰ ਉਸ ਚੀਜ ਤੋਂ ਦੂਰ ਰੱਖੋ ਜਿਸ ਤੋਂ ਇਹ ਭੈ ਖਾਂਦੀ ਹੈ। ਫੌਜੀ ਜਿੰਨੇ ਦਿਨ ਘਰ ਰਿਹਾ...ਕੁੜੀ ਦਾ ਤਾਪ ਨਾ ਉੱਤਰਿਆ। ਕਿੰਨਾ ਚਾਅ ਸੀ ਆਪਣੀ ਕੁੜੀ ਨੂੰ ਦੇਖਣ ਦਾ...ਉਸ ਦੇ ਨਾਲ ਲਾਡ ਲਡਾਉਣ ਦਾ...ਉਸ ਨੂੰ ਕੰਧਾੜੇ ਚੁੱਕ ਕੇ ਬਾਹਰ ਲੈ ਜਾਣ ਦਾ...ਦਿਲ ਦੀਆਂ ਦਿਲ ਵਿਚ ਈ ਰਹਿ ਗਈਆਂ। ਜਿੰਨੇ ਦਿਨ ਘਰ ਰਿਹਾ, ਵਿਚਾਰਾ ਸਬਰ ਦੇ ਕੌੜੇ ਘੁੱਟ ਭਰਦਾ ਰਿਹਾ...!” ਗੱਲ ਸੁਣਾਉਂਦਿਆਂ ਦੂਜੇ ਦੀਆਂ ਅੱਖਾਂ ਨਮ ਹੋ ਗਈਆਂ ਸਨ।

“ਸਾਡੇ ਜਵਾਨਾਂ ਦੇ ਜੀਵਨ ਵਿਚ ਇਹੋ ਜਿਹੀਆਂ ਹੋਣੀਆਂ ਵੀ ਵਾਪਰ ਜਾਂਦੀਆਂ ਨੇ...ਇਹ ਤਾਂ ਕਿਸੇ ਗਿਣਤੀ ਵਿਚ ਨਹੀਂ ਆਉਂਦੀਆਂ। ਸ਼ਰੀਰਕ ਤਸੀਹੇ ਤਾਂ ਝਲਣੇ ਹੀ ਪੈਂਦੇ ਨੇ ਪਰ ਨਿੱਕੀਆਂ-ਵੱਡੀਆਂ ਪਰੇਸ਼ਾਨੀਆਂ ਦੀ ਗਿਣਤੀ ਵੀ ਤਾਂ ਘੱਟ ਨਹੀਂ ਹੁੰਦੀ!” ਪੰਜਵੇਂ ਦਾ ਸੋਗੀ ਸੁਰ ਸੁਣਾਈ ਦਿੱਤਾ...ਜਾਪਦਾ ਸੀ ਉਹ ਹੁਣੇ ਰੋ ਪਵੇਗਾ...।

----0---

“ਪਾਪਾ...ਪਾਪਾ...ਪਾਪਾ...!” ਇਕ ਮੁਟਿਆਰ ਦੇ ਮੂੰਹੋਂ ਨਿੱਕੇ ਨਿਆਣੇ ਵਾਲੇ ਬੋਲ ਸੁਣ ਸਾਰਿਆਂ ਦੇ ਕੰਨ ਖੜ੍ਹੇ ਹੋ ਗਏ। ਮੁਟਿਆਰ ਦਾ ਸਾਹ ਚੜ੍ਹਿਆ ਹੋਇਆ ਸੀ...ਉਸ ਤੋਂ ਮਸਾਂ ਬੋਲਿਆ ਜਾ ਰਿਹਾ ਸੀ। ਪਰ ਉਸ ਦੇ ਚਿਹਰੇ ਦੀ

ਖੁਸ਼ੀ ਡੁਲ੍ਹ ਡੁਲ੍ਹ ਪੈ ਰਹੀ ਸੀ...ਨਵਨੀਤ ਨੂੰ ਸਾਹਮਣੀ ਕੁਰਸੀ 'ਤੇ ਬੈਠਾ ਦੇਖ ਉਹਦੇ ਚਿਹਰਾ ਖਿੜ ਉਠਿਆ ਸੀ...ਤੇ ਉਹਦੇ ਚਿਹਰੇ ਦੀ ਰੌਣਕ ਕੁਝ ਘੜੀਆਂ...ਕੁਝ ਪਲਾਂ ਵਿਚ ਹੀ ਦੂਣ ਸਵਾਈ ਹੋ ਗਈ ਸੀ। ਜਦੋਂ ਘਰੋਂ ਚਲੀ ਸੀ, ਉਦੋਂ ਭਾਵੇਂ ਉਹਦੇ ਮਨ ਵਿਚ ਕਿੰਤੂ ਪਰੰਤੂ ਰਹੇ ਹੋਣਗੇ...ਥੋੜ੍ਹਾ ਬਹੁਤ ਗਿਲਾ ਵੀ ਹੋਵੇਗਾ...ਪਰ ਪਤੀ ਦੀ ਇਕ ਝਲਕ ਨੇ ਹੁਣ ਇਹੋ ਜਿਹੀਆਂ ਭਾਵਨਾਵਾਂ ਦੇ ਮਨ ਅੰਦਰ ਠਹਿਰਨ ਜੋਗੀ ਥਾਂ ਰਹਿਣ ਨਹੀਂ ਸੀ ਦਿੱਤੀ। ਉਹ ਧਾ ਦੇਣੀ ਪਤੀ ਦੇ ਗਲ ਨਾਲ ਜਾ ਲੱਗੀ...ਉਸ ਨੂੰ ਆਸੇ ਪਾਸੇ ਦੀ ਪਰਵਾਹ ਕਿੱਥੇ ਸੀ...ਜਜਬਾਤਾਂ ਦੇ ਹੜ੍ਹ ਨੇ ਇਹੋ ਜਿਹੇ ਵਿਚਾਰ ਨੂੰ ਪਨਪਣ ਹੀ ਨਹੀਂ ਦਿੱਤਾ ਸੀ।

"ਰਾਣੀ ਤੂੰ..!" ਪਤਨੀ ਨੂੰ ਆਪਣੇ ਨਾਲ ਘੁੱਟਦਾ ਨਵਨੀਤ ਕਹਿ ਰਿਹਾ ਸੀ।

"ਹਾਂ ਮੈਂ ...ਤੁਸੀਂ ਇਥੇ ਕੀ ਕਰ ਰਹੇ ਹੋ...?"

"ਜਿਹੜਾ ਕੰਮ ਕੋਈ ਨਹੀਂ ਕਰ ਸਕਦਾ, ਉਹ ਇਹ ਇਥੇ ਬੈਠੇ-ਬੈਠੇ ਕਰ ਰਹੇ ਨੇ...!" ਨਵਨੀਤ ਦੀ ਥਾਂ ਪ੍ਰਿੰਸੀਪਲ ਮੈਡਮ ਨੇ ਉਹਦੀ ਗੱਲ ਦਾ ਤਟ ਫਟ ਜਵਾਬ ਦੇ ਦਿੱਤਾ।

"ਜੀ...!" ਨਵਨੀਤ ਦੇ ਮੂੰਹੋਂ ਮਸਾਂ ਮਸਾਂ ਨਿਕਲਿਆ।

"ਬੱਚੇ ਲਈ ਬਿਹਬਲਤਾ...ਉਹਨੂੰ ਦੇਖਣ ਤੇ ਪਾ ਲੈਣ ਦੀ ਤੜਪ...ਕੋਈ ਨਵੀਂ ਗੱਲ ਨਹੀਂ...ਨਵੀਂ ਗੱਲ ਤਾਂ ਇਹ ਹੈ..ਕਿ ਇਸ ਤੜਪ ਨੇ ਕੈਪਟਨ ਨਵਨੀਤ ਨੂੰ ਫੌਜ ਦਾ ਖਾੜਕੂ ਕਮਾਂਡਰ ਰਹਿਣ ਨਹੀਂ ਦਿੱਤਾ...ਉਹ ਬੱਚਾ ਬਣ ਗਿਆ ਏ...ਬੱਚਾ...ਜਿਹੜਾ ਆਪਣੀ ਤੜਪ ਤੇ ਆਪਣੇ ਚਾਅ ਵਿਚ ਬੱਚੀ ਦੇ ਸਕੂਲ ਦਾ ਨਾਂਅ ਤਕ ਪੁੱਛਣਾ ਭੁੱਲ ਗਿਆ...ਬਸ ਦੌੜਾ ਚਲਾ ਆਇਆ। ਜਿਥੇ ਸਕੂਲ ਦਾ ਫੱਟਾ ਦੇਖਿਆ...ਉਥੇ ਅੰਦਰ ਵੜ ਗਿਆ...ਇਹਦੀ ਤੜਪ ਨੇ ਤਾਂ ਸਾਨੂੰ ਵੀ ਰੁਆ ਦਿੱਤੈ...ਅਸੀਂ ਆਪਣਾ ਸਾਰਾ ਕੰਮ ਭੁੱਲ ਕੇ ਇਸੇ ਦੀ ਖਾਤਰਦਾਰੀ ਕਰਨ ਵਿਚ ਰੁੱਝ ਗਏ...ਹੈ ਨਾ ਇਹ ਵਿਲੱਖਣ ਜਿਹੀ ਗੱਲ...?" ਪ੍ਰਿੰਸੀਪਲ ਮੈਡਮ ਨੇ ਆਪਣੇ ਦਿਲ ਦੀ ਗੱਲ ਸਾਂਝੀ ਕਰਨ ਮਗਰੋਂ ਸਵਾਲੀਆ ਨਜ਼ਰਾਂ ਨਾਲ ਸਭ ਨੂੰ ਤੱਕਿਆ।

"ਬਈ ਸੱਚ ਪੁੱਛੋ ਤਾਂ ਸਾਡੇ ਫੌਜੀ ਭਰਾਵਾਂ ਦਾ ਜੀਵਨ ਹੀ ਵਿਲੱਖਣ ਹੁੰਦਾ ਏ...ਹਰ ਵੇਲੇ ਜਾਨ ਨੂੰ ਧੁੜਕੂ ਲੱਗਾ ਰਹਿੰਦਾ...ਕਿਧਰੇ ਵਹਿਸ਼ੀ ਦੁਸ਼ਮਣ ਦੀ ਗੋਲੀ ਸੀਨਾ ਚੀਰ ਨਾ ਦੇਵੇ...ਸਭ ਦੇਖਦੇ ਹੋਏ ਵੀ ਇਹ ਗੌਲਦੇ ਨਹੀਂ ਤੇ ਤਲੀ ਤੇ ਜਾਨ ਰੱਖਕੇ ਸੰਘਰਸ਼ ਕਰਦੇ ਰਹਿੰਦੇ ਨੇ...ਕਿਹਦੇ ਲਈ...ਦੇਸ਼ ਲਈ...ਦੇਸ਼ ਵਾਸੀਆਂ ਲਈ...ਇਹ ਮੌਤ ਦੇ ਸਾਏ ਹੇਠ ਬੈਠਦੇ ਨੇ ਤੇ ਅਸੀਂ ਚੈਨ ਦੀ ਨੀਂਦਰੇ ਸੌਂਦੇ ਹਾਂ...ਇਹਨਾਂ ਦਾ ਦੇਣਾ ਕਿਥੇ ਦੇ ਸਕਦੇ ਹਾਂ ਅਸੀਂ...!" ਕਲਾਸ ਟੀਚਰ ਬੋਲ ਰਹੀ ਸੀ।

"ਇਨ੍ਹਾਂ ਅੰਦਰ ਵੀ ਮਨੁੱਖੀ ਦਿਲ ਧੜਕਦਾ ਏ...ਇਹਨਾਂ ਦੀਆਂ ਸੰਵੇਦਨਾਵਾਂ....ਇਨ੍ਹਾਂ ਦੀਆਂ ਭਾਵਨਾਵਾਂ...ਦਿਲ ਦੇ ਕਿਸੇ ਕੋਨੇ ਸਾਂਭ ਕੇ ਰੱਖੀਆਂ ਹੁੰਦੀਆਂ ਨੇ...ਮੌਕਾ ਆਉਣ 'ਤੇ ਇਹਨਾਂ ਦਾ ਲਾਵਾ ਫੁੱਟ ਪੈਂਦਾ ਏ...ਜਿੱਦਾਂ ਅੱਜ ਇਨ੍ਹਾਂ ਦਾ ਚਾਅ...ਬੱਚੀ ਲਈ ਇਨ੍ਹਾਂ ਦਾ ਮਲ੍ਹਾਰ ...ਦੇ ਬੇਮੁਹਾਰੇ ਵਹਿਣ ਨੇ ਸਾਨੂੰ ਇਕ ਘੜੀ ਲਈ ਇਕ ਪਲ ਲਈ ਸਰਹੱਦਾਂ 'ਤੇ ਜਾਨਾਂ ਹੂਲਣ ਵਾਲੇ ਆਪਣੇ ਫੌਜੀ ਭਰਾਵਾਂ ਦੀਆਂ ਸੰਵੇਦਨਾਵਾਂ ਨੂੰ ਸਮਝਣ ਦਾ ਮੌਕਾ ਦੇ ਦਿੱਤਾ...ਇਹੋ ਜਿਹੇ ਪਲ ਲੱਭਣੇ ਨੇ ਕਿਤੇ।" ਪ੍ਰਿੰਸੀਪਲ ਮੈਡਮ ਬੋਲਦੀ ਬੋਲਦੀ ਭਾਵਕ ਹੋ ਗਈ ਸੀ।

"ਕੁੜੀ ਨੇ ਸਵੇਰ ਦਾ ਪੂਰਾ ਘਰ ਸਿਰ 'ਤੇ ਚੁੱਕਿਐ ਤੇ ਉਹਦੇ ਪਾਪਾ ਇਥੇ ਬੈਠੇ ਨੇ...!" ਕੈਪਟਨ ਨਵਨੀਤ ਨੂੰ ਮੋਹ ਭਿੰਨੀਆਂ ਨਜ਼ਰਾਂ ਨਾਲ ਦੇਖਦੀ ਬੱਚੀ ਦੀ ਮਾਂ ਕਹਿ ਰਹੀ ਸੀ।

"ਹੁਣ ਤੁਸੀਂ ਆ ਗਏ ਹੋ...ਸਾਂਭੋ ਆਪਣੇ ਪਤੀ ਨੂੰ...ਇਹ ਕਦੋਂ ਦੇ ਜਲ ਬਿਨ ਮਛਲੀ ਵਾਂਗ ਤੜਪ ਰਹੇ ਨੇ...ਹਾਏ ਮੇਰਾ ਬੱਚਾ...ਹਾਏ ਮੇਰਾ ਬੱਚਾ...ਹਾਏ ਮੇਰਾ...!" ਕਲਾਸ ਟੀਚਰ ਨੇ ਖੁਸ਼ ਹੁੰਦਿਆਂ ਨਵਨੀਤ ਦੀ ਨਕਲ ਉਤਾਰਨ ਵਿਚ ਦੇਰ ਨਹੀਂ ਲਾਈ..।

“ਇਨ੍ਹਾਂ ਨੂੰ ਤਾਂ ਜੀ ਇਹੋ ਸਾਂਭੇਗੀ...ਸਾਡੇ ਵੱਸ ਦੀ ਗੱਲ ਕਿੱਥੇ...” ਸਰਪ੍ਰਾਈਜ ਦੇਣ ਵਾਂਗ ਕੈਪਟਨ ਦੀ ਮੈਡਮ ਨੇ ਆਪਣੇ ਪਿੱਛੇ ਲੁਕੀ ਖਲੋਤੀ ਬਾਲੜੀ ਨੂੰ ਮੋਹਰੇ ਕਰ ਦਿੱਤਾ।

“ਪਾਪਾ...ਪਾਪਾ...!” ਲੋਹੜੇ ਦੀ ਤੇਜੀ ਨਾਲ ਪਾਪਾ ਵੱਲ ਉੱਲਰਦੀ ਬਾਲੜੀ ਦੇ ਪਿਆਰ ਭਿੰਨੇ ਬੋਲਾਂ ਨੇ ਕੈਪਟਨ ਨਵਨੀਤ ਨੂੰ ਕੀਲ ਕੇ ਰੱਖ ਦਿੱਤਾ। ਨਿੱਕੀ ਜਿਹੀ ਬਾਲੜੀ ਬਾਹਾਂ ਫੈਲਾਈ ਉਸ ਅੱਗੇ ਖਲੋਤੀ ਸੀ। ਪਾਪਾ ਨੇ ਵੀ ਉਸ ਨੂੰ ਕੰਧਾੜੇ ਚੁੱਕਣ ਵਿਚ ਦੇਰ ਨਹੀਂ ਲਾਈ।

“ਹਾਏ ਮੇਰਾ ਬੱਚਾ...” ਉਹਦੇ ਮੂੰਹੋਂ ਨਿਕਲਿਆ। ਉਸ ਬੱਚੀ ਨੂੰ ਹਿੱਕ ਨਾਲ ਲਾ ਕੇ ਘੁੱਟ ਲਿਆ...ਉਹਦਾ ਮੂੰਹ ਚੁੰਮਣ ਲੱਗਾ...ਮਸੀਨ ਦੀ ਚਾਲ ਨਾਲ ਉਹ ਦਾ ਹੱਥ ਬੱਚੀ ਦੇ ਸਿਰ ਅਤੇ ਪਿੱਠ ’ਤੇ ਫਿਰਨ ਲੱਗਾ..।

ਪਿਤਾ ਪਿਆਰ ਦੇ ਹੜ੍ਹ ਨੇ ਸਾਰੇ ਹੱਦਾਂ ਬੰਨੇ ਤੋੜ ਦਿੱਤੇ ਤਾਂ ਉਥੇ ਬੈਠੇ ਬੰਦੇ ਇਸ ਦੇ ਪ੍ਰਭਾਵ ਤੋਂ ਸੱਖਣੇ ਕਿਵੇਂ ਰਹਿ ਸਕਦੇ ਸਨ। ਉਹ ਆਨੰਦ ਵਿਚ ਖੀਵੇ ਹੋ ਚੁੱਕੇ ਸਨ। ਇਨ੍ਹਾਂ ਮੋਹ ਭਿੰਨੇ ਪਲਾਂ ਨੂੰ ਮਾਣ ਰਹੇ ਸਨ। ਪਿਤਾ-ਪੁੱਤਰੀ ਦੇ ਮਹਿਕਾਂ ਛੱਡਦੇ ਪਿਆਰ ਨੇ ਉਨ੍ਹਾਂ ਨੂੰ ਮਦਹੋਸ਼ ਕਰ ਛਡਿਆ ਸੀ।

“ਮੈਨੂੰ ਪਤਾ ਸੀ ਤੁਸੀਂ ਇਥੇ ਹੋਵੋਗੇ...!” ਜਜ਼ਬਾਤੀ ਹੋਈ ਪਤਨੀ ਕਹਿ ਰਹੀ ਸੀ ਭਾਵੇਂ ਉਸ ਤੋਂ ਵੀ ਬੋਲਿਆ ਨਹੀਂ ਜਾ ਰਿਹਾ ਸੀ।

“ਉਹ ਕਿੱਦਾਂ..?” ਕੈਪਟਨ ਦੇ ਮੂੰਹੋਂ ਨਿਕਲਿਆ।

“ਤੁਹਾਥੋਂ ਸਬਰ ਨਹੀਂ ਹੋਣਾ...ਮੈਂ ਜਾਣਦੀ ਸਾਂ...ਘਰ ਤੁਸੀਂ ਠਹਿਰਨਾ ਨਹੀਂ ਸੀ...ਆਪਣੀ ਲਾਡਲੀ ਨੂੰ ਮਿਲਣ ਦੇ ਚਾਅ ਵਿਚ ਸਕੂਲ ਦਾ ਨਾਂਅ ਪਤਾ ਪੁੱਛਣ ਦੀ ਸੁਧ ਤੁਹਾਨੂੰ ਰਹੀ ਨਹੀਂ। ਜਿਸ ਸਕੂਲ ਦਾ ਬੋਰਡ ਤੱਕਿਆ ਉਸ ਵਿਚ ਵੜ ਗਏ...ਠੀਕ ਕਿਹਾ ਨਾ ਜੀ ਮੈਂ..?”

“ਇਨ੍ਹਾਂ ਨੇ ਇੰਜੇ ਈ ਕੀਤੈ...। ਇਨ੍ਹਾਂ ਨੂੰ ਬੱਚੀ ਲਈ ਤੜਪਦੇ ਦੇਖ ਮੇਰਾ ਰੋਣ ਵੀ ਨਿਕਲ ਗਿਆ ਸੀ...ਮੈਂ ਪਤਾ ਨਹੀਂ ਕਿੱਦਾ ਆਪਣੇ ਆਪ ਨੂੰ ਰੋਕਿਐ...। ” ਕਲਾਸ ਟੀਚਰ ਕਹਿ ਰਹੀ ਸੀ।

“ਫੌਜੀਆਂ ਦੇ ਜੀਵਨ...ਉਨ੍ਹਾਂ ਦੀ ਬਹਾਦਰੀ...ਉਨ੍ਹਾਂ ਦੇ ਤਿਆਗ ਦੀਆਂ ਕਹਾਣੀਆਂ ਅਸੀਂ ਸੁਣਦੇ ਹੀ ਰਹਿੰਦੇ ਹਾਂ ਪਰ ਅੱਜ ਅਸੀਂ ਇਨ੍ਹਾਂ ਦਾ ਉਹ ਰੂਪ ਵੀ ਦੇਖ ਲਿਆ ਜਿਹੜਾ ਆਮ ਤੌਰ ਤੇ ਦਿਖਾਈ ਨਹੀਂ ਦਿੰਦਾ...ਪਿਤਾ-ਪੁੱਤਰੀ ਦਾ ਨਿੱਘਾ ਪਿਆਰ...ਇਹ ਤਾਂ ਅਸੀਂ ਸੁਣਦੇ ਰਹਿੰਦੇ ਹਾਂ ਕਿ ਫੌਜੀ ਦੇਸ਼ ਦੀ ਰਖਿਆ ਲਈ ਆਪਾ ਕੁਰਬਾਨ ਕਰ ਦਿੰਦਾ ਏ...ਪਰ ਇਨ੍ਹਾਂ ਦੇ ਇਸ ਪਿਆਰ ਵਿਚ ਵੀ ਆਪਾ ਵਾਰ ਦੇਣ ਦਾ ਜਜ਼ਬਾ ਸੀ, ਉਹ ਅਸੀਂ ਅੱਖੀਂ ਦੇਖ ਲਿਐ...ਧੰਨ ਹੋ ਤੁਸੀਂ...ਧੰਨ ਤੁਹਾਡਾ ਜਿਗਗਾ...ਧੰਨ ਤੁਹਾਡੇ ਅੰਦਰਲਾ ਇਕ ਚੰਗਾ ਤੇ ਉੱਚਾ-ਸੁੱਚਾ ਮਨੁੱਖ...!” ਪ੍ਰਿੰਸੀਪਲ ਮੈਡਮ ਹੋਰ ਬਹੁਤ ਕੁਝ ਕਹਿਣਾ ਚਾਹੁੰਦੀ ਸੀ ਪਰ ਉਹ ਵੀ ਜਜ਼ਬਾਤੀ ਹੋਏ ਬਿਨਾਂ ਨਹੀਂ ਰਹੀ...ਉਹ ਹੋਰ ਕੁਝ ਕਹਿ ਨਾ ਸਕੀ...।

(02-02-2018)

09810628570 (ਫੋਨ)

I-263, karampura,
New Delhi-110015

# ਓਪਰਾ ਬੰਦਾ

ਅਸ਼ੋਕ ਵਾਸਿਸ਼ਠ

"ਬੜਾ ਢੀਠ ਬੰਦਾ ਹੈ...ਕਈ ਵਾਰ ਕਹਿ ਚੁੱਕੀ ਹਾਂ...ਮੈਡਮ ਅੱਜ ਕਿਸੇ ਹਾਲਤ ਵਿਚ ਮਿਲ ਨਹੀਂ ਸਕਦੇ...ਪਰ ਉਹ ਸੁਣਦਾ ਹੀ ਨਹੀਂ... 'ਅਖੇ ਕੋਈ ਗੱਲ ਨਹੀਂ..ਜਦ ਉਹ ਮਿਲ ਸਕਣਗੇ...ਅਸੀਂ ਉਹਨਾਂ ਨੂੰ ਮਿਲ ਲਵਾਂਗੇ...ਤੁਸੀਂ ਜਾਓ ਆਪਣਾ ਕੰਮ ਕਰੋ..! ਦੱਸੋ, ਮੈਂ ਕੀ ਕਰਾਂ..!"

"ਕਿਸੇ ਪ੍ਰਾਬਲਮ ਵਿਚ ਹੋਵੇਗਾ..ਕੋਈ ਗੱਲ ਨਹੀਂ...ਉਨ੍ਹਾਂ ਨੂੰ ਥੋੜ੍ਹੀ ਦੇਰ ਰੁਕਣ ਲਈ ਕਹਿ ਦੇ...!" ਮੈਡਮ ਨੇ ਉਹਦੀ ਗੱਲ ਸੁਣ ਹਮਦਰਦੀ ਨਾਲ ਕਿਹਾ।

"ਇਹ ਗੱਲ ਤਾਂ ਮੈਂ ਪੰਜਾਹ ਵਾਰ ਕਹਿ ਚੁੱਕੀ ਹਾਂ, ਉਹ ਕੁਝ ਸੁਣੇ ਵੀ ਤਾਂ...!"

"ਐਵੇਂ ਨਿੱਕੀ ਨਿੱਕੀ ਗੱਲ 'ਤੇ ਘਬਰਾ ਨਾ ਜਾਇਆ ਕਰ, ਤੂੰ ਚੱਲ, ਉਹਨੂੰ ਮੈਂ ਆਪੇ ਦੇਖ ਲਵਾਂਗੀ...!" ਮੈਡਮ ਨੇ ਉਹਨੂੰ ਸਮਝਾ ਕੇ ਬਾਹਰ ਭੇਜ ਦਿੱਤਾ।

"ਸ਼ਾਲੂ, ਕੋਈ ਪੁਰਾਣਾ ਪ੍ਰੇਮੀ ਲਗਦੈ...ਜਿਹੜਾ ਨਿੱਠ ਕੇ ਬਹਿ ਗਿਐ...!" ਉਸ ਦੇ ਪਾਸ ਬੈਠੀ ਚੰਗੀ ਵਾਕਫ ਔਰਤ ਦੇ ਮੂੰਹੋਂ ਨਿਲਲਿਆ।

"ਸਭ ਦੀ ਆਪੋ ਆਪਣੀ ਸਮਸਿਆ...ਆਪੋ ਆਪਣੇ ਦੁੱਖ...ਇਹ ਵਿਚਾਰੀ ਇਸ ਗੱਲ ਲਈ ਦੁਖੀ ਹੈ ਕਿ ਬਾਹਰ ਇਕ ਬੰਦਾ ਬੈਠਾ ਹੋਇਐ..."

"ਤੇ ਉਹ ਵਿਚਾਰਾ ਇਸ ਲਈ ਪਰੇਸ਼ਾਨ ਹੋਵੇਗਾ ਕਿ ਮੈਡਮ ਉਹਨੂੰ ਨਹੀਂ ਮਿਲਦੀ...!" ਸ਼ਾਲੂ ਦੀ ਗੱਲ ਪੂਰੀ ਹੋਣ ਤੋਂ ਪਹਿਲਾਂ ਹੀ ਮਿਲਣ ਆਈ ਔਰਤ ਬੋਲ ਪਈ।

“ਉਹ ਪਰੇਸ਼ਾਨ ਹੈ ਜਾਂ ਨਹੀਂ...ਮੈਂ ਕਹਿ ਨਹੀਂ ਸਕਦੀ...ਪਰ ਉਹਦੀ ਕੋਈ ਸਮਸਿਆ ਵੀ ਤਾਂ ਹੋ ਸਕਦੀ ਹੈ..ਇਹੋ ਜਿਹੀ ਸਮਸਿਆ ਕਿ ਉਸ ਲਈ ਮਿਲਣਾ ਜਰੂਰੀ ਹੋਵੇ।” ਸ਼ਾਲੂ ਨੇ ਗੱਲ ਪੁੱਠੇ ਪਾਸੇ ਜਾਣ ਤੋਂ ਰੋਕਣ ਦਾ ਯਤਨ ਕਰਦਿਆਂ ਕਿਹਾ।

“ਹਾਂ ਇਹ ਤਾਂ ਹੋ ਸਕਦੈ...ਉਹ'ਤੇ ਥੋੜ੍ਹੀ ਕਿਰਪਾ ਕਰ ਦਿਓ ਨਾ...!”

“ਹੋਰ ਸਾਡਾ ਕੰਮ ਈ ਕੀ ਐ...ਅਸੀਂ ਇਥੇ ਬੈਠੇ ਹੀ ਕਿਸ ਲਈ ਹਾਂ..!”

“ਪਹਿਲਾਂ ਤੁਸੀਂ ਦਸੋ, ਕੀ ਸਮਸਿਆ ਹੈ ਤੁਹਾਡੀ...?” ਸ਼ਾਲੂ ਨੇ ਮਿਲਣ ਆਈ ਔਰਤ ਨੂੰ ਸਵਾਲ ਕੀਤਾ।

“ਕਹਿੰਦੇ ਨੇ ਜੀ, ਮਾਂ ਤੇ ਡਾਕਟਰ ਤੋਂ ਕੁਝ ਲੁਕੋਣਾ ਨਹੀਂ ਚਾਹੀਦਾ...ਪਿਛਲੇ ਕੁਝ ਦਿਨਾਂ ਤੋਂ ਢਿੱਡ ਵਿਚ ਬਹੁਤ ਦਰਦ ਹੋ ਰਿਹੈ...ਮੈਂ ਪਰੇਸ਼ਾਨ ਹੋ ਗਈ ਹਾਂ...” ਔਰਤ ਨੇ ਆਪਣੀ ਵਿਥਿਆ ਦਸੀ।

ਸ਼ਾਲੂ ਨੇ ਔਰਤ ਤੋਂ ਇਕ ਦੋ ਪ੍ਰਸ਼ਨ ਪੁੱਛੇ...ਢਿਡ ਟੋਹ ਕੇ ਦੇਖਿਆ ਤੇ ਚੰਗੀ ਤਰ੍ਹਾਂ ਜਾਂਚ ਕਰਨ ਮਗਰੋਂ ਪਰਚੀ 'ਤੇ ਲਿਖਣ ਲੱਗੀ... “ਅਹਿ ਕੁਝ ਦਵਾਈਆਂ ਨੇ...ਕੰਪਾਊਡਰ ਨੂੰ ਪਰਚੀ ਦਿਖਾ ਦਿਓ..ਓਹ ਤੁਹਾਨੂੰ ਦੇ ਦੇਵੇਗਾ...ਇਕ ਹਫਤੇ ਦਾ ਕੋਰਸ ਹੈ...ਅਰਾਮ ਆ ਜਾਵੇਗਾ...ਘਾਬਰਨ ਦੀ ਲੋੜ ਨਹੀਂ...ਮਾਮੂਲੀ ਇਨਫੈਕਸ਼ਨ ਹੈ।”

ਔਰਤ ਦਾ ਕੰਮ ਕਰਨ ਮਗਰੋਂ ਸ਼ਾਲੂ ਨੇ ਕਾਲ ਬੈਲ ਵਜਾਈ ਤਾਂ ਜੋ ਬਾਹਰ ਬੈਠੇ ਸੱਜਣ ਨੂੰ ਅੰਦਰ ਸੱਦ ਸਕੇ। ਸੇਵਾਦਾਰ ਨੇ ਅੰਦਰ ਵੜਦਿਆਂ ਸਾਰ ਉਸ ਦੇ ਪੁੱਛਣ ਤੋਂ ਪਹਿਲਾਂ ਹੀ ਕਹਿ ਦਿੱਤਾ... “ਜੀ ਉਹ ਹੁਣੇ ਹੁਣੇ ਕਿਤੇ ਚਲਾ ਗਿਐ...!”

“ਅਜੀਬ ਆਦਮੀ ਹੈ..ਪਹਿਲਾਂ ਏਨਾ ਕਾਹਲਾ ਪਿਆ ਹੋਇਆ ਸੀ...! ਕੁਝ ਕਹਿ ਕੇ ਤਾਂ ਨਹੀਂ ਗਿਆ?”

“ਜੀ ਉਹ ਕਹਿੰਦਾ ਸੀ, ਤੇਰੀ ਡਾਕਟਰ ਮੈਡਮ ਨੇ ਪਤਾ ਨਹੀਂ ਕਦ ਵਿਹਲੀ ਹੋਣਾ, ਮੈਂ ਫੇਰ ਕਦੇ ਆ ਜਵਾਂਗਾ..।” ਸੇਵਾਦਾਰਨੀ ਨੇ ਦਸਿਆ।

“ਚਲ ਕੋਈ ਨਹੀਂ...ਹੁਣ ਜਦ ਉਹ ਆਇਆ ਤਾਂ ਉਹਨੂੰ ਸਿੱਧਾ ਮੇਰੇ ਪਾਸ ਭੇਜ ਦੇਈਂ...!” ਸ਼ਾਲੂ ਨੇ ਇਹ ਕਹਿ ਕੇ ਸੇਵਾਦਾਰਨੀ ਬਾਹਰ ਤੋਰ ਦਿੱਤਾ।

‘ਤੇਰੀ ਡਾਕਟਰ ਮੈਡਮ ਨੇ ਪਤਾ ਨਹੀਂ ਕਦ ਵਿਹਲੀ ਹੋਣਾ..’ ਓਪਰੇ ਬੰਦੇ ਦੇ ਇਹ ਬੋਲ ਇਕ ਵਾਰ ਫੇਰ ਉਹਦੇ ਕੰਨਾਂ ਵਿਚ ਗੂੰਜੇ...ਉਹ ਸੋਚਾਂ ਵਿਚ ਪੈ ਗਈ...ਕੁਝ ਚੇਤੇ ਆਇਆ...ਇਕ ਅਕਸ ਦਿਮਾਗ ਦੇ ਦ੍ਰਿਸ਼ ਪਟਲ 'ਤੇ ਉਭਰਿਆ...ਉਸ ਦਾ ਚਿਹਰਾ ਖਿੜ ਗਿਆ...ਉਹ ਵੀ ਇਹੋ ਜਿਹਾ ਸੀ...ਮਜ਼ਾਲ ਏ ਇਕ ਮਿਨਟ ਵੀ ਵੇਟ ਕਰ ਲਵੇ...ਜਿਹੜਾ ਸਮਾਂ ਉਹਨੇ ਦਿੱਤਾ ਹੁੰਦਾ ਜੇ ਉਸ ਸਮੇਂ ਦੂਜਾ ਬੰਦਾ ਨਾ ਪੁੱਜਦਾ ਤਾਂ ਉਹ ਕਿਸੇ ਹੋਰ ਰਾਹ ਤੁਰ ਪੈਂਦਾ ਸੀ...ਇਹ ਮਨ ਬਚਨੀ ਬੁਲ੍ਹਾਂ ਦਾ ਜੰਗਲਾ ਤੋੜ ਮੱਲੋ ਮੱਲੀ ਬਾਹਰ ਆ ਗਈ...“ਕੌਣ ਕਿਸੇ ਹੋਰ ਰਸਤੇ ਤੁਰ ਪੈਂਦਾ ਸੀ...ਕੁਝ ਅਸੀਂ ਵੀ ਤਾਂ ਸੁਣੀਏ...” ਕੈਬਿਨ ਅੰਦਰ ਵੜਦੀ ਡਾਕਟਰ ਮੈਡਮ ਦੀ ਇਕ ਗੂਹੜੀ ਸਹੇਲੀ ਨੇ ਸਵਾਲੀ ਗੋਲਾ ਦਾਗ਼ ਦਿੱਤਾ... “ਤੁਸੀਂ ਪਹਿਲਾਂ ਚੱਜ ਨਾਲ ਬਹਿ ਤਾਂ ਜਾਓ...ਪਾਣੀ-ਧਾਣੀ ਪਿਓ...ਫੇਰ ਦੂਜੇ ਦੀ ਗੱਲ ਪੁੱਛ ਲਈਓ..” ਸ਼ਾਲੂ ਨੇ ਹੱਸਦਿਆਂ ਜਵਾਬ ਦਿੱਤਾ।

“ਚਲ ਕੋਈ ਨਹੀਂ ਜੀ, ਅਸੀਂ ਪਾਣੀ-ਧਾਣੀ ਵੀ ਪੀ ਲੈਂਦੇ ਹਾਂ..!” ਗੂਹੜੀ ਸਹੇਲੀ ਹੱਸਦੀ ਹੋਈ ਉਸ ਦੀ ਸਾਹਮਣੀ ਸੀਟ 'ਤੇ ਬਹਿ ਗਈ।

“ਚਲ ਹੁਣ ਦੱਸ...ਅੰਦਰਲੀ ਗੱਲ...!” ਸਹੇਲੀ ਨੇ ਪਾਣੀ ਦਾ ਘੁੱਟ ਭਰਦਿਆਂ ਪੁੱਛਿਆ।

“ਅੰਦਰਦੀ ਕੋਈ ਗੱਲ ਨਹੀਂ...ਜੋ ਹੈ..ਬਾਹਰ ਦੀ ਹੈ...ਕਈ ਸਾਲ ਪਹਿਲਾਂ ਮੇਰੇ ਜੀਵਨ ਵਿਚ ਵਾਪਰਦੀ ਰਹੀ ਹੈ।”

“ਕਈ ਸਾਲ ਪਹਿਲਾਂ...? ਤੈਂ ਇਹ ਭੇਦ ਕਦੇ ਸਾਂਝਾ ਨਹੀਂ ਕੀਤਾ..!”

“ਫੇਰ ਉਹੋ ਗੱਲ...ਕੋਈ ਭੇਦ ਨਹੀਂ ਜੀ...ਨਾ ਗੁੱਝਾ ਤੇ ਨਾ ਨਿੱਕਾ ਜਿਹਾ...ਜਿੰਦਗੀ ਵਿਚ ਕਈ ਤਰ੍ਹਾਂ ਦੇ ਲੋਕ ਆਉਂਦੇ ਨੇ...ਹਰ ਇਕ ਵਿਚ ਕੋਈ ਨਾ ਕੋਈ ਵਿਲੱਖਣ ਗੱਲ ਹੁੰਦੀ ਐ...ਉਹੋ ਜਿਹੀ ਗੱਲ ਜਾਂ ਉਹੋ ਜਿਹਾ ਕਿਰਦਾਰ ਕਿਸੇ ਮੋੜ ’ਤੇ ਆ ਜਾਂਦਾ ਹੈ ਤਾਂ ਬੀਤੇ ਪਲ ਅੱਖਾਂ ਅੱਗੇ ਰੂਪਮਾਨ ਹੋਣ ਵਿਚ ਦੇਰ ਨਹੀਂ ਲਾਉਂਦੇ।”

“ਤੈਂ ਤਾਂ ਇਸ ਨਿੱਕੀ ਜਿਹੀ ਗੱਲ ਨੂੰ ਦਾਰਸ਼ਨਿਕ ਰੰਗ ਦੇ ਦਿੱਤੈ...ਗੁਡ...!”

“ਥੈਂਕਸ..ਪਰ ਇਹ ਤਾਂ ਆਮ ਵਰਤਾਰਾ ਏ!”

“ਚਲ ਹੁਣ ਕੰਮ ਦੀ ਗੱਲ ਕਰ..!”

“ਮੈਂ ਆਪਣੇ ਕੈਰਿਅਰ ਦੇ ਸ਼ੁਰੂ ਦੇ ਦੌਰ ਵਿਚੋਂ ਗੁਜ਼ਰ ਰਹੀ ਸਾਂ..। ਕਈ ਗੱਲਾਂ ਦਾ ਪਤਾ ਨਹੀਂ ਸੀ...ਆਪਣੇ ਸੀਨੀਅਰਸ ਕੋਲੋਂ ਮਦਦ ਲਈਦੀ ਸੀ। ਉਹ ਵਿਚਾਰੇ ਬਹੁਤ ਚੰਗੀ ਤਰ੍ਹਾਂ ਪੇਸ਼ ਆਉਂਦੇ ਤੇ ਗੱਲ ਦੀ ਤੰਦ ਫੜਨ ਵਿਚ ਸਹਾਇਤਾ ਕਰਦੇ ਸਨ...!”

“ਉਹ ਜਰੂਰ ਮੁੰਡੇ ਹੋਣਗੇ...!”

“ਨਹੀਂ, ਕੁੜੀਆਂ ਵੀ ਹੁੰਦੀਆਂ ਸਨ...ਮੁੰਡਾ ਕੀ ਤੇ ਕੁੜੀ ਕੀ...ਸਾਡੇ ਮਨਾਂ ਵਿਚ ਲਿੰਗ ਭੇਦ ਉੱਕਾ ਈ ਨਹੀਂ ਹੁੰਦਾ ਸੀ...ਸਾਰਿਆਂ ਦਾ ਰੁੱਖ ਦੋਸਤਾਨਾ ਹੁੰਦਾ ਸੀ...ਹਮਦਰਦੀ ਵਾਲਾ...ਪਿਆਰ ਵਾਲਾ...ਨਵੇਂ ਬੰਦੇ ਨੂੰ ਉਤਸਾਹ ਦੇਣ ਵਾਲਾ...ਮੇਰੇ ਨਾਲ ਉਂਜ ਤਾਂ ਸਾਰੇ ਚੰਗੇ ਸਨ...ਪਰ ਉਨ੍ਹਾਂ ਵਿਚੋਂ ਇਕ ਭਲਾ ਲੋਕ...ਠੰਡੀ ਤਬੀਅਤ ਦਾ ਸੀ...ਗੁੱਸਾ ਤਾਂ ਕਦੇ ਉਹਨੂੰ ਚੜ੍ਹਦਾ ਹੀ ਨਹੀਂ ਸੀ। ਉਹ ਮਿਠ ਬੋਲੜਾ ਸੀ...ਪਰ ਬੋਲਦਾ ਬਹੁਤ ਘੱਟ ਸੀ...ਕੰਮ ਦੀ ਗੱਲ ਕਰਕੇ ਚੁੱਪ ਵੱਟ ਲੈਂਦਾ...ਹਾਸਾ ਮਜ਼ਾਕ ਵੀ ਬਹੁਤਾ ਨਹੀਂ ਕਰਦਾ ਸੀ। ਉਹਦੀ ਸੋਹਣੀ ਦਿੱਖ ਨੇ ਮੋਹ ਲਿਆ ਸੀ ਮੈਨੂੰ...ਮੈਂ ਅਚਨਚੇਤ ਹੀ ਉਸ ਵੱਲ ਖਿੱਚੀ ਗਈ। ਮੇਰੇ ਦਿਲ ਕਰਦਾ ਕਿ ਉਹ ਹਰ ਵੇਲੇ ਮੇਰੇ ਨਾਲ ਰਹੇ...ਮੇਰੇ ਨਾਲ ਗੱਲਾਂ ਕਰੇ...ਮੇਰੇ ਨਾਲ ਹਾਸਾ ਮਜ਼ਾਕ ਕਰੇ...ਮੇਰੇ ਨਾਲ ਸਮਾਂ ਬਿਤਾਵੇ...! ਪਰ ਕਿੱਥੇ ਜੀ...ਉਹ ਹਰ ਵੇਲੇ ਆਪਣੀ ਦੁਨੀਆਂ ਵਿਚ ਗੁਆਚਾ ਰਹਿੰਦਾ...!”

“ਜੇ ਏਨਾ ਚਾਹੁੰਦੀ ਸੀ ਤਾਂ ਉਹਨੂੰ ਲਿਫਟ ਦਿੰਦੀ...ਉਹਨੇ ਆਪੇ ਈ ਖੁਲ੍ਹ ਜਾਣਾ ਸੀ।” ਸਹੇਲੀ ਨੇ ਟੌਣਾ ਮਾਰਿਆ।

“ਲਿਫਟ ਤਾਂ ਬਥੇਰੀ ਦਿੱਤੀ ਪਰ ਉਸ ਨੇ ਕਦੇ ਗੌਲਿਆ ਈ ਨਹੀਂ..!”

“ਫੇਰ ਕੀ ਹੋਇਆ..?” ਸਹੇਲੀ ਨੇ ਸਵਾਦ ਲੈਣ ਲਈ ਪੁੱਛਿਆ।

“ਪੁੱਛ ਤਾਂ ਇੰਜ ਰਹੀ ਐ ਜਿੱਦਾਂ ਲੈਲਾ-ਮਜਨੂੰ ਦੀ ਕਹਾਣੀ ਹੋਵੇ...ਇਹੋ ਜਿਹੀ ਵੀ ਕੋਈ ਗੱਲ ਨਹੀਂ ਸੀਂ...।”

“ਨਾ ਸਹੀ...ਤੂੰ ਅੱਗੇ ਦੀ ਗੱਲ ਕਰ...!”

“...ਪਤਾ ਨਹੀਂ ਕਿਉਂ...ਉਹ ਇਕ ਦਿਨ ਮੇਰੇ ਪਾਸ ਆਇਆ...ਕੋਲ ਬਹਿ ਗਿਆ...ਮੈਂ ਖੁਸ਼ ਹੋਈ...ਪਰ ਜਦ ਉਹਦਾ ਗੰਭੀਰ ਚਿਹਰਾ ਤੱਕਿਆ ਤਾਂ ਮੇਰੀ ਖੁਸ਼ੀ ਠੰਡੀ ਪੈ ਗਈ...ਮੈਂ ਧਿਆਨ ਨਾਲ ਉਹਦੇ ਵੱਲ ਦੇਖਣ ਲੱਗੀ..। ਉਹਦੇ ਮੂੰਹੋਂ ਬੋਲ ਨਿਕਲ ਨਹੀਂ ਰਹੇ ਸਨ...ਖਬਰੇ ਇਹ ਪਿਆ ਸੋਚ ਰਿਹਾ ਹੋਵੇ... ‘ਕਹਾਂ ਜਾਂ ਨਾ ਕਹਾਂ..’ ਦਸ ਪੰਦਰਾਂ ਮਿਨਟ ਲੰਘ ਗਏ ਤਾਂ ਮੈਂ ਪੁੱਛ ਲਿਆ... “ਤੁਸੀਂ ਕੁਝ ਕਹਿਣਾ ਚਾਹੁੰਦੇ ਹੋ...” “ਜੀ...ਨਹੀਂ ਕੁਝ ਨਹੀਂ...ਤੁਸੀਂ ਕਰੋ ਆਪਣਾ ਕੰਮ...” ਏਨਾ ਕਹਿ ਕੇ ਉਹ ਉਠਿਆ ਤੇ ਮੈਥੋਂ ਹਟ ਕੇ ਪਰ੍ਹੇ ਜਾ ਖਲੋਤਾ। “ਚੰਗਾ ਬੰਦਾ ਏ..ਜੇ ਗੱਲ ਨਹੀਂ ਕਰਨੀ ਸੀ ਤਾਂ ਰੋਂਦੂਆਂ ਵਾਲਾ ਮੂੰਹ ਬਣਾਉਣ ਦੀ ਕੀ ਲੋੜ ਸੀ...ਮੇਰੇ ਕੋਲ ਬੈਠਣ ਨਾਲ ਉਹਨੂੰ ਕੰਡੇ ਲੱਗਦੇ ਸਨ ਜਿਹੜਾ ਪਰ੍ਹੇ ਜਾ ਕੇ ਖਲੋ ਗਿਐ...!” ਮੈਨੂੰ ਇਸ ਗੱਲ ਦਾ ਰੋਸ ਸੀ।

“ਉਹਨੇ ਬਾਅਦ ਵਿਚ ਗੱਲ ਕੀਤੀ...?”

“ਕਿੱਥੇ ਜੀ, ਉਹਨੂੰ ਦੇਖ ਇਹੋ ਲੱਗਦਾ...ਉਹ ਕੋਈ ਗੱਲ ਕਰਨੀ ਚਾਹੁੰਦੈ...ਪਰ ਗੱਲ ਮੂੰਹੋਂ ਨਿਕਲੇ ਤਦ ਨਾ...। ਇਹੋ ਜਿਹੀ ਹਾਲਤ ਵਿਚ ਉਹ ਚੁੱਪ ਵੱਟ ਲੈਂਦਾ..!”

"ਕਿਸੇ ਸਾਹਮਣੇ ਬੋਲਣ ਤੋਂ ਝੱਕਦਾ ਹੋਉ...ਥੋੜ੍ਹਾ ਓਹਲੇ ਲੈ ਜਾਣਾ ਸੀ....ਹੋ ਸਕਦੈ ਉਹਦੇ ਅੰਦਰ ਦਾ ਕੜ ਪਾਟ ਜਾਂਦਾ..।" ਸਹੇਲੀ ਨੇ ਦਾਨੀ ਗੱਲ ਕੀਤੀ।

"ਉਹ ਤਾਂ ਉਂਜ ਈ ਮੇਰੇ ਪਾਸ ਆਉਣ ਤੋਂ ਤ੍ਰਹਿੰਦਾ ਸੀ...ਨੇੜੇ ਹੋ ਕੇ ਵੀ ਹਟ ਕੇ ਬਹਿਣ ਦਾ ਯਤਨ ਕਰਦਾ...ਓਹਲੇ ਜਾਣ ਦੀ ਗੱਲ ਈ ਨਾ ਕਰ...!"

"ਫੇਰ..?"

"ਉਸ ਵੇਲੇ ਤਾਂ ਉਹਨੇ ਕੋਈ ਗੱਲ ਨਾ ਕੀਤੀ...ਦੂਜੇ ਦਿਨ ਮਿਲਿਆ ਤਾਂ ਮੈਂ ਹੀ ਸਹਿਜੇ ਹੀ ਉਸ ਤੋਂ ਪੁੱਛਿਆ, "ਕਲ੍ਹ ਤੁਸੀਂ ਮੇਰੇ ਨਾਲ ਕੋਈ ਗੱਲ ਕਰਨੀ ਚਾਹੁੰਦੇ ਸੀ...ਪਰ ਕੀਤੀ ਨਹੀਂ...ਕੋਈ ਖਾਸ ਗੱਲ ਤਾਂ ਨਹੀਂ ਸੀ...!"

"ਗੱਲ ਤਾਂ ਖਾਸ ਹੀ ਸੀ...।" ਉਸ ਹੌਲੀ ਜਿਹੇ ਕਿਹਾ।

"ਦਸ ਨਾ ਫੇਰ...!"

"ਛੱਡੋ ਜੀ, ਤੁਸੀਂ ਕੀ ਲੈਣਾ ਨਿੱਕੀਆਂ-ਮੋਟੀਆਂ ਗੱਲਾਂ ਤੋਂ..!"

"ਲੈਣਾ ਭਾਵੇਂ ਕੁਝ ਨਹੀਂ ਹੁੰਦਾ ਪਰ ਜੇ ਗੱਲ ਕਰਨ ਨਾਲ ਬੰਦੇ ਦਾ ਮਨ ਹਲਕਾ ਹੋ ਜਾਵੇ ਤਾਂ ਇਸ ਵਿਚ ਹਰਜ ਵੀ ਕੋਈ ਨਹੀਂ..!"

"ਸਾਡਾ ਮਨ ਤਾਂ ਹਮੇਸ਼ਾ ਹਲਕਾ ਰਹਿੰਦੈ..!"

"ਮੈਂ ਸਮਝ ਗਈ, ਉਹ ਗੱਲ ਕਰਨੀ ਨਹੀਂ ਚਾਹੁੰਦਾ, ਮੇਰੇ ਲਈ ਇਹ ਨਵੀਂ ਗੱਲ ਨਹੀਂ ਸੀ...ਅੱਗੇ ਵੀ ਕਈ ਵਾਰ ਉਹਨੂੰ ਇਹੋ ਜਿਹੀ ਮਾਨਸਿਕ ਦਸ਼ਾ ਵਿਚੋਂ ਲੰਘਦੇ ਦੇਖਿਆ ਸੀ...ਪੁੱਛਣ ਦਾ ਯਤਨ ਕਰਦੇ ਤਾਂ ਹੱਥ ਪੱਲੇ ਕੁਝ ਨਹੀਂ ਪੈਂਦਾ ਸੀ...ਇਹੋ ਜਿਹਾ ਸੀ, ਉਹ..!"

"ਮੈਡਮ..." ਸ਼ਾਲੂ ਦੇ ਬੋਲਣ ਤੋਂ ਪਹਿਲਾਂ ਸੇਵਾਦਾਰਨੀ ਦਾ ਬੋਲ ਸੁਣਾਈ ਦਿੱਤਾ...! "ਦੱਸ..!" "ਬਾਹਰ ਕੁਝ ਲੋਕ ਬੈਠੇ ਨੇ...ਜੇ ਕਹੋ ਤਾਂ ਅੰਦਰ ਭੇਜ ਦੇਵਾਂ...?"

"ਇਸ ਤੋਂ ਅਗਲੀ ਕਥਾ ਬਾਅਦ ਵਿਚ...!" ਸ਼ਾਲੂ ਨੇ ਸਹੇਲੀ ਨੂੰ ਕਿਹਾ ਤੇ ਨਾਲ ਹੀ ਸੇਵਾਦਾਰਨੀ ਵੱਲ ਦੇਖਿਆ, "ਇਕ ਇਕ ਕਰਕੇ ਭੇਜੀ ਜਾਹ..!"

"ਵੋ ਕਹਾਨੀ ਫਿਰ ਸਹੀ...ਚੰਗਾ ਹੁਣ ਮੈਂ ਚਲਦੀ ਹਾਂ..ਤੈਨੂੰ ਦੇਰ ਲੱਗ ਜਾਵੇਗੀ...!" ਗੂਹੜੀ ਸਹੇਲੀ ਜਾਣ ਲਈ ਉਠ ਖਲੋਤੀ।

----0---

"ਮੈਡਮ, ਸਮਾਂ ਬਹੁਤ ਹੋ ਗਿਐ...ਹੁਣ ਉੱਠੋ...!" ਸ਼ਾਲੂ ਅਗਲੇ ਮਰੀਜ ਨੂੰ ਆਵਾਜ਼ ਮਾਰਨ ਵਾਲੀ ਹੀ ਸੀ ਕਿ ਸੇਵਾਦਾਰਨੀ ਨੇ ਵਿਚੋਂ ਟੋਕ ਦਿੱਤਾ। "ਉੱਪਰ ਘੜੀ ਵੱਲ ਦੇਖੋ...ਤੁਸੀਂ ਪਹਿਲਾਂ ਈ ਲੇਟ ਹੋ...!" ਸੇਵਾਦਾਰਨੀ ਕੰਧ 'ਤੇ ਲੱਗੇ ਕਲਾਕ ਵੱਲ ਮੈਡਮ ਦਾ ਧਿਆਨ ਖਿੱਚ ਰਹੀ ਸੀ।

"ਤੂੰ ਬਹੁਤ ਖਿਆਲ ਰੱਖਦੀ ਏਂ...ਦੱਸ ਮੈਂ ਤੇਰਾ ਦੇਣਾ ਕਿੱਥੇ ਦੇਵਾਂਗੀ..." ਇਹ ਕਹਿੰਦਿਆਂ ਸ਼ਾਲੂ ਮੈਡਮ ਸੀਟ ਤੋਂ ਉੱਠ ਖਲੋਤੀ... "ਮੈਡਮ ਇਕ ਹੋਰ ਗੱਲ ਐ...!" ਸੇਵਾਦਾਰਨੀ ਨੇ ਸੰਕੋਚ ਕਰਦਿਆਂ ਕਿਹਾ।

"ਉਹ ਜਿਹੜਾ ਬੰਦਾ ਆਇਆ ਸੀ...!"

"ਉਹਨੇ ਕੁਝ ਕਿਹਾ ਸੀ...?"

"ਕੁਝ ਕਿਹਾ ਤਾਂ ਨਹੀਂ...ਉਹ ਬੜੇ ਆਰਾਮ ਨਾਲ ਬੈਠਾ ਰਿਹਾ...ਇਕ-ਦੋ ਵਾਰ ਵਾਲ ਕਲਾਕ ਵੱਲ ਜਰੂਰ ਦੇਖਿਆ, ਫਿਰ ਕੁਝ ਯਾਦ ਕਰਕੇ ਉੱਠ ਖਲੋਤਾ...ਤੇ ਚਲਾ ਗਿਆ।"

"ਹੂੰ...ਉਸ ਵਾਂਗ ਹੀ..!" ਸ਼ਾਲੂ ਦੇ ਮੂੰਹੋਂ ਆਪ ਮੁਹਾਰੇ ਨਿਕਲਿਆ।

"ਕੌਣ ਮੈਡਮ...?" ਸੇਵਾਦਾਰਨੀ ਪੁੱਛ ਰਹੀ ਸੀ। ਡਾਕਟਰ ਮੈਡਮ (ਸ਼ਾਲੂ) ਦਾ ਉਸ ਵੱਲ ਧਿਆਨ ਗਿਆ ਤਾਂ ਉਹ ਸੁਚੇਤ ਹੋ ਗਈ... "ਐਵੇਂ ਕੋਈ ਪੁਰਾਣੀ ਗੱਲ ਸੀ...!" "ਠੀਕ ਹੈ ਮੈਡਮ" ਕਹਿੰਦੀ ਉਹ ਬਾਹਰ ਚਲੀ ਗਈ।

ਦੂਜਾ ਦਿਨ। ਅਜੇ ਬਹੁਤੇ ਮਰੀਜ ਨਹੀਂ ਆਏ ਸਨ। ਜਿਹੜੇ ਇੱਕਾ-ਦੁੱਕਾ ਆਏ...ਉਹਨਾਂ ਨੂੰ ਭੁਗਤਾਣ ਵਿਚ ਕਿੰਨੀ ਦੇਰ ਲੱਗਦੀ ਏ..! ਕਹਿੰਦੇ ਨੇ ਖਾਲੀ ਦਿਮਾਗ ਸ਼ੈਤਾਨ ਦੀ ਟਕਸਾਲ ਹੁੰਦਾ ਏ...ਪਰ ਮੈਡਮ ਤਾਂ ਇਹੋ ਜਿਹੀ ਨਹੀਂ ਸੀ। ਉਹ ਵੀ ਖਾਲੀ ਬੈਠੀ ਸੀ...ਪਰ ਪੁਰਾਣੀਆਂ ਯਾਦਾਂ ਹੱਥ ਆਏ ਮੌਕੇ ਕਿੱਥੋਂ ਜਾਣ ਦਿੰਦੀਆਂ ਨੇ। ਮੈਡਮ ਦੇ ਨਾਂਹ ਨਾਂਹ ਕਰਦਿਆਂ ਵੀ ਉਹਨਾਂ ਦੀ ਇਕ ਕੰਨੀ ਬਦੋ ਬਦੀ ਖੁਲ੍ਹ ਗਈ। ਮੈਡਮ ਨੇ ਬਥੇਰਾ ਤਾਣ ਲਾਇਆ...ਇਹ ਕੰਨੀ ਹੋਰ ਨਾ ਖੁਲ੍ਹੇ ਪਰ ਉਹ ਖਹਿੜੇ ਪੈ ਗਈ ਤੇ ਖੁਲ੍ਹਦੀ ਹੀ ਚਲੀ ਗਈ।

----0---

ਟੀਚਰ ਅਜੇ ਆਈ ਨਹੀਂ ਸੀ। ਮੈਡੀਕਲ ਦੇ ਸਾਰੇ ਵਿਦਿਆਰਥੀ ਸਮੇਂ ਤੋਂ ਪਹਿਲਾਂ ਪੁੱਜ ਚੁੱਕੇ ਸਨ। ਕਹਿੰਦੇ ਨੇ, ਇੰਤਜਾਰ ਦੀਆਂ ਘੜੀਆਂ ਲੰਮੀਆਂ ਹੁੰਦੀਆਂ ਨੇ। ਫੌਜੀ ਜਵਾਨਾਂ ਵਾਂਗ ਐਵੇਂ ਤਾਂ ਕੋਈ ਅਟੈਨਸ਼ਨ ਹੁੰਦਾ ਨਹੀਂ। ਕੀ ਕੁੜੀਆਂ ਤੇ ਕੀ ਮੁੰਡੇ...ਸਭ ਆਪੋ ਆਪਣੀ ਥਾਂ ਬੈਠੇ ਦਰਵਾਜੇ ਵੱਲ ਤੱਕ ਰਹੇ ਸਨ। ਮੁੰਡੇ ਕੁੜੀਆਂ ਵਿਚ ਖੁਸਰ-ਫੁਸਰ ਹੋਣ ਲੱਗੀ।

"ਲੱਗਦੈ...ਅਜ ਟੀਚਰ ਲੇਟ ਆਏਗੀ...!" ਇਕ ਨਾਲ ਦੀ ਸੀਟ 'ਤੇ ਬੈਠੇ ਆਪਣੇ ਸਾਥੀ ਨੂੰ ਕਹਿ ਰਿਹਾ ਸੀ।

"ਮੈਨੂੰ ਨਹੀਂ ਲੱਗਦਾ...ਉਹ ਲੇਟ ਹੋਵੇਗੀ...ਉਂਜ ਵੀ ਅਜੇ ਪੰਜ ਮਿਨਟ ਰਹਿੰਦੇ ਨੇ...।" ਦੂਜੇ ਨੇ ਘੜੀ ਦੇਖਦਿਆਂ ਕਿਹਾ।

"ਮੈਂ ਉਨ੍ਹਾਂ ਨੂੰ ਰਾਹ ਵਿਚ ਕਾਲਜ ਆਉਂਦਿਆਂ ਦੇਖਿਆ ਸੀ...1" ਪਿਛਲੀ ਸੀਟ 'ਤੇ ਬੈਠੀ ਵਿਦਿਆਰਥਣ ਨੇ ਦਸਿਆ।

"ਫੇਰ ਉਹ ਆਈ ਕਿ ਆਈ...!" ਨਾਲ ਦੀ ਨੇ ਤਸੱਲੀ ਦਿੱਤੀ।

ਜਿਥੇ ਇਹੋ ਜਿਹੀਆਂ ਗੱਲਾਂ ਹੋ ਰਹੀਆਂ ਸਨ..ਉਥੇ ਕੁਝ ਜਣੇ ਸੀਟਾਂ 'ਤੇ ਬੈਠੇ ਸੁਸਤਾ ਰਹੇ ਸਨ, ਕਝ ਗੱਪਾਂ ਮਾਰ ਰਹੇ ਸਨ, ਕੁਝ ਇਕ-ਦੂਜੇ ਨਾਲ ਮਜਾਕ ਕਰ ਰਹੇ ਸਨ, ਇਕ-ਦੋ ਤਾਂ ਕਿਸੇ ਡੂੰਘੀ ਸੋਚ ਵਿਚ ਮਗਨ ਸਨ। ਸਭ ਕੁਝ ਆਮ ਵਾਂਗ। ਟੀਚਰ ਆਈ। ਰੋਲ ਕਾਲ ਮਗਰੋਂ ਲੈਕਚਰ ਸ਼ੁਰੂ ਕੀਤਾ...ਕਲਾਸ ਵਿਚ ਪਿਨ ਡਰਾਪ ਸਾਈਲੈਂਸ ਸੀ। ਵਿਸ਼ਾ ਚੀੜ੍ਹਾ ਸੀ...ਸਾਰੇ ਪੂਰੇ ਧਿਆਨ ਨਾਲ ਸੁਣ ਰਹੇ ਸਨ...ਪਰ....ਪਰ...ਪਿੱਛੇ ਬੈਠੀ ਸ਼ਾਲੂ ਦੀ ਤਬੀਅਤ ਅਚਾਨਕ ਵਿਗੜ ਗਈ...ਨਾਲ ਬੈਠੀਆਂ ਕੁੜੀਆਂ ਤੇ ਮੁੰਡਿਆਂ ਦਾ ਧਿਆਨ ਉਸ ਵੱਲ ਬਦੋ ਬਦੀ ਖਿਚਿਆ ਗਿਆ... "ਕੀ ਹੋਇਐ...ਕੀ ਹੋਇਐ...ਕੀ ਹੋਇਐ..." ਸਾਰੀ ਕਲਾਸ ਵਿਚੋਂ ਆਵਾਜ਼ਾਂ ਉੱਠਣ ਲੱਗੀਆਂ...ਟੀਚਰ ਉਹਦੀ ਸੀਟ ਵੱਲ ਭੱਜੀ ਆਈ...ਉਸ ਨੂੰ ਦੇਖਿਆ... "ਡਿਹਾਈਡਰੇਸ਼ਨ ਤਾਂ ਨਹੀਂ ਲੱਗਦੀ...ਘਾਬਰਨ ਦੀ ਲੋੜ ਨਹੀਂ...ਇਹਨੂੰ ਮੇਰੇ ਕਮਰੇ ਵਿਚ ਲੈ ਆਓ...ਡਾਕਟਰ ਨੂੰ ਦਿਖਾਉਂਦੇ ਹਾਂ.." ਉਸ ਇਕ-ਦੋ ਵਿਦਿਆਰਥੀਆਂ ਨੂੰ ਕੁਝ ਹਿਦਾਇਤਾਂ ਇੱਤੀਆਂ ਤੇ ਪ੍ਰਿੰਸੀਪਲ ਦੇ ਕਮਰੇ ਵਿਚ ਚਲੀ ਗਈ।

----0---

"ਇਹੋ ਜਿਹੀ ਗਲਤੀ ਫੇਰ ਨਾ ਕਰੀਓ..." ਡਿਸਪੈਂਸਰੀ ਵਿਚੋਂ ਬਾਹਰ ਨਿਕਲਦਾ ਸਮੀਰ ਬੋਲ ਰਿਹਾ ਸੀ।

"ਕੁਝ ਨਹੀਂ ਹੋਇਆ ਮੈਨੂੰ...ਐਵੇਂ ਚੱਕਰ ਜਿਹਾ ਆ ਗਿਆ ਸੀ। ਕਦੇ ਅੱਗੇ ਨਾ ਪਿੱਛੇ, ਇਹੋ ਜਿਹੀ ਹਾਲਤ ਪਹਿਲਾਂ ਕਦੇ ਨਹੀਂ ਹੋਈ..!" ਸ਼ਾਲੂ ਨੇ ਉਸ ਦਾ ਖਿੜਿਆ ਚਿਹਰਾ ਦੇਖ ਸਫਾਈ ਦੇਣ ਦਾ ਯਤਨ ਕੀਤਾ।

“ਚਲ ਕੋਈ ਨਾ...ਅਸੀਂ ਤਾਂ ਘਬਰਾ ਈ ਗਏ ਸੀ..! ਡਾਕਟਰ ਨੇ ਵੀ ਇਹੋ ਕਿਹਾ ਸੀ, ਬਦਲਦੇ ਮੌਸਮ ਦਾ ਅਸਰ ਹੈ...!” ਸਮੀਰ ਨੇ ਸ਼ਾਲੂ ਦੀ ਸੰਭਲੀ ਹਾਲਤ ਦੇਖ ਤਸੱਲੀ ਪ੍ਰਗਟਾਈ। ਪ੍ਰੈਕਟੀਕਲ ਦਾ ਕੁਝ ਕੰਮ ਕਰਨ ਵਾਲਾ ਰਹਿੰਦਾ ਸੀ...ਦੋਵੇਂ ਜਣੇ ਕਾਲਜ ਦੀ ਲਬਾਟਰੀ ਵੱਲ ਹੋ ਤੁਰੇ। ਸਵੇਰ ਦੀ ਢਿਲੀ...ਹੌਲੀ ਹੌਲੀ ਤੁਰਨ ਵਾਲੀ ਸ਼ਾਲੂ ਦੀ ਗਤੀ ਪਹਿਲਾਂ ਨਾਲੋਂ ਤੇਜ ਹੋ ਚੁੱਕੀ ਸੀ। ਉਹਦੀ ਚਾਲ ਦੇਖ ਸਮੀਰ ਸੋਚਣ ਲੱਗਾ...ਇਹ ਉਹੀ ਸ਼ਾਲੂ ਏ ਜਿਸ ਨੂੰ ਦੇਖ ਉਹ ਚਿੰਤਿਤ ਹੋਇਆ ਪੁੱਛ ਬੈਠਾ ਸੀ, “ਕੀ ਗੱਲ ਤੁਸੀਂ ਠੀਕ ਤਾਂ ਹੋ..?”

“ਸਵੇਰੇ ਦੀ ਤਬੀਅਤ ਠੀਕ ਨਹੀਂ...!”

“ਜੇ ਤਬੀਅਤ ਠੀਕ ਨਹੀਂ ਸੀ ਤਾਂ ਕਾਲਜ ਕਿਉਂ ਆਏ...?”

“ਕੁਝ ਕੰਮ ਸੀ ਕਰਨ ਵਾਲਾ...ਇਸ ਲਈ ਮੇਰਾ ਆਉਣਾ ਜ਼ਰੂਰੀ ਸੀ।”

“ਉਹ ਤਾਂ ਠੀਕ ਹੈ...ਪਰ ਜੇ ਬੰਦਾ ਕੰਮ ਕਰਨ ਦੀ ਹਾਲਤ ਵਿਚ ਹੀ ਨਾ ਹੋਵੇ ਤਾਂ ਦੇਖਣਾ ਪੈਂਦੈ..।”

“ਯੂ ਆਰ ਰਾਈਟ...ਕੰਮ ਖਤਮ ਕਰਕੇ ਮੈਂ ਛੁੱਟੀ ਕਰ ਲਵਾਂਗੀ।”

“ਮੈਂ ਕੁਝ ਕਰ ਸਕਦਾਂ ਹਾਂ ਤਾਂ ਤੁਸੀਂ ਨਿਰਸੰਕੋਚ ਹੋ ਕੇ ਕਹਿ ਸਕਦੇ ਹੋ..!” ਸਮੀਰ ਨੇ ਮਦਦ ਦਾ ਹੱਥ ਅੱਗੇ ਵਧਾਇਆ। ਗੱਲ ਆਈ ਗਈ ਹੋ ਗਈ। ਹੁਣ ਉਹ ਠੀਕ ਠਾਕ ਸੀ।

“ਜੇ ਕੋਈ ਜਰੂਰੀ ਕੰਮ ਨਹੀਂ ਤਾਂ ਮੇਰੇ ਨਾਲ ਲਬਾਟਰੀ ਵਿਚ ਚੱਲੋਗੇ..?” ਸ਼ਾਲੂ ਦੇ ਮਾਖਿਓਂ ਮਿੱਠੇ ਬੋਲ ਉਹਦੇ ਕੰਨਾਂ ਵਿਚ ਪਏ।

“ਜਰੂਰ...!”

ਸਮੀਰ ਨੇ ਕੋਈ ਕਿੰਤੂ ਪਰੰਤੂ ਨਹੀਂ ਸੀ ਕੀਤਾ। ਉਹ ਚੁਪ ਚੁਪੀਤਾ ਸ਼ਾਲੂ ਦੇ ਮਗਰ ਤੁਰ ਪਿਆ। ਉਹਨੂੰ ਵੀ ਲਬਾਟਰੀ ਵਿਚ ਥੋੜ੍ਹਾ ਬਹੁਤਾ ਕੰਮ ਸੀ...ਪਰ ਇਹ ਏਨਾ ਵੀ ਜ਼ਰੂਰੀ ਨਹੀਂ ਸੀ ਕਿ ਇਸ ਸਮੇਂ ਉਥੇ ਗਏ ਬਿਨਾਂ ਸਰਦਾ ਨਾ ਹੋਵੇ...ਸ਼ਾਲੂ ਦੇ ਬੋਲ ਸੁਣ ਉਹ ਵੀ ਉੱਧਰ ਈ ਤੁਰ ਪਿਆ। ਉਹਦਾ ਕੰਮ ਤਾਂ ਜਾਂਦਿਆਂ ਈ ਮੁਕ ਗਿਆ ਸੀ ਪਰ ਸ਼ਾਲੂ ਨੇ ਜਾਣੋਂ ਗਿੱਲਾ ਪੀਹਣ ਪਾ ਲਿਆ ਹੋਵੇ...ਦੋ ਘੰਟਿਆਂ ਤੋਂ ਵੱਧ ਸਮਾਂ ਲੱਗ ਗਿਆ ਸੀ। ਉਹ ਵਿਹਲੀ ਹੋਈ ਤਾਂ ਸਮੀਰ ਦੀ ਜਾਨ ਛੁੱਟੀ। ਭਾਵੇਂ ਡਾਕਟਰ ਨੇ ਇਹ ਕਹਿ ਕੇ ਤੋਰ ਦਿੱਤਾ ਸੀ, “ਮਾਮੂਲੀ ਬੁਖਾਰ ਹੈ। ਘਬਰਾਉਣ ਦੀ ਲੋੜ ਨਹੀਂ। ਦਵਾਈ ਖਾ ਕੇ ਆਰਾਮ ਕਰੋ...ਸ਼ਾਮ ਤਕ ਨੌ ਬਰ ਨੌ ਹੋ ਜਾਵੋਗੇ..!” ਤਾਂ ਉਹਦੇ ਸਿਰੋਂ ਮਣਾਂ ਮੂੰਹੀਂ ਬੋਝ ਉੱਤਰ ਗਿਆ ਸੀ। ਪਰ ਜਿਸ ਤਰ੍ਹਾਂ ਸ਼ਾਲੂ ਸਭ ਭੁੱਲ ਭੁਲਾ ਕੇ ਕੰਮ ਵਿਚ ਜੁਟ ਗਈ ਸੀ, ਉਸ ਨੂੰ ਥੋੜ੍ਹੀ ਚਿੰਤਾ ਜਰੂਰ ਹੋਈ..।

ਸਾਲਾਂ ਬਾਅਦ ਖੁਲ੍ਹੀਆਂ ਯਾਦਾਂ ਦੀ ਇਸ ਨਿੱਕੀ ਜਿਹੀ ਕੰਨੀ ਨੇ ਸਮੀਰ ਨਾਲ ਬਿਤਾਏ ਇਕ-ਇਕ ਪਲ ਨੂੰ ਮੁੜ ਸੁਰਜੀਤ ਕਰ ਦਿੱਤਾ।

“ਵੈਰੀ ਕੋਆਪਰੇਟਿਵ, ਵੈਰੀ ਕੇਅਰਿੰਗ...ਇਹੋ ਜਿਹੇ ਬੰਦੇ ਕਿਥੇ ਮਿਲਦੇ ਨੇ..! ਜਾਨ ਤਕ ਦੀ ਬਾਜੀ ਲਗਾ ਦਿੰਦਾ ਸੀ ਉਹ...ਪਰਵਾਹ ਨਹੀਂ ਸੀ ਕਰਦਾ...ਪਿੱਛੇ ਹਟਣ ਦਾ ਤਾਂ ਸਵਾਲ ਹੀ ਨਹੀਂ...ਇਹੋ ਜਿਹਾ ਸੀ...ਵਿਲੱਖਣ...ਸਾਰਿਆਂ ਤੋਂ ਅੱਡ..।” ਸ਼ਾਲੂ ਨੇ ਮਨ ਹੀ ਮਨ ਸਮੀਰ ਦੀ ਸ਼ਲਾਘਾ ਕੀਤੀ। ਯਾਦਾਂ ਦੀ ਇਕ ਹੋਰ ਕੰਨੀ ਬਦੋ ਬਦੀ ਖੁਲ੍ਹ ਗਈ। ਇਕ ਦਿਨ ਗੱਲ ਦੀ ਹੈ। ਉਹ ਆਪਣੇ ਕੰਮ ਦੇ ਸਬੰਧ ਵਿਚ ਕਿਸੇ ਦੁਰੇਡੀ ਥਾਂ ਗਈ ਸੀ। ਘਰ ਮੁੜਦਿਆਂ ਦੇਰ ਹੋ ਗਈ ਸੀ। ਕਲੋਨੀ ਦਾ ਸਟਾਪ ਆਇਆ...ਉਹ ਬੱਸ ਤੋਂ ਹੇਠਾਂ ਉੱਤਰੀ...ਘਰ ਜਾਣ ਲਈ ਅੱਗੇ ਵਧੀ ਸੀ ਕਿ ਕੁਝ ਗੁੰਡਿਆਂ ਨੇ ਹਨੇਰੇ ਦਾ ਲਾਭ ਲੈ ਕੇ ਅੱਗੋਂ ਘੇਰ ਲਿਆ...ਇਕ ਨੇ ਤਾਂ ਉਸ ਨੂੰ ਪਿੱਛੋਂ ਜੱਫਾ ਮਾਰ ਲਿਆ। ਗੁੰਡਿਆਂ ਦਾ ਅਚਨਚੇਤ ਹਮਲਾ ਹੋਇਆ ਤਾਂ ਉਹ ਘਾਬਰ ਜਰੂਰ ਗਈ ਪਰ ਹੌਸਲਾ ਨਹੀਂ ਛੱਡਿਆ...ਉਨ੍ਹਾਂ ਦਾ ਮੁਕਾਬਲਾ ਕਰਨ ਦਾ ਯਤਨ ਕੀਤਾ...ਗੁੰਡਿਆਂ ਦੀ ਗਿਣਤੀ ਵੱਧ ਸੀ...ਉਸ ਦੀ ਕੋਈ ਪੇਸ਼ ਨਾ ਗਈ...ਤਾਂ ਉਸ ਰੌਲਾ ਪਾ ਦਿੱਤਾ...ਚੰਗੇ ਭਾਗਾਂ ਨੂੰ ਉਸ ਸਮੇਂ ਇਕ ਹੋਰ ਬਸ ਸਟਾਪ ’ਤੇ ਰੁਕੀ...ਕੁਝ ਮੁਸਾਫਰ ਹੇਠਾਂ ਉੱਤਰੇ...ਚੀਕ ਦੀ ਆਵਾਜ਼ ਉਨ੍ਹਾਂ ਦੇ ਕੰਨਾਂ ਵਿਚ

ਪਈ... 'ਕੀ ਹੋਇਆ...ਕੀ ਹੋਇਆ'...ਉਨ੍ਹਾਂ ਦੇ ਮੂੰਹੋਂ ਨਿਕਲਿਆ...ਉਹ ਉਧਰ ਦੌੜੇ ਤਾਂ ਗੁੰਡੇ ਉਹਨੂੰ ਛੱਡ ਖਿਸਕ ਗਏ...। ਉਹ ਵਾਲ ਵਾਲ ਬਚ ਗਈ...ਪਰ ਇਸ ਘਟਨਾ ਦਾ ਦਰਦ..ਉਹਨੂੰ ਪੂਰੀ ਰਾਤ ਸਤਾਉਂਦਾ ਰਿਹਾ..।

"ਤੂੰ ਮੈਨੂੰ ਦੱਸ ਨਹੀਂ ਸਕਦੀ ਸੀ...?" ਸਮੀਰ ਦਾ ਰੋਸਾ ਬੋਲ ਰਿਹਾ ਸੀ।

"ਇਸ ਵਿਚ ਦੱਸਣ ਵਾਲੀ ਕਿਹੜੀ ਗੱਲ ਸੀ...?"

"ਜੇ ਕੋਈ ਗੱਲ ਨਹੀਂ ਸੀ ਤਾਂ ਦੂਜਿਆਂ ਨੂੰ ਇਸ ਦੀ ਭਿਣਕ ਕਿਵੇਂ ਪੈ ਗਈ...?"

"ਦੋਸਤਾਂ ਮਿੱਤਰਾਂ ਨੂੰ ਦਸ ਹੋ ਜਾਂਦੈ..!"

"ਤੇ ਅਸੀਂ ਬੇਗਾਨੇ ਹੋਏ...ਤਾਂ ਹੀ.." ਸਮੀਰ ਚੀਕਿਆ।

"ਓ ਨੋ ਮਾਈ ਡਿਅਰ...ਪਲੀਜ਼ ਡੋਂਟ ਮਾਇੰਡ...ਗਲਤੀ ਹੋ ਗਈ...!" ਸ਼ਾਲੂ ਨੇ ਕੰਨਾਂ ਨੂੰ ਹੱਥ ਲਾਏ।

"ਮਾਫੀ ਮਿਲ ਸਕਦੀ ਹੈ...ਪਰ ਇਕ ਸ਼ਰਤ 'ਤੇ..!" ਸਮੀਰ ਨੇ ਢੈਲਾ ਪੈਂਦਿਆਂ ਕਿਹਾ।

"ਤੁਸੀਂ ਜੋ ਕਹੋਗੇ...ਮੈਂ ਉਹੋ ਕਰਾਂਗੀ...ਖੁਸ਼...?"

"ਮੈਂ ਤੁਹਾਨੂੰ ਘਰ ਛੱਡਣ ਜਾਵਾਂਗਾ...।"

"ਨਹੀਂ, ਇਹ ਨਹੀਂ ਹੋ ਸਕਦਾ। ਉਹ ਬੜੇ ਖ਼ਤਰਨਾਕ ਬੰਦੇ ਨੇ...ਉਨ੍ਹਾਂ ਦਾ ਇੰਤਜਾਮ ਮੈਂ ਕਰ ਦਿੱਤੈ..ਤੁਸੀਂ ਚਿੰਤਾ ਨਾ ਕਰੋ..!"

"ਕੀ ਇੰਤਜਾਮ ਕੀਤਾ ਏ..?"

"ਰਿਸ਼ਤੇ ਵਿਚੋਂ ਮੇਰੇ ਭਰਾ ਪੁਲਸ ਦੇ ਵੱਡੇ ਅਫਸਰ ਨੇ...ਉਨ੍ਹਾਂ ਨੂੰ ਮੈਂ ਕਹਿ ਦਿੱਤਾ ਹੈ..ਉਹ ਕੁਝ ਨਾ ਕੁਝ ਕਰ ਦੇਣਗੇ...ਸਮੱਸਿਆ ਕੇਵਲ ਅੱਜ ਦੀ ਹੈ...।" ਉਸ ਚਿੰਤਿਤ ਹੁੰਦਿਆਂ ਕਿਹਾ। ਸ਼ਾਲੂ ਦੀ ਗੱਲ ਸੁਣ ਉਹ ਨਾ ਡਰਿਆ ਨਾ ਥਿੜਕਿਆ...ਇਕ ਦਮ ਬੋਲ ਪਿਆ, "ਕੋਈ ਗੱਲ ਨਹੀਂ। ਤੂੰ ਘਾਬਰ ਨਾ ਅੱਜ ਮੈਂ ਜਾਵਾਂਗਾ ਤੇਰੇ ਨਾਲ। ਤੇ ਨਾਲੇ ਦੇਖ ਲਵਾਂਗਾ ਉਹ ਕਿਹੜਾ ਖੱਬੀ ਖਾਨ ਹੈ ਜਿਸ ਸਾਡੀ ਸ਼ਾਲੂ ਨੂੰ ਛੇੜਨ ਦੀ ਹਿਮਾਕਤ ਕੀਤੀ ਏ।"

ਇਕ ਦਿਨ ਤਾਂ ਕੀ ਉਹ ਕਈ ਦਿਨ ਸ਼ਾਲੂ ਨੂੰ ਉਹਦੇ ਘਰ ਛੱਡਣ ਜਾਂਦਾ ਰਿਹਾ। ਇਹੋ ਜਿਹਾ ਸੀ ਉਹ...! ਇਹੋ ਜਿਹੇ ਹੋਰ ਵੀ ਕਈ ਮੌਕੇ ਆਏ...ਜਦ ਉਸ ਅੱਗੇ ਵੱਧ ਕੇ ਸ਼ਾਲੂ ਦੀ ਮਦਦ ਕੀਤੀ ਸੀ...। ਡਾਕਟਰੀ ਦੀਆਂ ਪੜ੍ਹਾਈਆਂ ਖ਼ਤਮ ਹੋਈਆਂ...। ਜਿੰਦਗੀ ਦੇ ਕਿਆਸੇ ਰਾਹਾਂ 'ਤੇ ਚੱਲਦੇ ਉਹ ਇਕ ਦੂਜੇ ਤੋਂ ਜੁਦਾ ਹੋ ਗਏ...ਕਾਰੋਬਾਰੀ ਤੇ ਗ੍ਰਹਿਸਥੀ ਜੀਵਨ ਦੀਆਂ ਜਿਮੇਵਾਰੀਆਂ ਆਉਂਦੀਆਂ ਗਈਆਂ...ਨਿਭਾਈਆਂ ਜਾਂਦੀਆਂ ਰਹੀਆਂ...ਪਰ ਕਿੰਨਾਂ ਵੀ ਰੁਝੇਵਾਂ ਕਿਉਂ ਨਾ ਹੋਵੇ...ਸਮੀਰ ਦੀਆਂ ਨਿੱਘੀਆਂ ਯਾਦਾਂ ਦੀ ਪੰਡ ਦਾ ਕੋਈ ਨਾ ਕੋਈ ਸਿਰਾ ਖੁਲ੍ਹਦਾ ਹੀ ਰਿਹਾ...ਤੇ ਸ਼ਾਲੂ ਮੁੜ ਮੁੜ ਉਨ੍ਹਾਂ ਵਿਚ ਗੁਆਚ ਜਾਂਦੀ...। ਇਹ ਜੀਵਨ ਵੀ ਕਿੰਨਾ ਅਜੀਬ ਏ..ਸੱਚ ...!

----0---

ਸ਼ਾਲੂ ਮਰੀਜਾਂ ਨੂੰ ਦੇਖਣ ਦੇ ਕੰਮ ਵਿਚ ਰੁੱਝੀ ਹੋਈ ਸੀ। ਹੁਣ ਤਕ ਸਿਰ ਖੁਰਕਣ ਦੀ ਵਿਹਲ ਨਹੀਂ ਮਿਲੀ ਸੀ। ਇਕ ਜਾਂਦਾ ਤੇ ਦੋ ਹੋਰ ਆ ਜਾਂਦੇ। ਮਸ਼ੀਨ ਵੀ ਜਿਆਦਾ ਗਰਮ ਹੋ ਜਾਣ ਤੇ ਕੰਮ ਨਹੀਂ ਕਰਦੀ...ਕੁਝ ਦੇਰ ਰੁਕਣਾ ਪੈ ਜਾਂਦਾ ਏ...ਫੇਰ ਇਨਸਾਨ...ਹੱਡ ਮਾਸ ਦਾ ਪੁਤਲਾ...ਕਿੱਥੋਂ ਤਕ ਚੱਲਦਾ ਰਹੇ...ਜੇ ਉਹ ਆਪ ਨਹੀਂ ਰੁਕਦਾ ਤਾਂ ਸ਼ਰੀਰ ਅੜ ਜਾਂਦਾ ਏ...ਉਹ ਨਹੀਂ ਚਲਦਾ...ਸ਼ਾਲੂ ਦਾ ਹਾਲ ਵੀ ਕੁਝ ਇਹੋ ਜਿਹਾ ਹੋ ਗਿਆ ਸੀ। ਇਕ ਮਰੀਜ ਨੂੰ ਦੇਖ ਕੇ ਉਸ ਅੱਖਾਂ ਬੰਦ ਕਰ ਲਈਆਂ...ਮੁਸ਼ਕਲ ਨਾਲ ਦੋ-ਚਾਰ ਮਿਨਟ ਹੋਏ ਹੋਣਗੇ ਕਿ ਸੇਵਾਦਾਰਨੀ ਦੀ ਆਵਾਜ਼ ਕੰਨੀ ਪਈ.... "ਮੈਡਮ...!"

"ਹੂੰ...!"

"ਜੀ ਓਦਣ ਵਾਲਾ ਬੰਦਾ ਫੇਰ ਆਇਆ ਏ..!"

"ਕਦੇ ਕਿਸੇ ਜਾਨਵਰ ਨੂੰ ਵੀ ਇਥੇ ਆਉਂਦਾ ਤੱਕਿਆ ਏ...?"

"ਜੀ...!"

"ਭਲੀਏ ਲੋਕੇ ਇਥੇ ਬੰਦੇ ਈ ਆਉਂਦੇ ਨੇ...ਕੋਈ ਤਕਲੀਫ ਵਿਚ ਹੋਵੇਗਾ...ਓਦਣ ਨਹੀਂ ਮਿਲ ਸਕੀ...ਅੱਜ ਮਿਲ ਲਵਾਂਗੀ..ਭੇਜ ਦੇ ਉਹਨੂੰ ..." ਸ਼ਾਲੂ ਦਾ ਦਿਲ ਹੋਰ ਕਿਸੇ ਮਰੀਜ ਨੂੰ ਦੇਖਣ ਲਈ ਨਹੀਂ ਸੀ ਕਰਦਾ..."ਇਹ ਬੰਦਾ ਆਪਣੀ ਤਕਲੀਫ ਲੈ ਕੇ ਦੂਜੀ ਵਾਰ ਮਿਲਣ ਆਇਆ ਏ...ਉਹਨੂੰ ਨਾ ਮਿਲਾਂ...ਇਹ ਹੋ ਨਹੀਂ ਸਕਦਾ..." ਉਹ ਮਨ ਹੀ ਮਨ ਬੁਦਬੁਦਾਈ।

"ਮੈਂ ਅੰਦਰ ਆ ਸਕਦਾਂ...?" ਬਾਹਰੋਂ ਆਏ ਬੰਦੇ ਨੇ ਪੁੱਛਿਆ।

"ਅੰਦਰ ਤਾਂ ਤੁਸੀਂ ਆ ਈ ਚੁੱਕੇ ਹੋ...ਬਹਿ ਜਾਓ ਤੇ ਆਪਣੀ ਤਕਲੀਫ ਦੱਸੋ..!" ਸ਼ਾਲੂ ਨੇ ਉਸ ਵੱਲ ਦੇਖੇ ਬਿਨਾਂ ਕਿਹਾ।

"ਤਕਲੀਫ ਹੈ ਵੀ ਤੇ ਨਹੀਂ ਵੀ...?"

"ਮਤਲਬ..?"

"ਮਤਲਬ ਇਹ ਕਿ ਜਿਸ ਮਹਾਨ ਹਸਤੀ ਨੂੰ ਮਿਲਣ ਲਈ ਏਨੇ ਦਿਨਾਂ ਤੋਂ ਹੱਥ ਪੈਰ ਮਾਰਦਾ ਰਿਹਾਂ...ਉਹ ਨੇ ਤਾਂ ਸਾਡੇ ਵੱਲ ਦੇਖਿਆ ਈ ਨਹੀਂ..!"

ਉਹਦੀ ਗੱਲ ਸੁਣ ਸ਼ਾਲੂ ਨੇ ਅੱਖਾਂ ਖੋਲ੍ਹੀਆਂ...ਸਾਹਮਣੇ ਬੈਠਾ ਬੰਦਾ ਜਾਣਿਆਂ-ਪਛਾਣਿਆਂ ਲੱਗਾ, ਪਰ ਇਹ ਹੈ ਕੌਣ...ਉਹ ਚੰਗੀ ਤਰ੍ਹਾਂ ਸਿਆਣ ਨਹੀਂ ਸਕੀ। ਬੰਦੇ ਤੋਂ ਉਹਦੀ ਦੁਚਿੱਤੀ ਗੁੱਝੀ ਨਹੀਂ ਰਹਿ ਸਕੀ..1 ਉਹ ਫੇਰ ਬੋਲਿਆ, "ਡਾਕਟਰ ਸ਼ਾਲੂ...ਨਹੀਂ ਸ਼ਾਲੂ ਈ ਕਾਫੀ ਏ...ਬਹੁਤ ਸਾਲ ਪਹਿਲਾਂ ਤੁਸੀਂ..." 'ਡਾਕਟਰ ਸ਼ਾਲੂ...ਨਹੀਂ ਸ਼ਾਲੂ ਹੀ ਕਾਫੀ ਏ' ਉਸਦੇ ਨਿੱਘੇ ਬੋਲ ਸੁਣ ਸ਼ਾਲੂ ਤ੍ਰਭਕੀ। ਉਸ ਇਕ ਭਰਵੀਂ ਨਜ਼ਰ ਨਾਲ ਉਹਨੂੰ ਤੱਕਿਆ। 'ਹਾਏ, ਇਹ ਤਾਂ ਉਹੀ ਏ..!" ਇਹ ਉਸ ਦੇ ਦਿਲ ਦੀ ਆਵਾਜ਼ ਸੀ। ਇਸ ਤੋਂ ਪਹਿਲਾਂ ਕਿ ਓਪਰਾ ਬੰਦਾ ਕੁਝ ਹੋਰ ਉਚਰਦਾ...ਸ਼ਾਲੂ ਆਪ ਮੁਹਾਰੇ ਬੋਲ ਪਈ.. "ਹਾਂ ਜੀ ਬਹੁਤ ਸਾਲ ਪਹਿਲਾਂ...ਇਸ ਸ਼ਹਿਰ ਵਿਚ...ਇਕ ਸੁਹਿਰਦ ਇਨਸਾਨ ਮੇਰੇ ਨਾਲ ਪੜ੍ਹਦਾ ਸੀ...ਮੇਰੇ ਦੁੱਖ-ਸੁੱਖ ਦਾ ਭਾਈਵਾਲ...ਹਰ ਵੇਲੇ ਮੇਰਾ ਖਿਆਲ ਰਖਣ ਵਾਲਾ...ਪੜ੍ਹਾਈ ਮੁਕਾ ਲੈਣ ਮਗਰੋਂ ਉਹ ਪਤਾ ਨਹੀਂ ਕਿਧਰੇ ਚਲਾ ਗਿਐ...ਮੁੜ ਕਦੇ ਦਿਖਾਈ ਨਹੀਂ ਦਿੱਤਾ...ਜੇ ਉਹ ਤੁਹਾਨੂੰ ਕਿਤੇ ਘੁੰਮਦਾ ਫਿਰਦਾ ਦਿਖਾਈ ਦੇ ਜਾਵੇ ਤਾਂ ਫੜ ਕੇ ਲੈ ਆਉਣਾ ਮੇਰੇ ਪਾਸ...ਫੇਰ ਮੈਂ ਜਾਣਾ ਤੇ ਮੇਰਾ ਕੰਮ ਜਾਣੇ...ਸੁੱਕਾ ਨਹੀਂ ਜਾਣ ਦਿੰਦੀ ਉਸ ਮਹਾਪੁਰਖ ਨੂੰ...!"

ਸ਼ਾਲੂ ਬੋਲਦੀ-ਬੋਲਦੀ ਕਦ ਪਾਸ ਆ ਕੇ ਖਲੋ ਗਈ ਓਪਰੇ ਬੰਦੇ ਨੂੰ ਪਤਾ ਈ ਨਹੀਂ ਲੱਗਾ...ਉਹ ਤ੍ਰਭਕਿਆ..ਆਪਣੀ ਥਾਂ ਤੋਂ ਉਠ ਖਲੋਤਾ...ਸ਼ਾਲੂ ਉਹਦੀ ਹਿੱਕ ਨਾਲ ਲੱਗ... "ਸਮੀਰ...ਸਮੀਰ...! ਉਹ ਮਾਈ ਗਾੱਡ...!...ਉਹ ਓਪਰਾ ਬੰਦਾ ਤੂੰ ਹੀ ਸੀ...ਐਕਸਕਿਊਜ਼ ਮੀ ਪਲੀਜ..!" ਉਹਦਾ ਗੱਚ ਭਰ ਆਇਆ।

(15-03-2018)

09810628570 (ਫੋਨ)

I-263, karampura,
New Delhi-110015

# ਵਿਖੜੇ ਪੈਂਡੇ

ਅਸ਼ੋਕ ਵਾਸਿਸ਼ਠ

"ਜੇ ਪੈਂਡਾ ਇਕ ਹੋਵੇ ਤਾਂ ਆਪੋ ਵਿਚ ਨਿਭ ਜਾਂਦੀ ਹੈ...ਸਰਦੀ-ਗਰਮੀ ਆਉਂਦੀ ਰਹਿੰਦੀ ਹੈ, ਜ਼ਿੰਦਗੀ ਵਿਚ ਉਤਰਾਅ ਵੀ ਆਉਂਦੇ ਨੇ ਤੇ ਚੜ੍ਹਾਅ ਵੀ...ਇਨ੍ਹਾਂ ਨਾਲ ਕੋਈ ਫਰਕ ਨਹੀਂ ਪੈਂਦਾ। ਕੁਝ ਵੀ ਹੋ ਜਾਵੇ ਲੋਕ ਇਕ ਦੂਜੇ ਦਾ ਸਾਥ ਨਹੀਂ ਛੱਡਦੇ..!"

"ਪਰ ਜੇ ਪੈਂਡੇ ਵਿਖੜੇ ਹੋਣ ਤਾਂ ਉਸ ਹਾਲਤ ਵਿਚ ਕੀ ਕੀਤਾ ਜਾਵੇ..?"

"ਸਿਧੀ ਤੇ ਸਾਫ ਗੱਲ ਐ ਬਈ...ਉਸ ਹਾਲਤ ਵਿਚ ਬੇਹਤਰ ਇਹ ਹੁੰਦਾ ਹੈ ਕਿ ਬੰਦਾ ਦੁੱਧ ਤੇ ਪਾਣੀ ਦਾ ਫਰਕ ਕਰਨਾ ਸਿੱਖੇ...ਜੇ ਨਹੀਂ ਤਾਂ ਘੱਟੋ ਘੱਟ ਦੁੱਧ ਦੇ ਭੁਲੇਖੇ ਪਾਣੀ ਵਿਚ ਮਧਾਣੀ ਨਾ ਪਾਵੇ..ਜੇ ਪਾਉਗਾ ਤਾਂ ਝੂਠਾ-ਸੱਚਾ ਰਿੜਕਣਾ ਪਵੇਗਾ...ਨਿਕਲਣਾ ਕੁਝ ਨਹੀਂ...ਬੰਦਾ ਹੋਰ ਕੋਈ ਕੰਮ ਕਰੇ...ਆਪਣਾ ਮਨ...ਆਪਣਾ ਧਿਆਨ ਉਸ ਪਾਸੇ ਲਾਉਣ ਦਾ ਯਤਨ ਕਰੇ...ਜਿਧਰ ਉਹ ਕੁਝ ਕਰ ਸਕਦਾ ਹੋਵੇ..!"

"ਤੁਸੀਂ ਅਕਲ ਦੀ ਗੱਲ ਕੀਤੀ ਐ...ਸਾਡੇ ਲੋਕਾਂ ਦੀ ਪ੍ਰਾਬਲਮ ਇਹੋ ਈ ਐ...ਅਸੀਂ ਆਪਣੀ ਧੁੰਨ ਵਿਚ ਮਗਨ ਹੋਏ ਇਹ ਦੇਖਣ ਜਾਂ ਘੋਖਣ ਦਾ ਯਤਨ ਹੀ ਨਹੀਂ ਕਰਦੇ ਕਿ ਜੋ ਮੈਂ ਰਿੜਕਣ ਜਾ ਰਿਹਾਂ ਉਹ ਦੁੱਧ ਹੈ ਵੀ ਜਾਂ ਨਿਰਾ ਪਾਣੀ ਏ...।"

"ਦੁੱਧ ਜਾਂ ਪਾਣੀ ਆਪੋ ਆਪਣੀ ਥਾਂ ਦੋਵੇਂ ਠੀਕ ਨੇ... ਨਿਰਭਰ ਇਸ ਗੱਲ 'ਤੇ ਕਰਦਾ ਹੈ ਕਿ ਤੁਸੀਂ ਕਰਨਾ ਕੀ ਚਾਹੁੰਦੇ ਹੋ...! ਤੁਸੀਂ ਜੋ ਚਾਹੁੰਦੇ ਹੋ..ਉਸ ਲਈ ਕਰਮ ਵੀ ਉਹੋ ਜਿਹਾ ਕਰਨਾ ਪਵੇਗਾ..!"

ਦੀਪ ਤੇ ਦਿਵਿਆ ਵਿਚਕਾਰ ਚਲ ਰਹੀ ਵਾਰਤਾ ਇਨ੍ਹਾਂ ਬੋਲਾਂ 'ਤੇ ਆ ਕੇ ਅਟਕ ਗਈ...ਖਬਰੇ ਉਨ੍ਹਾਂ ਪਾਸ ਕਹਿਣ ਲਈ ਕੋਈ ਸ਼ਬਦ ਨਾ ਬਚਿਆ ਹੋਵੇ...ਜਾਂ ਇਹ ਵੀ ਹੋ ਸਕਦਾ ਹੈ ਕਿ ਦੋਵੇਂ ਵਾਧੂ ਦੀ ਮਗਜ ਖਪਾਈ ਤੋਂ ਤੰਗ ਆ ਗਏ ਹੋਣ...ਦੀਪ ਤਾਂ ਕਈ ਵਾਰ ਬੋਲਦਾ ਬੋਲਦਾ ਚੁੱਪ ਕਰ ਜਾਂਦਾ ਪਰ ਦਿਵਿਆ...ਉਹ ਕਿੱਥੋਂ ਚੁੱਪ ਰਹਿਣ ਵਾਲੀ ਏ..ਉਹ ਬੋਲਣ ਲੱਗਦੀ ਹੈ ਤਾਂ ਨਾਨ-ਸਟਾਪ ਬੋਲਦੀ ਚਲੀ ਜਾਂਦੀ ਹੈ...ਉਹਦੇ ਬੋਲ ਸੁਨਣ ਵਾਲੇ ਦਾ ਸਿਰ ਭਾਵੇਂ ਦੁਖਣ ਲੱਗ ਪਵੇ...ਉਹਦੀ ਬਲਾ ਨੂੰ..ਪਰ ਹੁਣ ਪਤਾ ਨਹੀਂ ਕੀ ਹੋਇਆ ਉਸ ਬੋਲਦੀ ਨੇ ਚੁੱਪ ਵੱਟ ਲਈ ਸੀ...ਕਿਉਂਕਿ ਉਸ ਪਾਸ ਸ਼ਬਦਾਂ ਦਾ ਅਖੁਟ ਭੰਡਾਰ ਸੀ ਇਸ ਲਈ ਸ਼ਬਦਾਂ ਦੀ ਥੁੜੋਂ ਦੀ ਗੱਲ ਤਾਂ ਸੋਚੀ ਵੀ ਨਹੀਂ ਜਾ ਸਕਦੀ ਸੀ...ਦੀਪ ਉਹਦੇ ਮੂੰਹ ਵੱਲ ਤੱਕਣ ਲੱਗਾ...ਗਹਿਰੀਆਂ ਨਜ਼ਰਾਂ ਨਾਲ...ਉਹਦੀਆਂ ਅੱਖਾਂ ਵਿਚ ਸਵਾਲ ਵੀ ਸਨ...ਜਿਹੜੇ ਉਹ ਦਿਵਿਆ ਪਾਸੋਂ ਪੁੱਛਣਾ ਚਾਹੁੰਦਾ ਸੀ...ਉਸ ਦਸ ਚੁੱਪ ਰਹਿਣਾ ਦੀਪ ਨੂੰ ਰਾਸ ਨਹੀਂ ਆ ਰਿਹਾ ਸੀ...।

"ਮੈਂ ਸਮਝਦਾਂ ਤੁਸੀਂ ਠੀਕ ਈ ਕਹਿ ਰਹੇ ਹੋ..!" ਗੱਲ ਤੁਰਦੀ ਰਹੇ, ਇਸ ਮਨੋਰਥ ਨਾਲ ਉਸ ਉਚਰਿਆ।

"ਮਤਲਬ..?"

"ਮਤਲਬ ਇਹ ਕਿ 'ਤੁਸੀਂ ਜੋ ਚਾਹੁੰਦੇ ਹੋ..ਉਸ ਲਈ ਕਰਮ ਵੀ ਉਹੋ ਜਿਹਾ ਕਰਨਾ ਪਵੇਗਾ.." ਦੀਪ ਨੇ ਦਿਵਿਆ ਦੇ ਬੋਲ ਦੁਹਰਾ ਦਿੱਤੇ..।

"ਫੇਰ ਕੀ ਇਰਾਦਾ ਏ.?" ਦਿਵਿਆ ਨੇ ਉਹਦੀਆਂ ਸਵਾਲੀਆਂ ਨਜ਼ਰਾਂ ਨੂੰ ਆਪਣੇ ਤਿੱਖੇ ਸ਼ਬਦ ਬਾਣ ਨਾਲ ਬਿਨ੍ਹ ਦਿੱਤਾ।

"ਇਰਾਦਾ ਮਾਲਕਾਂ ਦਾ ਹੁੰਦੈ...!"

"ਸਿੱਧੀ ਤਰ੍ਹਾਂ ਕਿਉਂ ਨਹੀਂ ਕਹਿੰਦੇ..ਹੁਣ ਖਹਿੜਾ ਛੁਡਾਉਣਾ ਚਾਹੁੰਦੇ ਹੋ...!"

"ਜੇ ਇਹ ਗੱਲ ਹੁੰਦੀ ਤਾਂ ਮੈਂ ਕੁਝ ਬੋਲਦਾ ਹੀ ਨਾ...ਉਂਜ ਵੀ ਇਹੋ ਜਿਹੀ ਗੱਲ ਤਾਂ ਸੋਚੀ ਵੀ ਨਹੀਂ ਜਾ ਸਕਦੀ ਤੇ ਉਹ ਵੀ..." ਦੀਪ ਅੱਖਾਂ ਮਟਕਾਉਂਦਿਆਂ ਕਹਿਣ ਲੱਗਾ ਤਾਂ ਦਿਵਿਆ ਵਿਚੋਂ ਬੋਲ ਪਈ... "ਜਾਣਦੀ ਹਾਂ..ਜਾਣਦੀ ਹਾਂ..ਤੁਸੀਂ ਬੜੇ ਸ਼ਰੀਫ...ਬੜੇ ਵਫਾਦਾਰ...ਤੇ ਬੜੇ..." ਏਨਾ ਕਹਿ ਦਿਵਿਆ ਹੱਸਣ ਲੱਗੀ।

"ਹਾਲ ਦੀ ਘੜੀ ਏਨੀ ਤਾਰੀਫ ਬਹੁਤ ਏ...ਨਹੀਂ ਤਾਂ ਬੰਦੇ ਦਾ ਬੁਰਾ ਹਾਲ ਹੋ ਜਾਵੇਗਾ...!"

"ਸੱਚ...!"

"ਤੁਸੀਂ ਗੱਲ ਤਾਂ ਬਿਖੜੇ ਪੈਂਡਿਆਂ ਦੀ ਕਰ ਰਹੇ ਸਓ...ਹੁਣ ਕੀ ਹੋਇਆ..?" ਦਿਵਿਆ ਨੇ ਉਸ ਨੂੰ ਹੋਰ ਟੁਣਕਾਇਆ।

"ਕਰ ਜਰੂਰ ਰਿਹਾ ਸੀ...ਦੇਖੀਆਂ ਸੁਣੀਆਂ ਘਟਨਾਵਾਂ ਬੰਦੇ ਨੂੰ ਹਲੂਣ ਦਿੰਦਿਆਂ ਨੇ..!" ਦੀਪ ਬੋਲਦਾ ਕੁਝ ਗੰਭੀਰ ਹੋ ਰਿਹਾ ਸੀ। ਦਿਵਿਆ ਤੋਂ ਉਹਦਾ ਧਿਆਨ ਰਤਾ ਕੁ ਹਟਿਆਂ ਤਾਂ ਰਵੀ ਤੇ ਚੰਦਾ ਦੋ ਚਿਹਰੇ ਪਤਾ ਨਹੀਂ ਕਿਹੜੇ ਵੇਲੇ ਅੱਖਾਂ ਅੱਗੇ ਆ ਖਲੋਤੇ।

----0---

"ਮੈਂ ਤੁਹਾਡੀ ਰੋਜ ਦੀ ਖਿੱਚ ਖਿੱਚ ਤੋਂ ਤੰਗ ਆ ਗਈ ਹਾਂ...! ਪਤਾ ਨਹੀਂ ਮੇਰੇ ਪਿਓ ਨੇ ਤੁਹਾਡੇ ਵਿਚ ਕੀ ਡਿੱਠਾ...ਬਸ ਏਓਂ ਲੱਟੂ ਹੋਏ ਫਿਰਦੇ ਸਨ ਜਾਣੋਂ ਕਸਤੂਰੀ ਉਨ੍ਹਾਂ ਦੇ ਹੱਥ ਲੱਗ ਗਈ ਹੋਵੇ...ਕਸਤੂਰੀ...ਮਾਈ ਫੁਟ...!" ਘਿਰਣਾ ਨਾਲ ਪੈਰ ਪਟਕ ਦੇਣ ਮਗਰੋਂ ਵੀ ਚੰਦਾ ਬੁੜ ਬੁੜ ਕਰਦੀ ਰਹੀ।

ਰਵੀ ਨੇ ਇਕ ਕਹਿਰ ਭਰੀ ਨਜ਼ਰ ਉਸ 'ਤੇ ਸੁੱਟੀ...ਅੰਦਰੋਂ ਭਾਵੇਂ ਉਹ ਕੁੜ ਕੁੜ ਕਰ ਰਿਹਾ ਸੀ, ਪਰ ਮੂੰਹੋਂ ਕੋਈ ਬੋਲ ਬਾਹਰ ਨਹੀਂ ਨਿਕਲਿਆ। ਉਂਜ ਵੀ ਉਹ ਬਹੁਤ ਘੱਟ ਬੋਲਦਾ ਸੀ।

"ਚੰਨ ਦੀ ਚਾਨਣੀ...ਕੁਦਰਤ ਦੀ ਅਨਮੋਲ ਦਾਤ...ਤਪਦੇ ਦਿਲਾਂ ਨੂੰ ਠਾਰਨ ਵਾਲੀ...ਖੁਸ਼ੀਆਂ ਤੇ ਖੇੜਾ ਵਰਤਾਉਣ ਵਾਲੀ...ਇਹ ਤਾਂ ਠੰਡ ਵਰਤਾਉਣ ਵਾਲਾ ਗ੍ਰਹਿ ਹੈ, ਚੁਫੇਰੇ ਪੱਸਰੇ ਹਨੇਰਿਆਂ ਨੂੰ ਰੌਸ਼ਨ ਕਰ ਦਿੰਦਾ ਏ। ਪਰ ਮੇਰੇ ਘਰ ਵਿਚਲਾ ਚੰਨ ਮੱਸਿਆ ਦੀ ਕਾਲੀ ਬੋਲੀ ਰਾਤ ਨਾਲ ਆਢਾ ਲੈ ਰਿਹੈ..." ਰਵੀ ਦੀ ਸੋਚ ਇਥੇ ਅਟਕ ਗਈ...ਉਸ ਘਰ ਵਿਚਲੇ ਚੰਨ ਭਾਵ ਚੰਦਾ ਨੂੰ ਇਕ ਨਜ਼ਰ ਦੇਖਿਆ....ਸੋਚ ਅੱਗੇ ਤੁਰੀ... "ਚੰਦਾ...ਇਸ ਵਿਚ ਇਹੋ ਜਿਹਾ ਇਕ ਗੁਣ ਵੀ ਨਹੀਂ...ਜੇ ਹੁੰਦਾ ਤਾਂ ਮੈਂ ਧੰਨ ਧੰਨ ਹੋ ਜਾਂਦਾ...ਮੇਰੇ ਜੀਵਨ ਵਿਚ ਉੱਤਰਿਆ ਇਹ ਤਾਂ ਹਰ ਵੇਲੇ ਕੋਝੇ ਵਿਚਾਰਾਂ ਦੇ ਕਾਲੇ ਬੱਦਲਾਂ ਪਿੱਛੇ ਲੁਕਿਆ ਰਹਿੰਦਾ ਏ...ਕੋਝੇ ਵਿਚਾਰ...ਕੋਝੀ ਤੇ ਸੋਚ...ਮੰਦੇ ਬੋਲ...ਹੇ ਮੇਰੇ ਰੱਬ ਜੀ...ਬਚਾ ਲਓ ਮੈਨੂੰ..!" ਚੰਦਾ ਦੇ ਕੜਕਦੇ ਬੋਲਾਂ ਦੀ ਗੂੰਜ ਇਕ ਵਾਰ ਫੇਰ ਸੁਣਾਈ ਦਿੱਤੀ।

"ਬੋਲੇ ਤਾਂ ਪਹਿਲਾਂ ਹੀ ਸੀ, ਹੁਣ ਅੰਨ੍ਹੇ ਵੀ ਹੋ ਗਏ...ਕੋਲ ਪਈ ਚੀਜ ਦਿਖਾਈ ਨਹੀਂ ਦਿੰਦੀ..!"

"ਚੰਗਾ ਭਲਾ ਪਤਾ, ਮੈਂ ਹੁਣੇ ਹੁਣੇ ਪੜ੍ਹਣ ਲਈ ਬੈਠਾਂ...!"

"ਆਏ ਹਾਏ ਹਾਏ ...ਸਾਹਿਬ ਬਹੁਤ ਵੱਡਾ ਕੰਮ ਕਰ ਰਹੇ ਨੇ..ਪੜ੍ਹਨਾ...ਮਾਈ ਫੁਟ..! ਵਿਹਲਿਆਂ ਨੂੰ ਹੋਰ ਕੋਈ ਕੰਮ ਨਹੀਂ...ਅਖੇ, ਚੰਗਾ ਭਲਾ ਪਤਾ ਮੈਂ ਪੜ੍ਹਣ ਬੈਠਾਂ...ਕੰਮ ਚੋਰ ਕਿਸੇ ਥਾਂ ਦੇ ..!"

"ਇਹ ਵੀ ਜਰੂਰੀ ਕੰਮ ਹੁੰਦੈ...!"

"ਆਹੋ ਜੀ, ਇਹੋ ਕੰਮ ਐ...ਘਰ ਵਿਚ ਹੋਰ ਕੋਈ ਕੰਮ ਨਹੀਂ ਹੁੰਦਾ...ਮਨ ਹਰਾਮੀ ਤੇ ਹੁੱਜਤਾਂ ਦਾ ਢੇਰ..ਜਦ ਦੇਖੋ ਕਿਤਾਬਾਂ ਖੋਲ੍ਹ ਕੇ ਬਹਿ ਜਾਂਦੇ ਨੇ...!"

"ਜਰੂਰੀ ਲੇਖ ਲਿਖਣਾ ਸੀ..."

"ਕੋਈ ਜਰੂਰੀ ਨਹੀਂ...ਉੱਠੋ ਕੋਈ ਚੱਜ ਦਾ ਕੰਮ ਕਰੋ...ਮੈਂ ਇਕੱਲੀ ਨੇ ਸਾਰੇ ਘਰ ਦਾ ਠੇਕਾ ਨਹੀਂ ਲਿਆ...!"

"ਤੂੰ ਬੰਦਿਆਂ ਦੀ ਲਾਹ ਪਾਹ ਕਰ ਲਵੇਂ ਥੋੜ੍ਹੈ...ਜਦ ਦੇਖੋ..' ਰਵੀ ਬੋਲਦਾ ਬੋਲਦਾ ਚੁੱਪ ਕਰ ਗਿਆ। ਉਹ ਬੁੜ ਬੁੜ ਕਰਦਾ ਉੱਠ ਖਲੋਤਾ। ਚੰਦਾ ਦੇ ਕੋਲ ਗਿਆ। ਅੰਦਰਲੇ ਗੁੱਸੇ 'ਤੇ ਕਾਬੂ ਪਾਉਣ ਦਾ ਯਤਨ ਕੀਤਾ...ਫੇਰ ਹੌਲੀ ਜਿਹੇ ਬੋਲਿਆ, "ਦੱਸ, ਕੀ ਕਰਾਂ ਮੈਂ...?"

ਰਵੀ ਨੂੰ ਆਪਣੇ ਸਾਹਮਣੇ ਖਲੋਤਾ ਦੇਖ ਚੰਦਾ ਦਾ ਪਾਰਾ ਪਹਿਲਾਂ ਵਾਲੀ ਉਚਾਈ 'ਤੇ ਟਿਕਿਆ ਨਹੀਂ ਰਹਿ ਸਕਿਆ। ਟਿਕਦਾ ਵੀ ਕਿਵੇਂ, ਉਹ ਕਿਹੜਾ ਕਿਸੇ ਪੁਸਤਕ ਦੇ ਸਫੇ ਫੋਲ ਰਿਹਾ ਸੀ। ਉਹ ਤਾਂ ਉਸ ਦੇ ਸਾਹਮਣੇ ਖਲੋਤਾ ਸੀ...ਉਸ ਦੀਆਂ ਨਜ਼ਰਾਂ ਉਹਦੇ ਚਿਹਰੇ 'ਤੇ ਗੱਡੀਆਂ ਸਨ...ਕਿਹੜੀ ਘੜੀ ਉਹ ਆਪਣੇ ਮੁਖਾਰਵਿੰਦ 'ਚੋਂ ਨਵਾਂ ਹੁਕਮ, ਨਵਾਂ ਫਰਮਾਨ ਜਾਰੀ ਕਰੇ...ਉਹ ਇਸੇ ਦੀ ਉਡੀਕ ਤਾਂ ਕਰ ਰਿਹਾ ਸੀ। ਏਨਾ ਵੱਡਾ ਕੰਮ..? ਹੋਰ ਕਿਸੇ ਲਈ ਨਾ ਹੋਵੇ ਪਰ ਚੰਦਾ ਲਈ ਤਾਂ ਇਸ ਤੋਂ ਵੱਡਾ ਕੰਮ ਹੋਰ ਕੋਈ ਹੋ ਨਹੀਂ ਸਕਦਾ ਸੀ। ਉਸ ਦਾ ਪਾਰਾ ਡਿਗਦਾ ਡਿਗਦਾ ਏਨਾ ਹੇਠਾਂ ਚਲਾ ਗਿਆ ਕਿ ਉਸ ਦੇ ਚਿਹਰੇ ਵਿਚੋਂ ਪ੍ਰੀਤ ਦੀਆਂ ਰਿਸ਼ਮਾਂ ਨਿਕਲਣ ਲੱਗ ਪਈਆਂ।

"ਖੜ੍ਹੇ ਕਾਹਨੂੰ ਓ...ਥੱਕ ਜਾਓਗੇ...ਇਥੇ ਬਹਿ ਜਾਓ...!"

"ਲਓ ਜੀ ਅਸੀਂ ਬਹਿ ਗਏ..ਹੁਕਮ ਕਰੋ...ਇਹ ਬੰਦਾ ਤੁਹਾਡੇ ਲਈ ਕੀ ਕਰ ਸਕਦਾ ਏ...!" ਰਵੀ ਦੇ ਮੂੰਹੋਂ ਵੀ ਉਸੇ ਤਰ੍ਹਾਂ ਦੇ ਬੋਲ ਨਿਕਲੇ।

"ਇਹ ਬੰਦਾ ਬਹੁਤ ਕੁਝ ਕਰ ਸਕਦਾ ਏ...ਬਸ ਇਸੇ ਤਰ੍ਹਾਂ ਬੈਠਾ ਰਹੇ ਮੇਰੇ ਸਾਹਮਣੇ..1"

"ਜੇ ਕੁਝ ਲਿਆਉਣਾ ਹੋਵੇ ਤਾਂ ਮੈਂ ਲੈ ਆਉਂਦਾ ਹਾਂ..!"

"ਕਦੇ ਬਹਿ ਵੀ ਜਾਇਆ ਕਰੋ...ਹਰ ਵੇਲੇ ਕੰਮ...ਜਦ ਦੇਖੋ ਸਿਰ ਸੁੱਟੀ ਕੰਮ 'ਤੇ ਲੱਗੇ ਰਹਿੰਦੇ ਹੋ...!" ਕਹਿੰਦੀ ਚੰਦਾ ਉਹਦਾ ਹੱਥ ਫੜ ਆਪਣੇ ਦੋਹਾਂ ਹੱਥਾਂ ਵਿਚ ਪਲੋਸਣ ਲੱਗੀ..। ਚੰਦਾ ਦੇ ਬਦਲੇ ਰੁਖ ਨਾਲ ਰਵੀ ਨਸ਼ਿਆ ਭਾਵੇਂ ਗਿਆ ਪਰ ਉਹਦੇ ਅੰਦਰ ਰਹਿ ਰਹਿ ਕੇ ਇਹੋ ਸਵਾਲ ਉੱਠ ਰਿਹਾ ਸੀ ......... 'ਪਤਾ ਨਹੀਂ ਇਹਨੂੰ ਮੇਰੀਆਂ ਕਿਤਾਬਾਂ ਨਾਲ ਕੀ ਵੈਰ ਏ...ਉਂਦਾਂ ਜੇ ਕਦੇ ਕੋਈ ਪੁਸਤਕ ਜਾਂ ਪੱਤ੍ਰਿਕਾ ਹੇਠਾਂ ਡਿੱਗੀ ਦੇਖ ਲੈਂਦੀ ਹੈ ਤਾਂ ਤੁਰੰਤ ਚੁੱਕ ਕੇ ਮੱਥੇ

ਉੱਪਰ ਲਾ ਲੈਂਦੀ ਹੈ ਜਾਣੋਂ ਇਹ ਭਗਵਾਨ ਦੀ ਮੂਰਤੀ ਹੋਵੇ...ਪਰ ਮੇਰੇ ਰੈਕ ਵਿਚ ਪਈਆਂ ਪੁਸਤਕਾਂ ਨੂੰ ਦੇਖ ਇਹਦੇ ਅੰਦਰ ਉਹ ਸ਼ਰਧਾ ਪੈਦਾ ਨਹੀਂ ਹੁੰਦੀ...ਤੇ ਜੇ ਮੈਂ ਉਨ੍ਹਾਂ ਨੂੰ ਪੜ੍ਹਣ ਬੈਠਦਾ ਹਾਂ ਤਾਂ ਇਹਦਾ ਤੌਰ ਤਰੀਕਾ ਬਦਲ ਜਾਂਦਾ ਏ..ਕਿਹਾ ਵਚਿੱਤਰ ਤੇ ਕਿਹਾ ਗੁੰਝਲਦਾਰ ਚਰਿੱਤਰ ਏ ਇਸ ਨਾਰੀ ਦਾ...' ਉਹ ਸੋਚਾਂ ਦੇ ਵਹਿਣ ਵਿਚ ਵਹਿ ਤੁਰਿਆ ਪਰ ਚੰਦਾ ਇਹੋ ਜਿਹੀ ਸਥਿਤੀ ਨੂੰ ਕਿਥੇ ਸਹਿਣ ਵਾਲੀ ਸੀ।

"ਦੱਸੋ, ਅੱਜ ਕੀ ਖਾਓਗੇ..?" ਰਵੀ ਦੀ ਅੱਖ ਨਾਲ ਅੱਖ ਮਿਲਾ ਕੇ...ਉਹ ਪੁੱਛ ਰਹੀ ਸੀ। ਉਹਦਾ ਸੁਰ ਮੁਲਾਇਮ ਸੀ...। 'ਖਰ੍ਹਵੇ ਬੋਲ ਬੋਲ ਕੇ ਇਹਨੇ ਆਪਣੇ ਏਨੇ ਮਾਖਿਓਂ ਮਿੱਠੇ ਸੁਰ ਨੂੰ ਗ੍ਰਹਿਣ ਲਾ ਛਡਿਐ...ਜੇ ਏਦਾਂ ਹੀ ਬੋਲੇ ਤਾਂ ਕਿਹਾ ਚੰਗਾ ਹੋਵੇ ਜੇ ਹਰ ਵੇਲੇ ਇਹੋ ਜਿਹੇ ਪਿਆਰੇ ਬੋਲ ਮੂੰਹ ਵਿਚੋਂ ਕੱਢੇ...' ਉਹ ਸੋਚਦਾ ਜਾ ਰਿਹਾ ਸੀ।

"ਮੈਨੂੰ ਉਸ ਸਮੇਂ ਬਿਲਕੁਲ ਚੰਗੇ ਨਹੀਂ ਲੱਗਦੇ ਜਦ ਇਨ੍ਹਾਂ ਮਾਸੀਆਂ ਦੇ ਮੂਹਰੇ ਬਹਿ ਕੇ ਰਮਤੇ ਜੋਗੀਆਂ ਵਾਂਗ ਬਹਿ ਜਾਂਦੇ ਹੋ..." ਨੇੜੇ ਪਈਆਂ ਕਿਤਾਬਾਂ ਵੱਲ ਸੈਨਤ ਕਰਦਿਆਂ ਉਹ ਕਹਿ ਰਹੀ ਸੀ।

"ਪਰ ਜੇ ਇਨ੍ਹਾਂ ਵਿਚੋਂ ਕੋਈ ਮਾਸੀ ਹੇਠਾਂ ਪਈ ਮਿਲਦੀ ਹੈ ਤਾਂ ਤੁਸੀਂ ਸ਼ਰਧਾ ਨਾਲ ਉਥੋਂ ਚੁੱਕ ਕੇ ਕਿਸੇ ਚੰਗੀ ਥਾਂ ਰੱਖ ਦਿੰਦੇ ਹੋ...!" ਰਵੀ ਨੇ ਯਾਦ ਕਰਾਇਆ।

"ਇਹ ਭਾਈ ਵਿਦਿਆ ਏ...ਇਹਦਾ ਸਤਿਕਾਰ ਕਰਨਾ ਹੋਇਆ...।"

"ਪਰ ਜੇ ਇਹ ਵਿਦਿਆ ਮੇਰੇ ਹੱਥ ਵਿਚ ਹੋਵੇ ਤਾਂ...?"

"ਤਾਂ ਇਹ ਮੈਨੂੰ ਜ਼ਹਿਰ ਲੱਗਦੀ ਏ...!"

"ਉਹ ਕਿਉ..?"

"ਇਹ ਵਿਹਲੇ ਬੰਦਿਆਂ ਦਾ ਕੰਮ ਏ...ਤੇ ਮੇਰਾ ਮਜਨੂੰ ਵਿਹਲਾ ਥੋੜੈ...ਇਹ ਤਾਂ ਬੜੇ ਕੰਮ ਦਾ ਬੰਦੈ..।" ਚੰਦਾ ਨੇ ਜਾਣੋਂ ਆਪਣਾ ਪੂਰਾ ਪਿਆਰ ਉਡੇਲ ਦਿੱਤਾ ਹੋਵੇ।

"ਅੱਛਾ..?"

"ਹੋਰ ਨਹੀਂ ਤਾਂ ਕੀ..! ਤੁਸੀਂ ਆਪ ਦੱਸੋ ਜਦ ਕਦੇ ਇਹ ਮਾਸੀ ਤੁਹਾਡੇ ਹੱਥ ਵਿਚ ਹੁੰਦੀ ਏ...ਤੁਸੀਂ ਮੇਰੇ ਵੱਲ ਦੇਖਦੇ ਹੋ...?"

"ਉਸ ਸਮੇਂ ਮੈਂ ਤੈਨੂੰ ਕਿੱਦਾਂ ਦੇਖਾਂ...ਮੇਰੀ ਬਿਰਤੀ ਤਾਂ ਪੁਸਤਕ ਦੇ ਪੰਨਿਆਂ ਵਿਚ ਇਕਾਗਰ ਹੋਈ ਹੁੰਦੀ ਹੈ..!" ਰਵੀ ਨੇ ਸਪਸ਼ਟ ਕੀਤਾ।

"ਇਹੀ ਤਾਂ ਮੈਂ ਨਹੀਂ ਚਾਹੁੰਦੀ...ਤੁਹਾਡੀ ਬਿਰਤੀ ਇਕਾਗਰ ਜਰੂਰ ਹੋਣੀ ਚਾਹੀਦੀ ਹੈ...ਇਸ ਵਿਚ ਨਹੀਂ ਮੇਰੇ ਵਿਚ..ਕੁਝ ਸਮਝੇ..!"

ਚੰਦਾ ਵਿਦਿਆ ਦਾ ਸਤਿਕਾਰ ਕਰਨਾ ਤਾਂ ਜਾਣਦੀ ਏ...ਇਹਨੂੰ ਚੰਗਾ ਮੰਨਦੀ ਏ...ਪਰ ਵਿਦਿਆ ਦੀ ਸਾਧਨਾ...ਬਸ ਇਹੋ ਇਕ ਕੰਮ ਉਸ ਤੋਂ ਨਹੀਂ ਹੁੰਦਾ। ਉਸ ਤੋਂ ਭਾਵੇਂ ਨਾ ਹੋਵੇ...ਕੋਈ ਗੱਲ ਨਹੀਂ ਪਰ ਜੇ ਕੋਈ ਦੂਜਾ ਪੜ੍ਹਦਾ ਹੈ..ਆਪਣਾ ਗਿਆਨ ਵਧਾਉਂਦਾ ਹੈ...ਤਾਂ ਉਸ ਨੂੰ ਚੰਗਾ ਨਹੀਂ ਲੱਗਦਾ...! ਇਨ੍ਹਾਂ ਸੋਚਾਂ ਵਿਚ ਗਲਤਾਣ ਰਵੀ ਚੰਦਾ ਦੇ ਸੁਭਾਅ ਦੀ ਜਟਿਲ ਗੁੱਥੀ ਸੁਲਝਾਉਣ ਲਈ ਜਿੰਨਾ ਯਤਨ ਕਰਦਾ...ਉਨ੍ਹਾਂ ਹੀ ਉਸ ਦੇ ਮਕੜ ਜਾਲ ਵਿਚ ਫਸਦਾ ਚਲਾ ਗਿਆ। ਪਰ ਐਸ ਵੇਲੇ ਉਹ ਆਪਣਾ ਪੂਰਾ ਪਿਆਰ ਉਸ ਉੱਪਰ ਉਡੇਲ ਰਹੀ ਸੀ। ਰਵੀ ਦਾ ਅੰਦਰਲਾ ਉਹਦੇ ਇਸ ਪਿਆਰੇ..ਮਨ ਮੋਹਣੇ ਰੁੱਖ ਨੂੰ ਦੇਖ ਖਿੜ ਗਿਆ...ਉਸ ਅੰਦਰਲੇ ਰੋਹ ਦੀ ਜਵਾਲਾ ਕੁਝ ਸ਼ਾਂਤ ਹੋਈ। ਉਸ ਮਨ ਹੀ ਮਨ ਇਸ ਮਸਲੇ 'ਤੇ ਚੰਦਾ ਨਾਲ ਟਕਰਾਅ ਦੇ ਰਸਤੇ ਨਾ ਚੱਲਣ ਦਾ ਨਿਰਣਾ ਲੈ ਲਿਆ। ਖਬਰੇ ਪਿਆਰ ਨਾਲ ਸਮਝਾਇਆਂ ਉਹ ਪਸੀਜ ਜਾਵੇ...!

"ਚੰਦਾ ਦੇਖ...ਤੇਰਾ ਮੇਰਾ ਪਿਆਰ ਜਗ ਜਾਹਿਰ ਏ...ਪਿਆਰ ਦਾ ਮਤਲਬ ਇਕ ਦੂਜੇ ਦੀਆਂ ਭਾਵਨਾਵਾਂ ਦਾ ਆਦਰ ਕਰਨਾ ਵੀ ਹੁੰਦੈ...ਮੈਂ ਇਹ ਨਹੀਂ ਕਹਿੰਦਾ...ਤੂੰ ਮੇਰਾ ਆਦਰ ਨਹੀਂ ਕਰਦੀ...ਬਹੁਤ ਕਰਦੀ ਏਂ...ਪਿਆਰ ਵਿਚ ਲੋਕ ਆਪਾ ਵਾਰ ਦਿੰਦੇ ਨੇ...ਕੀ ਤੈਨੂੰ ਮੇਰੇ ਪਿਆਰ...."

"ਓ ਨਹੀਂ ਜੀ..." ਚੰਦਾ ਨੇ ਰਵੀ ਦੀ ਗੱਲ ਪੂਰੀ ਨਹੀਂ ਹੋਣ ਦਿੱਤੀ...।

"ਮੈਂ ਵੀ ਤੁਹਾਡੇ ਪਿਆਰ ਵਿਚ ਆਪਾ ਵਾਰ ਚੁੱਕੀ ਹਾਂ...ਤੁਹਾਨੂੰ ਕਦੇ ਸ਼ਿਕਾਇਤ ਕਰਨ ਦਾ ਮੌਕਾ ਨਹੀਂ ਦਿੱਤਾ...ਕੀ ਅਜੇ ਵੀ ਤੁਹਾਨੂੰ ਮੇਰੇ ਪਿਆਰ ਉੱਪਰ ਕੋਈ ਸ਼ੱਕ ਏ..?"

"ਨਾ..ਕੋਈ ਨਾ...!"

"ਤੁਸੀਂ ਪਿਆਰ ਦੀ ਖਾਤਰ ਆਪਾ ਵਾਰ ਦੇਣ ਦੀ ਗੱਲ ਕੀਤੀ ਏ...ਕੀ ਤੁਸੀਂ ਆਪ ਇਹ ਕੰਮ ਕਰ ਸਕਦੇ ਹੋ...?"

"ਤੂੰ ਹੁਕਮ ਕਰ...!"

"ਫੇਰ ਮੇਰੇ ਪਿਆਰ ਦੀ ਖਾਤਰ ਇਨ੍ਹਾਂ ਨੂੰ ਵਾਰ ਦਿਓ...!" ਚੰਦਾ ਦਾ ਸੁਰ ਨਿਰਣਾਇਕ ਸੀ।

"ਪਰ ਤੁਸੀਂ ਵਿਦਿਆ ਦਾ ਸਤਿਕਾਰ ਕਰਦੇ ਓ,,?"

"ਉਹ ਦੇਖੋ...ਮੰਦਿਰ ਵਿਚ ਗੀਤਾ ਦਾ ਗੁਟਕਾ ਤੇ ਦੂਜੀਆਂ ਕਥਾਵਾਂ ਰਖੀਆਂ ਹੋਈਆਂ ਨੇ...ਬਸ ਏਨਾ ਹੀ ਕਾਫੀ ਏ...! ਚੰਦਾ ਨੇ ਘਰ ਵਿਚ ਬਣੇ ਨਿੱਕੇ ਜਿਹੇ ਮੰਦਿਰ ਵੱਲ ਸੰਕੇਤ ਕਰਦਿਆਂ ਕਿਹਾ।

ਹਰ ਵਾਰ ਇਹੋ ਹੁੰਦਾ। ਪਰਨਾਲਾ ਉੱਥੇ ਦਾ ਉੱਥੇ। ਇਕ ਲਿਖਣ-ਪੜ੍ਹਣ ਦਾ ਸ਼ੈਦਾਈ ਤੇ ਦੂਜੇ ਦੀਆਂ ਨਜ਼ਰਾਂ ਵਿਚ ਵਿਹਲੇ ਬੰਦਿਆਂ ਦਾ ਫਾਲਤੂ ਕੰਮ। ਕੋਈ ਸਾਂਝਾ ਨੁਕਤਾ ਨਹੀਂ ਸੀ ਜਿਹੜਾ ਦੋਹਾਂ ਦੀ ਮਾਨਸਿਕਤਾ ਨੂੰ ਆਪੋ ਵਿਚ ਜੋੜ ਸਕਦਾ। ਚੰਦਾ ਰਵੀ ਨੂੰ ਦਿਲੋਂ ਮਨੋਂ ਚਾਹੁੰਦੀ ਸੀ...ਪਰ ਕਿਤਾਬਾਂ ਨਾਲ ਉਹਦਾ ਸਾਥ ਉਸ ਨੂੰ ਗਵਾਰਾ ਨਹੀਂ ਸੀ। ਉਹ ਜੀਵਨ ਵਿਚ ਉੱਡਣਾ ਚਾਹੁੰਦਾ ਸੀ...ਉਸ ਦੀਆਂ ਕੁਝ ਸੱਧਰਾਂ ਸਨ...ਉਹ ਚਾਹੁੰਦਾ ਸੀ ਪੜ੍ਹ-ਲਿਖ ਕੇ ਸਮਾਜ ਵਿਚ ਆਪਣੀ ਮਨ ਭਾਉਂਦੀ ਥਾਂ ਬਣਾ ਲਵੇ। ਜੀਵਨ ਵਿਚ ਅੱਗੇ ਵਧੇ...ਉਸ ਦੀਆਂ ਸਾਹਿੱਤਕ ਰੁਚੀਆਂ ਨੂੰ ਜੰਗਾਲ ਭਾਵੇਂ ਨਹੀਂ ਲੱਗਾ ਪਰ ਚੰਦਾ ਦੀ ਵਿਰੋਧਤਾ ਨੇ ਉਨ੍ਹਾਂ ਨੂੰ ਵਿਕਸਿਤ ਵੀ ਤਾਂ ਨਹੀਂ ਹੋਣ ਦਿੱਤਾ ਸੀ।

----0---

ਚੰਦਾ ਸਵੇਰੇ ਉੱਠੀ ਤਾਂ ਆਮ ਵਾਂਗ ਖੁਸ਼ ਸੀ। ਉਸ ਨਿਤ ਕਰਮ ਤੋਂ ਵਿਹਲੀ ਹੋ ਕੇ ਵਰਾਂਡੇ ਵਿਚ ਕੁਝ ਚੱਕਰ ਕੱਟੇ। ਰਵੀ ਦੇ ਆਉਣ 'ਤੇ ਉਹ ਰਸੋਈ ਵਿਚ ਗਈ; ਕੁਝ ਦੇਰ ਬਾਅਦ ਬਾਹਰ ਆਈ; ਦੋਹਾਂ ਹੱਥਾਂ ਵਿਚ ਚਾਹ ਦੇ ਪਿਆਲੇ ਸਨ। ਉਸ ਇਕ ਮਿੱਠੀ ਜਿਹੀ ਮੁਸਕਾਨ ਰਵੀ ਦੇ ਚਿਹਰੇ 'ਤੇ ਸੁੱਟੀ, "ਚਾਹ ਪੀ ਲਓ" ਉਹਦੇ ਮੂੰਹ ਵਿਚੋਂ ਨਿਕਲਿਆ।

"ਜਰੂਰ...!" ਰਵੀ ਨੇ ਪਿਆਲਾ ਫੜਦਿਆਂ ਹੌਲੀ ਜਿਹੇ ਕਿਹਾ।

ਚਾਹ ਦੀਆਂ ਚੁਸਕੀਆਂ ਦੇ ਨਾਲ ਨਾਲ ਪਤੀ ਪਤਨੀ ਵਿਚ ਮੋਹ ਪਿਆਰ ਦੀਆਂ ਗੱਲਾਂ ਚਲਦੀਆਂ ਰਹੀਆਂ। ਹਾਸੇ ਦੀ ਗੂੰਜ ਵੀ ਵਿਚ ਵਿਚ ਸੁਣਾਈ ਦੇਣ ਲੱਗੀ। ਸਵੇਰ ਵੇਲੇ ਦੋਹਾਂ ਦਾ ਬੈਠਣਾ ਤੇ ਗੱਲਾਂ ਕਰਨੀਆਂ ਰੋਜ ਦਾ ਕੰਮ ਸੀ, ਪਰ ਪਤਾ ਨਹੀਂ ਕਿਉਂ ਅੱਜ ਸ਼੍ਰੀਮਤੀ ਜੀ ਨੂੰ ਸ਼੍ਰੀਮਾਨ ਜੀ ਉੱਪਰ ਖਾਸ ਮੋਹ ਆ ਰਿਹਾ ਸੀ।

"ਨਾਸ਼ਤੇ ਵਿਚ ਕੀ ਖਾਓਗੇ..?"

"ਤੁਸੀਂ ਜੋ ਬਣਾਓਗੇ, ਮੈਂ ਖਾ ਲਵਾਂਗਾ..।"

"ਕਦੇ ਆਪਣੀ ਪਸੰਦ ਵੀ ਦੱਸ ਦਿਆ ਕਰੋ..।"

"ਬਿਨਾ ਦਸਿਆਂ ਈ ਸਭ ਕੁਝ ਮਿਲ ਜਾਂਦਾ ਏ...!" ਚੰਦਾ ਦੇ ਚਿਹਰੇ ਦੀ ਮੁਸਕਰਾਹਟ ਦੇਖ ਰਵੀ ਨੇ ਆਪਣੇ ਦਿਲ ਦੀ ਗੱਲ ਕਰਨ ਦੀ ਸੋਚੀ। ਉਹ ਚਾਹੁੰਦਾ ਸੀ, ਚੰਦਾ ਉਹਦੀਆਂ ਕਿਤਾਬਾਂ ਦੇਖ ਨਾ ਸੜੇ ਤੇ ਨਾ ਕੁੜ੍ਹੇ। ਉਹਨੂੰ ਪੜ੍ਹਦਾ ਦੇਖ ਗੁੱਸੇ ਨਾ ਹੋਵੇ...ਉਹ ਬਸ ਇਹੋ ਚਾਹੁੰਦਾ ਸੀ..। ਚੰਦਾ ਦੇ ਹਾਸੇ ਨੂੰ ਦੇਖ ਉਹਨੂੰ ਭਰੋਸਾ ਜਿਹਾ ਹੋਇਆ। ਉਸ ਹੌਲੀ ਜਿਹੇ ਕਿਹਾ, "ਚੰਦਾ, ਤੇਰੇ ਨਾਲ ਇਕ ਗੱਲ ਕਰਨੀ ਹੈ..।"

"ਕਰੋ ਨਾ ਫੇਰ...।"

"ਠੀਕ ਹੈ.." ਕਹਿੰਦਾ ਉਹ ਫੇਰ ਕੁਝ ਸੋਚਣ ਲੱਗ ਪਿਆ।

"ਜੋ ਕਹਿਣਾ ਹੈ, ਖੁਲ੍ਹ ਕੇ ਕਹੋ...ਤੁਹਾਨੂੰ ਕਾਹਦਾ ਝਾਕਾ..ਹਾਂ ਬੋਲੋ..." ਉਹਦੇ ਬੋਲ ਅਜੇ ਮੂੰਹ ਵਿਚ ਹੀ ਸਨ ਕਿ ਮੋਬਾਈਲ ਨੇ ਟਰੈਂ...ਟਰੈਂ ਕਰ ਦਿੱਤੀ।

"ਇਹ ਕਿਹਦਾ ਫੋਨ ਐ..!"

"ਤੁਹਾਡਾ ਮੋਬਾਈਲ ਐ...ਮੈਂ ਦੇਖ ਕੇ ਦਸਦਾਂ..।"

"ਕੋਈ ਨਹੀਂ, ਮੈਂ ਦੇਖ ਲੈਂਦੀ ਹਾਂ..." ਇਨ੍ਹਾਂ ਕਹਿ ਉਹ ਮੋਬਾਈਲ ਚੁੱਕ ਡਰਾਇੰਗ ਰੂਮ ਵਿਚ ਚਲੀ ਗਈ। ਖਬਰੇ ਕਿਸੇ ਸਹੇਲੀ ਦਾ ਫੋਨ ਹੋਵੇਗਾ...ਇਸ ਲਈ ਗੱਲ ਕਰਦਿਆਂ ਚੋਖਾ ਸਮਾਂ ਲੱਗ ਗਿਆ। ਰਵੀ ਅਖਬਾਰ ਪੜ੍ਹਣ ਵਿਚ ਮਗਨ ਹੋ ਗਿਆ।

ਸਹੇਲੀ ਨਾਲ ਗੱਲਾਂ ਬਾਤਾਂ ਦਾ ਸਿਲਸਿਲਾ ਖਤਮ ਹੋਇਆ। ਚੰਦਾ ਡਰਾਇੰਗ ਰੂਮ ਦੀ ਸਫਾਈ ਕਰਨ ਲੱਗੀ ਤਾਂ ਸੈਂਟਰ ਟੇਬਲ 'ਤੇ ਪਈ ਇਕ ਕਿਤਾਬ ਨੂੰ ਦੇਖ ਉਸ ਦਾ ਪਾਰਾ ਇਕ ਦਮ ਚੜ੍ਹ ਗਿਆ...। "ਏਸ ਬੰਦੇ ਨੇ ਨਹੀਂ ਸੁਧਰਨਾ...ਇਹਨੂੰ ਸਬਕ ਸਿਖਾਉਣ ਹੀ ਪਊ।' ਫੇਰ ਕੀ ਸੀ। ਡਰਾਇੰਗ ਰੂਮ ਵਿਚ ਅਚਨਚੇਤ ਖੜਾਕ ਹੋਇਆ। ਰਵੀ ਨੇ ਅਖਬਾਰ ਤੋਂ ਨਜ਼ਰਾਂ ਹਟਾ ਕੇ ਦੇਖਿਆ। ਸੋਚਣ ਲੱਗਾ...ਆਖਰ ਹੋਇਆ ਕੀ ਏ..। ਉਹ ਕਿਸੇ ਸਿੱਟੇ 'ਤੇ ਨਾ ਪੁੱਜਾ...ਏਨੇ ਵਿਚ ਚੰਦਾ ਬੁੜਬੁੜ ਕਰਦੀ ਬਾਹਰ ਨਿਕਲੀ। ਕਿਤਾਬ ਉਹਦੇ ਹੱਥ ਵਿਚ ਸੀ...ਉਹੀ ਕਿਤਾਬ ਜਿਹੜੀ ਰਾਤ ਰਵੀ ਕਿਸੇ ਤੋਂ ਮੰਗ ਕੇ ਲਿਆਇਆ ਸੀ। ਚੰਦਾ ਨੇ ਵਰਾਂਡੇ ਵਿਚ ਆਉਂਦਿਆਂ ਹੀ ਕਿਤਾਬ ਬਗਾਹ ਮਾਰੀ...ਤੇ ਪਹਿਲਾਂ ਜਿਹੀ ਫੁਰਤੀ ਨਾਲ ਕੰਧ ਕੋਲ ਟਿਕਾ ਕੇ ਰੱਖੀਆਂ ਦੋ-ਤਿੰਨ ਇੱਟਾਂ ਚੁੱਕੀਆਂ...ਉਸ ਤਿੰਨੇ ਇੱਟਾਂ ਖੜੀਆਂ ਕਰਕੇ ਚੁਲ੍ਹਾ ਬਣਾਇਆ ਜਿਹਾ ਕਿ ਪੁਰਾਣੇ ਵਕਤਾਂ ਵਿਚ ਲੋਕ ਬਣਾ ਲੈਂਦੇ ਸਨ। ਉਹ ਲੋਹੜੇ ਦੀ ਤੇਜੀ ਨਾਲ ਰਸੋਈ ਵਿਚ ਗਈ...ਤੇ ਉਸ ਤੋਂ ਵੀ ਵੱਧ ਤੇਜ ਚਾਲ ਨਾਲ ਬਾਹਰ ਨਿਕਲ ਵੀ ਆਈ। ਉਹਦੇ ਹੱਥ ਵਿਚ ਮਾਚਸ ਦੀ ਡੱਬੀ ਸੀ।

ਕੀ ਇਹ ਉਹੀ ਚੰਦਾ ਹੈ ਜਿਹੜੀ ਹੁਣੇ ਹੁਣੇ ਉਹਦੇ ਨਾਲ ਬੈਠੀ ਸੀ...ਗੱਲਾਂ ਕਰਦੀ ਰਹੀ ਸੀ...ਤੇ ਉਹ ਵੀ ਮਾਖਿਓਂ ਮਿੱਠੇ ਬੋਲਾਂ ਨਾਲ ਲਬਰੇਜ਼...ਹੁਣ ਚੰਡੀ ਦਾ ਅਵਤਾਰ...ਕਿਥੇ ਮੋਹ ਤੇ ਪਿਆਰ ਨਾਲ ਭਰੀ ਮਿੱਠੀ ਤੱਕਣੀ ਤੇ ਕਿਥੇ ਕਹਿਰ ਵਾਲੀ ਨਜ਼ਰ...ਏਨੀ ਵੱਡੀ ਤਬਦੀਲੀ...ਤੇ ਉਹ ਵੀ ਛਿਣਾਂ-ਪਲਾਂ ਵਿਚ...ਚੰਦਾ ਦੇ ਰੁਦਰ ਅਵਤਾਰ ਨੇ ਉਹਨੂੰ ਸੋਚਣ ਜੋਗਾ ਵੀ ਨਹੀਂ ਰਹਿਣ ਦਿੱਤਾ। ਉਹ ਡੌਰ ਭੌਰਾ ਹੋਇਆ ਉਹਦੇ ਵੱਲ ਦੇਖਣ ਲੱਗਾ। ਬੋਲਣਾ ਚਾਹੁੰਦਾ ਹੋਇਆ ਵੀ ਕੁਝ ਬੋਲ ਨਾ ਸਕਿਆ।

ਚੰਦਾ ਨੇ ਜਦ ਕਿਤਾਬ ਦੇ ਵਿਚਕਾਰਲੇ ਸਫਿਆਂ ਨੂੰ ਪਾੜ ਕੇ ਤੀਲੀ ਲਾਈ ਤਾਂ ਉਹ ਕੰਬ ਜਿਹਾ ਗਿਆ। ਉਹਦੇ ਮੂੰਹੋਂ ਮਸਾਂ ਏਨੇ ਸ਼ਬਦ ਨਿਕਲੇ, "ਚੰਦਾ ਤੂੰ ਇਹ ਕੀ ਕਰਨ ਡਈ ਏਂ..?"

"ਚਾਹ ਬਣਾ ਰਹੀ ਹਾਂ...!....ਪੀਣੀ ਆਂ ?"

"ਇਹ ਕਿਹੜਾ ਤਰੀਕਾ ਹੋਇਆ ਚਾਹ ਬਨਾਉਣ ਦਾ..."

"ਸਾਨੂੰ ਤਾਂ ਇਹੋ ਤਰੀਕਾ ਆਉਂਦਾ ਹੈ..ਤੁਸੀਂ ਆਪਣੇ ਤਰੀਕੇ ਆਪਣੇ ਕੋਲ ਰੱਖੋ...!"

"ਤੈਨੂੰ ਇਹ ਨਹੀਂ ਕਰਨਾ ਚਾਹੀਦਾ...।"

"ਜੋ ਮੈਨੂੰ ਕਰਨਾ ਚਾਹੀਦਾ, ਉਹੀ ਕਰ ਰਹੀ ਹਾਂ..!"

“ਬੰਦ ਕਰ ਇਹ ਸਭ...!”

“ਨਹੀਂ ਕਰਦੀ...ਤੁਸੀਂ ਜੋ ਕਰਨੇ ਕਰ ਲਵੋ...!”

“ਬਦਤਮੀਜੀ ਦੀ ਵੀ ਹੱਦ ਹੁੰਦੀ ਹੈ...!”

“ਚਲ ਏਦਾਂ ਹੀ ਸਹੀ..।”

“ਇਹ ਬੜੀ ਦੁਰਲੱਭ ਪੁਸਤਕ ਹੈ...ਬੜੀ ਮੁਸ਼ਕਲ ਨਾਲ ਮੈਨੂੰ ਮਿਲੀ ਸੀ ਤੇ ਤੂੰ...!”

ਰਵੀ ਨੂੰ ਗੁੱਸਾ ਚੜ੍ਹਿਆ। ਉਹ ਉੱਚੇ ਸੁਰ ਵਿਚ ਬੋਲਿਆ। ਕਿੰਨੀ ਦੇਰ ਤਕ ਦੋਹਾਂ ਪਾਸਿਆਂ ਤੋਂ ਅਗਨ ਬਾਣ ਛੱਡੇ ਜਾਂਦੇ ਰਹੇ...ਪਰ ਅਖੀਰ ਹੋਇਆ ਉਹ ਜੋ ਹੋਣਾ ਨਿਸ਼ਚਿਤ ਸੀ। ਪੂਰੀ ਕਿਤਾਬ ਰਾਖ ਦਾ ਢੇਰ ਬਣ ਚੁੱਕੀ ਸੀ। ਰਵੀ ਦਾ ਅੰਦਰਲਾ ਰਾਖ ਬਣੀ ਕਿਤਾਬ ਨੂੰ ਦੇਖ ਕੁਰਲਾ ਉੱਠਿਆ।

----0---

“ਰਵੀ ਤੇ ਚੰਦਾ ਇਕ ਦੂਜੇ ਤੋਂ ਵਿਪਰੀਤ...। ਉਨ੍ਹਾਂ ਦੇ ਪੈਂਡੇ ਵੱਖ ਵੱਖ। ਉਹ ਇਕ ਕਿੱਦਾਂ ਰਹਿ ਸਕਦੇ ਹਨ..? ਸੋਚਣ ਵਾਲੀ ਗੱਲ ਹੈ। ਜੇ ਇਕ ਰਹਿਣਗੇ ਵੀ ਤਾਂ ਹਰ ਵੇਲੇ ਆਪਸ ਵਿਚ ਟਕਰਾਉਣਗੇ। ਇਹ ਲਾਜਮੀ ਹੈ।” ਦੀਪ ਦਾ ਕਹਿਣਾ ਸੀ।

“ਉਹੋ ਹੋਇਆ ਜਿਸ ਦਾ ਅੰਦੇਸ਼ਾ ਸੀ...! ਰਵੀ ਨੇ ਆਪਣੇ ਵੱਲੋਂ ਪੂਰਾ ਤਾਣ ਲਾਇਆ ਪਰ ਚੰਦਾ ਆਪਣੇ ਸੁਭਾਅ ਅੱਗੇ ਬੇਬਸ ਸੀ...ਕਿਤਾਬਾਂ ਨਾਲ ਅਲਰਜੀ...ਇਕ ਪਾਸੇ ਵਿਦਿਆ ਦੀ ਪੂਜਾ ਤੇ ਦੂਜੇ ਪਾਸੇ ਦੁਰਲੱਭ ਪੁਸਤਕਾਂ ਦੀ ਦੁਰਗਤ...ਕਿੰਨਾ ਕੰਟ੍ਰਾਸਟ ਸੀ ਚੰਦਾ ਦੇ ਸੁਭਾਅ ਵਿਚ।” ਦਿਵਿਆ ਨੇ ਘੋਖਵੀਂ ਨਜ਼ਰ ਨਾਲ ਦੇਖਦਿਆਂ ਜਵਾਬ ਦਿੱਤਾ।

“ਦੋਹਾਂ ਵਿਚਕਾਰ ਖੜਕਾ ਦੜਕਾ ਤਾਂ ਪਹਿਲੇ ਦਿਨ ਤੋਂ ਹੀ ਸ਼ੁਰੂ ਹੋ ਗਿਆ ਸੀ...ਤੂੰ ਤੂੰ-ਮੈਂ ਮੈਂ ਹੋਣੀ ਤਾਂ ਆਮ ਜਿਹੀ ਗੱਲ ਸੀ। ਵਿਚ ਵਿਚਾਲੇ ਕਦੇ ਕਦਾਈਂ ਪਿਆਰ ਦੇ ਮੰਡਲਾਂ ਵਿਚ ਵੀ ਉੱਡਣ ਚਲੇ ਜਾਂਦੇ ਸਨ। ਪਰ ਇਹ ਸਭ ਓਪਰਾ ਜਿਹਾ ਸੀ। ਕਿਉਂਕਿ ਦੋਹਾਂ ਦੀ ਜੀਵਨ ਪ੍ਰਤੀ ਪਹੁੰਚ, ਮਾਨਤਾਵਾਂ ਵੱਖੋ ਵੱਖਰੀਆਂ ਸਨ। ਚੰਦਾ ਨੇ ਉਸ ਦਿਨ ਰਵੀ ਵਲੋਂ ਲਿਆਂਦੀ ਦੁਰਲਭ ਪੁਸਤਕ ਹੀ ਨਹੀਂ ਸਾੜੀ ਸੀ ਸਗੋਂ ਆਪਣੇ ਵਰ੍ਹਿਆਂ ਪੁਰਾਣੇ ਸਬੰਧਾਂ ਨੂੰ ਵੀ ਅਗਨ ਭੇਂਟ ਕਰ ਦਿੱਤਾ..!” ਦੀਪ ਨੇ ਦਸਿਆ।

“ਹਾਂ, ਮੈਂ ਜਾਣਦੀ ਹਾਂ। ਰਵੀ ਦੇ ਮਨ ’ਤੇ ਉਸ ਘਟਨਾ ਦਾ ਗਹਿਰਾ ਅਸਰ ਹੋਇਆ ਸੀ। ਪਹਿਲਾਂ ਵੀ ਇਹੋ ਜਿਹੀਆਂ ਅਣਸੁਖਾਵੀਆਂ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਸਨ ਪਰ ਉਸ ਦਿਨ ਚੰਦਾ ਵਲੋਂ ਸਾੜਿਆ ਗਿਆ ਇਕ-ਇਕ ਪੰਨਾ ਦੋਹਾਂ ਦੇ ਸਬੰਧਾਂ ਦੇ ਕਫਨ ਦਾ ਕਿੱਲ ਹੋ ਨਿਬੜਿਆ। ਦੋਵੇਂ ਵੱਖ ਹੋ ਗਏ...ਇਥੋਂ ਤਕ ਕਿ ਦੋਹਾਂ ਵਿਚਕਾਰ ਰਸਮੀ ਬੋਲਚਾਲ ਵੀ ਬੰਦ ਹੋ ਗਈ...ਏਨਾ ਤ੍ਰਾਸਦ ਅੰਤ...ਹੇ ਰਾਮ ਜੀ...ਬਖਸ਼ੋ ਮੈਨੂੰ ਏਦਾਂ ਤਾਂ ਕਿਸੇ ਦੁਸ਼ਮਣ ਦਾ ਘਰ ਵੀ ਨਾ ਉੱਜੜੇ..!” ਦਿਵਿਆ ਨੇ ਲੰਮਾ ਹੌਕਾ ਲੈਂਦਿਆਂ ਕਿਹਾ।

“ਉਨ੍ਹਾਂ ਦੇ ਪੈਂਡੇ ਵੱਖੋ ਵੱਖਰੇ ਸਨ...ਤੇ ਦਿਲ ਕਦੇ ਇਕ ਹੋ ਨਾ ਸਕੇ..!” ਦੀਪ ਨੇ ਰਵੀ ਤੇ ਚੰਦਾ ਦੇ ਜੀਵਨ ’ਤੇ ਝਾਤ ਮਾਰਦਿਆਂ ਆਖਿਆ।

“ਇਕ ਘਰ ਵਿਚ ਸਾਰੇ ਪੁਸਤਕ ਪ੍ਰੇਮੀ ਹੋਣ, ਇਹ ਬਹੁਤ ਘਟ ਹੁੰਦਾ ਹੈ..ਫੇਰ ਵੀ ਉਹ ਮਿਲ ਜੁਲ ਕੇ ਰਹਿੰਦੇ ਹਨ। ਪਰਿਵਾਰ ਵਿਚ ਹਰ ਕਿਸੇ ਦਾ ਸੁਭਾਅ ਦੂਜੇ ਤੋਂ ਅੱਡ ਹੁੰਦਾ ਹੈ, ਉਹ ਫੇਰ ਵੀ ਲੜਦੇ ਝਗੜਦੇ ਨਹੀਂ..ਸਗੋਂ ਇਕ ਦੂਜੇ ’ਤੇ ਰਸ਼ਕ ਕਰਦੇ ਹਨ।” ਦਿਵਿਆ ਦੇ ਬੋਲਾਂ ਵਿਚ ਉਸ ਦੀ ਵੇਦਨਾ ਪ੍ਰਗਟ ਹੁੰਦੀ ਹੈ।

“ਪੈਂਡੇ ਹੋਣ ਪਏ ਬਿਖੜੇ। ਜੇ ਦਿਲ ਇਕ ਹੋਣ ਤਾਂ ਕੋਈ ਫਰਕ ਨਹੀਂ ਪੈਂਦਾ। ਤੂੰ ਆਪਣੇ ਪੈਂਡੇ ਤੁਰਦੀ ਜਾ ਤੇ ਮੈਂ ਆਪਣੇ। ਜੇ ਅਸੀਂ ਮਿਲਣਾ ਹੈ ਤਾਂ ਕਿਸੇ ਨਾ ਕਿਸੇ ਮੋੜ ’ਤੇ ਮਿਲ ਹੀ ਪੈਣਾ। ਨਹੀਂ ਯਕੀਨ ਤਾਂ ਅਜ਼ਮਾ ਕੇ ਦੇਖ ਲਾ..!”

"ਕੋਈ ਲੋੜ ਨਹੀਂ...ਸਭ ਅਜਮਾਇਆ ਹੋਇਐ। ਹੋਰਾਂ ਦੀ ਗੱਲ ਹੋਰ ਜਾਨਣ...ਸਾਡੇ ਲਈ ਇਹ ਕੋਈ ਅਰਥ ਨਹੀਂ ਰੱਖਦੇ...ਇਹ ਬਿਖੜੇ ਪੈਂਡੇ ਹੋਰਾਂ ਲਈ ਬਣੇ ਹੋਣਗੇ, ਸਾਡੇ ਲਈ ਨਹੀਂ...ਕਦਾਚਿਤ ਨਹੀਂ। ਮੈਂ ਚੰਗੀ ਤਰ੍ਹਾਂ ਜਾਣਦਾਂ।"

"ਗੁਡ...ਦੈਟ ਇਜ ਲਾਈਕ ਏ ਗੁਡ ਬਵਾਏ...। ਹਮ ਖੁਸ਼ ਹੁਏ..!"

(26-04-2018)

09810628570 (ਫੋਨ)

I-263, karampura,
New Delhi-110015

## ਹਾਏ ਸੋਹਣਿਆਂ ਵੇ

□ਅਸ਼ੋਕ ਵਾਸਿਸ਼ਠ

"ਹਾਏ ਸੋਹਣਿਆ ਵੇ ਜੱਗ ਜਿਉਂਦਿਆਂ ਦੇ ਮੇਲੇ...ਦਰਗਾਹੀਂ ਜਾ ਕੇ ਕੌਣ ਮਿਲਦਾ ?" ਮਾਹੀ ਦੀ ਕਾਲ ਖ਼ਤਮ ਹੋਣ 'ਤੇ ਜੋਤ ਦੇ ਮੂੰਹੋਂ ਬਦੋਬਦੀ ਨਿਕਲਿਆ। ਉਸ ਉੱਪਰ ਦੇਖਿਆ। ਨੀਲ ਗਗਨ ਦੀ ਆਭਾ ਦੇਖਦਿਆਂ ਹੀ ਬਣਦੀ ਸੀ। ਜਾਣੋਂ ਉਹ ਖਿੜ ਖਿੜਾ ਕੇ ਹੱਸ ਰਿਹਾ ਹੋਵੇ....'ਤੂੰ ਕਾਹਨੂੰ ਹੱਸਦੈਂ...ਮੈਥੋਂ ਨਹੀਂ ਝੱਲ ਹੁੰਦੀਆਂ ਇਹੋ ਜਿਹੀਆਂ ਗੱਲਾਂ...ਅਸੀਂ ਹਾਂ ਸਾਫ ਦਿਲ ਦੇ ਬੰਦੇ..' ਉਸ ਮਨ ਹੀ ਮਨ ਨੀਲ ਗਗਨ ਨੂੰ ਨਿਹੋਰਾ ਮਾਨਿਆ...'ਕੀ ਤੂੰ ਮੈਥੋਂ ਵੱਧ ਸਾਫ ਏਂ..?' ਨੀਲ ਗਗਨ ਪੁੱਛ ਰਿਹਾ ਸੀ। 'ਇਹੋ ਜਿਹੀ ਹਾਲਤ ਵਿਚ ਬੰਦਾ ਹੋਰ ਕੀ ਸੋਚ ਸਕਦਾ...ਤੂੰ ਹੀ ਦੱਸ ?' ਉਸ ਨੀਲ ਗਗਨ ਨੂੰ ਸਵਾਲ ਕੀਤਾ। 'ਤੂੰ ਕੁਝ ਨਹੀਂ ਸੋਚਣਾ...ਤੂੰ ਬਸ ਦਿਲ ਦੀਆਂ ਗੱਲਾਂ ਕਰ ਤੇ ਦਿਲ ਤੇਰੇ ਨਾਲ ਏ...' ਨੀਲ ਗਗਨ ਦੀ ਗਲ ਸੁਣ ਉਹਦਾ ਹਾਸਾ ਨਿਕਲ ਗਿਆ... 'ਤੂੰ ਵੀ ਕਿਹੋ ਜਿਹੀਆਂ ਗੱਲਾਂ ਕਰ ਰਿਹੈਂ...ਭਲਾ ਇੰਜ ਵੀ ਕਦੇ ਹੁੰਦੈ...।' 'ਇਹ ਤੂੰ ਪੁੱਛਦੀ ਹੈਂ ਮੈਨੂੰ...ਤੈਂ ਪਿਆਰ ਕੀਤੈ...ਤੇ ਪਿਆਰ ਹਮੇਸ਼ਾ ਦਿਲ ਨਾਲ ਹੁੰਦੈ...ਦਿਮਾਗ ਦਾ ਕੀ ਕੰਮ ਇਹੋ ਜਿਹੇ ਮਾਮਲਿਆਂ ਵਿਚ..!' 'ਬਈ ਉਹ ਤਾਂ ਠੀਕ ਹੈ..ਪਰ ਇਹ ਹੋਵੇ ਕਿੱਦਾਂ..?' 'ਤੂੰ ਆਪਣੇ ਦਿਲ ਦੇ ਕਪਾਟ ਖੋਲ੍ਹ...ਉਹਨੂੰ ਵਿਸ਼ਾਲ ਬਣਾ...ਫੇਰ ਦੇਖ...ਤੈਨੂੰ ਹੋਰ ਦਾ ਹੋਰ ਦਿਖਾਈ ਦੇਣ ਲੱਗੇਗਾ..।' ਉਹ ਤਾਂ ਪਹਿਲਾਂ ਹੀ ਖੁਲ੍ਹੈ...ਹੋਰ ਕਿਹੋ ਜਿਹਾ ਕਰਾਂ...।' 'ਮੇਰੇ ਜਿਹਾ.. ਰਤਾ ਇਕ ਵਾਰ ਫੇਰ ਮੈਨੂੰ ਦੇਖ...।' ਜੋਤ ਨੇ ਨੀਲ਼ ਗਗਨ ਵੱਲ ਤੱਕਿਆ। ਉਹਦੀ ਵਿਸ਼ਾਲਤਾ ਨੂੰ ਅਨੁਭਵ ਕੀਤਾ। 'ਚਲ ਚੰਗਾ...ਏਦਾਂ ਹੀ ਸਹੀ..।' ਉਸ ਇਕ ਵਾਰ ਫਿਰ ਨੀਝ ਜਿਹੀ ਨਾਲ ਖੁਲ੍ਹੇ ਅਸਮਾਨ ਵੱਲ ਤੱਕਿਆ ਤੇ ਫੋਨ ਸਾਂਭਦੀ ਅੰਦਰ ਚਲੀ ਗਈ।

ਹੁਣ ਉਹ ਕਾਫੀ ਹੱਦ ਤੱਕ ਸ਼ਾਂਤ ਹੋ ਚੁੱਕੀ ਸੀ। ਸੋਚਾਂ ਦੀ ਚਰਖੜੀ ਚੱਲਣੀ ਬੰਦ ਤਾਂ ਨਹੀਂ ਹੋਈ ਪਰ ਉਹਦਾ ਵੇਗ ਘੱਟ ਗਿਆ ਸੀ। ਉਹਦੇ ਦਿਮਾਗ ਵਿਚ ਇਕ ਵਿਚਾਰ ਅਜੇ ਵੀ ਚੱਕਰ ਕੱਟੀ ਜਾ ਰਿਹਾ ਸੀ..."ਜੇ ਉਸ ਨਹੀਂ ਆਉਣਾ ਸੀ ਤਾਂ ਸਾਫ ਕਹਿ ਦਿੰਦਾ...ਭਲਾ ਇਹ ਕੀ ਗੱਲ ਹੋਈ...ਅਖੇ, ਜਿਉਂਦੇ ਰਹੇ ਤਾਂ ਜਰੂਰ ਮਿਲਾਂਗੇ...ਪਿਛਲੀ ਝਾੜ ਝੰਬ ਨੂੰ ਭੁੱਲ ਗਿਆ

ਲਗਦੈ..ਚਲ ਕੋਈ ਨਾ...ਆ ਲੈਣ ਦੇ ਉਹਨੂੰ...ਫੇਰ ਦੱਸਾਂਗੀ..." ਉਸ ਇਕ ਵਾਰ ਫਿਰ ਮਨ ਹੋਧਰੇ ਲਾਉਣ ਦਾ ਯਤਨ ਕੀਤਾ। ਉਹ ਸੋਫੇ 'ਤੇ ਢਾਸਣਾ ਲਾ ਕੇ ਬਹਿ ਗਈ। ਸੋਚ ਸ਼ਾਂਤ ਹੋਈ ਤਾਂ ਅੱਖ ਲੱਗਣ ਵਿਚ ਦੇਰ ਨਹੀਂ ਲੱਗੀ।

"...ਸ਼ੇਰਾਂ ਦੀ ਕੌਮ ਪੰਜਾਬੀ..." ਮੋਬਾਇਲ ਨੇ ਇਹ ਗੀਤ ਸੁਣਾਇਆ ਤਾਂ ਜੋਤ ਦੀਆਂ ਅੱਖਾਂ ਖੁਲ੍ਹ ਗਈਆਂ। ਉਸ ਤਟ ਫਟ ਮੋਬਾਇਲ ਫੜ ਲਿਆ। ਦੂਜੇ ਪਾਸਿਓਂ ਮਾਹੀ ਦਾ ਸੁਰ ਸੁਣਾਈ ਦੇ ਰਿਹਾ ਸੀ।

"ਜੋਤ...ਮੇਰੀ ਜੋਤ...!"

"ਯਾਦ ਆ ਗਈ ਐ..?"

"ਇਹ ਜੋਤ ਤਾਂ ਹਮੇਸ਼ਾ ਮੇਰੇ ਦਿਲ ਨੂੰ ਰੁਸ਼ਨਾਉਂਦੀ ਏ...ਇਹਨੂੰ ਭੁੱਲ ਕੇ ਅਸਾਂ ਕਿੱਥੇ ਜਾਣਾ..!"

"ਚਲ ਝੂਠਾ ਨਾ ਹੋਵੇ ਤਾਂ..!"

"ਤੇਰੀ ਸਹੁੰ..!"

"ਝੂਠੀਆਂ ਸਹੁੰਆਂ ਖਾਣ ਲਈ ਮੈਂ ਹੀ ਰਹਿ ਗਈ..?"

"ਏਦਾਂ ਤਾਂ ਨਾ ਕਹੋ ਜੀ...ਦਿਨ ਕੀ ਤੇ ਰਾਤ ਕੀ ਬੰਦਾ ਬਸ ਤੁਹਾਡੇ ਨਾਮ ਦਾ ਜਾਪ ਕਰਦੈ..!"

"ਅੱਛਾ ਜੀ..!"

"ਹੋਰ ਨਹੀਂ ਤਾਂ ਕੀ..!"

"ਬੜੀ ਛੇਤੀ ਆਪਣਾ ਸੁਰ ਬਦਲ ਲਿਐ..!"

"ਬਈ, ਸਾਡਾ ਸੁਰ ਤਾਂ ਪਹਿਲਾਂ ਵੀ ਇਹੋ ਸੀ..ਤੇ ਹੁਣ ਵੀ ਇਹੋ ਏ...!"

"ਓਸ ਵੇਲੇ ਤਾਂ..."

"ਓਸ ਵੇਲੇ ਕੀ ਮੇਰੀ ਜਾਨ..?"

"ਅਖੇ, ਜੱਗ ਜਿਉਂਦਿਆਂ ਦੇ ਮੇਲੇ...!"

"ਤਾਂ ਮੈਂ ਕੀ ਗਲਤ ਕਿਹਾ ਸੀ..?"

"ਏਦਾਂ ਵੀ ਕਹੀਦੈ..!"

"ਤੈ ਪੂਰਾ ਗੀਤ ਸੁਨਣ ਦੀ ਖੇਚਲ ਨਹੀਂ ਕੀਤੀ...!"

"ਜੇ ਮੈਨੂੰ ਸਮਝ ਨਹੀਂ ਆਈ ਤਾਂ ਤੁਸੀਂ ਸਮਝਾ ਦਿਓ..ਸ਼੍ਰੀਮਾਨ ਮਾਹੀ ਜੀ..!"

"ਲੈ ਇਹਦੇ ਵਿਚ ਨਾ ਸਮਝਣ ਵਾਲੀ ਕਿਹੜੀ ਗੱਲ ਐ...!"

"ਨਾ ਜੇ ਮੈਨੂੰ ਸਮਝ ਨਹੀਂ ਆਈ ਤਾਂਹੀਓਂ ਕਹਿੰਦੀ ਹਾਂ...!"

"ਤੂੰ ਏਨੀ ਇਆਣੀ ਵੀ ਨਹੀਂ..ਬੜੇ ਬੜਿਆਂ ਦੇ ਕੰਨ ਕੁਤਰਦੀ ਏਂ...!"

"ਆਹੋ ਜੀ ਸਾਨੂੰ ਤਾਂ ਬਸ ਏਹੋ ਕੰਮ ਐ...!"

"ਲੈ ਤੂੰ ਤਾਂ ਗੁੱਸਾ ਕਰ ਗਈ...!"

"ਹੋਰ ਨਹੀਂ ਤਾਂ ਕੀ..!"

"ਚਲ ਛੱਡ ਪਰ੍ਹੇ...ਮੇਰੇ ਕਹਿਣ ਦਾ ਭਾਵ ਸੀ...ਅਸੀਂ ਭਾਗਾਂ ਵਾਲੇ ਹਾਂ...ਸਾਡੇ ਮੇਲੇ ਹੁੰਦੇ ਰਹਿੰਦੇ ਨੇ...ਸਾਡੇ ਇਸ ਜੀਵਨ ਦਾ ਜਵਾਬ ਨਹੀਂ...ਸਾਨੂੰ ਇਹ ਜਿਹੜੀਆਂ ਘੜੀਆਂ ਮਿਲੀਆਂ ਨੇ...ਬੜੀਆਂ ਸੁਭਾਗੀਆਂ ਨੇ...ਦੱਸ ਹੋਰ ਸਾਨੂੰ ਕੀ ਚਾਹੀਦੈ...ਲੋਕ ਅਗਲੇ ਜਨਮ ਦੀਆਂ ਗੱਲਾਂ ਕਰਦੇ ਰਹਿੰਦੇ ਨੇ...ਮੈਂ ਨਹੀਂ ਮੰਨਦਾ...ਅਗਲੇ ਜਨਮਾਂ ਦੀ ਗੱਲ...ਕਿਹਨੇ ਦੇਖਿਐ...ਜੋ ਦੇਖਿਐ ਇਥੇ ਈ ਦੇਖਿਐ...ਇਥੇ ਹੀ ਦੇਖਣਾ..." ਮਾਹੀ ਬੋਲ ਰਿਹਾ ਸੀ।

"ਫੇਰ ਠੀਕ ਐ.." ਕਹਿੰਦੀ ਉਹ ਕੁਝ ਸੋਚਣ ਲੱਗੀ।

"ਹੁਣ ਕੀ ਹੋਇਆ..?"

“ਹੋਇਆ ਕੁਝ ਨਹੀਂ...ਇਕ ਪੁਰਾਣੀ ਗੱਲ ਯਾਦ ਆ ਗਈ ਏ..ਬੇਬੇ ਸੁਣਾਉਂਦੀ ਹੁੰਦੀ ਸੀ...।”

“ਏਹੋ ਜਿਹੀ ਕਿਹੜੀ ਗੱਲ ਸੀ..ਜਿਸ ਤੈਨੂੰ ਸੋਚਾਂ ਵਿਚ ਪਾ ਦਿੱਤੈ..?”

“ਉਹ ਵੀ ਇਹੋ ਜਿਹੀ ਗੱਲ ਸੀ..ਜਿਹੜੀ ਤੁਸਾਂ ਸੁਣਾਈ ਹੈ..ਮੇਰੇ ਬਾਪੂ ਜੀ ਫੌਜ ਵਿਚ ਸਨ...ਤੁਸੀਂ ਜਾਣਦੇ ਈ ਓ...ਫੌਜ ਵਿਚ ਕੰਮ ਕਰਦੇ ਜਵਾਨਾਂ ਨੂੰ ਛੇਤੀ ਕਿਤੇ ਛੁੱਟੀ ਨਹੀਂ ਮਿਲਦੀ...ਬਾਪੂ ਜੀ ਸਾਲ ਵਿਚ ਮਸਾਂ ਇਕ-ਅੱਧ ਵਾਰ ਛੁੱਟੀ ’ਤੇ ਘਰ ਆਉਂਦੇ ਸਨ। ਉਨ੍ਹੀਂ ਦਿਨੀਂ ਅੱਜ ਵਾਂਗ ਮੋਬਾਇਲ ਉੱਪਰ ਗਿਟ ਮਿਟ ਨਹੀਂ ਹੁੰਦੀ ਸੀ। ਲੋਕ ਆਪਣੇ ਮਿੱਤਰ ਪਿਆਰਿਆਂ ਦੇ ਖ਼ਤਾਂ ਦੀ ਉਡੀਕ ਬੇਸਬਰੀ ਨਾਲ ਕਰਦੇ ਹੁੰਦੇ ਸਨ। ਜਿਹਨੂੰ ਮਿੱਤਰ ਪਿਆਰੇ ਦਾ ਮਾਖਿਓਂ ਮਿੱਠਾ ਤੇ ਪ੍ਰੇਮ ਰਸ ਨਾਲ ਭਰਿਆ ਖ਼ਤ ਮਿਲਦਾ ਉਹ ਤਾਂ ਖੁਸ਼ੀ ਵਿਚ ਛਾਲਾਂ ਮਾਰਦਾ ਥੱਕਦਾ ਨਹੀਂ ਹੁੰਦਾ ਸੀ। ਬੇਬੇ ਦਾ ਕੁਝ ਇਹੋ ਜਿਹਾ ਹਾਲ ਸੀ...ਉਧਰ ਬਾਪੂ ਜੀ ਵੀ ਘਰੋਂ ਆਉਣ ਵਾਲੇ ਖ਼ਤ ਦੀ ਉਡੀਕ ਕਰਦੇ ਹੋਣਗੇ। ਉਨ੍ਹਾਂ ਵਕਤਾਂ ਦੀ ਇਹੋ ਹੋਣੀ ਸੀ।

ਬੇਬੇ ਦਸਦੀ ਹੁੰਦੀ ਸੀ, ‘ਇਕ ਦਿਨ ਤੁਹਾਡੇ ਬਾਪੂ ਜੀ ਦਾ ਖ਼ਤ ਆਇਆ ਤਾਂ ਮੈਂ ਖੁਸ਼ੀ ਦੇ ਮਾਰੇ ਉੱਛਲ ਈ ਪਈ। ਕੋਲ ਮੇਰੀ ਸੱਸ ਬੈਠੀ ਸੀ...ਤੇ ਜੇਠ ਥੋੜ੍ਹਾ ਹਟਕੇ ਜਿਹੇ ਕਿਸੇ ਕੰਮ ਵਿਚ ਰੁੱਝਾ ਹੋਇਆ ਸੀ। ਤੇਰੇ ਬਾਪੂ ਜੀ ਦਾ ਖ਼ਤ ਮਿਲਣ ਦੀ ਖੁਸ਼ੀ ਮੈਥੋਂ ਸਾਂਭੀ ਨਹੀਂ ਗਈ...ਮੂੰਹ ਵਿਚੋਂ ਆਪ ਮੁਹਾਰੇ ਨਿਕਲ ਗਿਆ...ਹਾਏ ਓਏ ਮਰ ਜਾਵਾਂ...ਤੇ ਮੈਂ ਉੱਛਲ ਪਈ ਜਿਵੇਂ ਬਾਲੜੀ ਉਮਰੇ ਸਹੇਲੀਆਂ ਨਾਲ ਖੇਡਦੀ ਉੱਛਲਦੀ-ਕੁੱਦਦੀ ਹੁੰਦੀ ਸੀ। ਜਦ ਹੋਸ਼ ਪਰਤੀ ਤਾਂ ਆਲੇ ਦੁਆਲੇ ਦੇਖਿਆ...ਮੇਰੀ ਸੱਸ ਮੈਨੂੰ ਬਿਟ ਬਿਟ ਤੱਕੀ ਜਾਵੇ...ਤੇ ਉਧਰ ਪਰ੍ਹੇ ਖਲੋਤੇ ਜੇਠ ਦੇ ਮੂੰਹੋਂ ਨਿਕਲ ਰਿਹਾ ਸੀ...ਕੀ ਹੋਇਆ..ਕੀ ਹੋਇਆ।

ਬੇਬੇ ਸ਼ਰਮਾ ਗਈ। ਅਜੇ ਵਿਆਹ ਨੂੰ ਕਿਹੜਾ ਬਹੁਤਾ ਸਮਾਂ ਹੋਇਆ ਸੀ। ਜੇਠ ਨੱਸਾ ਨੱਸਾ ਕੋਲ ਆਇਆ ਤੇ ਪੁੱਛਣ ਲੱਗਾ, ਕੀ ਹੋਇਆ...ਬੀਬੀ ਰਾਣੀ...ਤੇ ਬੇਬੇ ਨੇ ਹੱਥਲਾ ਖ਼ਤ ਉਹਨੂੰ ਫੜਾ ਦਿੱਤਾ। ਜੇਠ ਨੇ ਗਹੁ ਨਾਲ ਦੇਖਿਆ...ਸਾਰੀ ਗੱਲ ਸਮਝਦਿਆਂ ਉਸ ਨੂੰ ਦੇਰ ਨਹੀਂ ਲੱਗੀ...ਅੱਛਾ ਇਹ ਗੱਲ ਐ...ਚਲ ਕੋਈ ਨਾ...ਕਹਿੰਦਾ ਉਹ ਖ਼ਤ ਬੇਬੇ ਨੂੰ ਫੜਾ ਤੁਰ ਗਿਆ। ਖਬਰੇ ਅੰਦਰੋ ਅੰਦਰੀ ਉਹ ਬੇਬੇ ਦੇ ਅੱਲ੍ਹੜ ਪੁਣੇ ’ਤੇ ਹੱਸਦਾ ਹੀ ਹੋਵੇ...ਕਿਹੜਾ ਬੇਬੇ ਨੇ ਦੇਖਿਆ ਸੀ...ਉਹ ਤਾਂ ਸ਼ਰਮ ਦੀ ਮਾਰੀ ਸੁੰਗੜ ਕੇ ਬਹਿ ਗਈ ਸੀ। ...ਫੋਟ, ਕਮਲੀ ਨਾ ਹੋਵੇ ਤਾਂ...ਏਦਾਂ ਵੀ ਕਰੀਦੈ...ਕੋਲ ਬੈਠੀ ਸੱਸ ਲਾਡ ਨਾਲ ਕਹਿ ਰਹੀ ਸੀ। ਉਹਦੇ ਪੁੱਤ ਦਾ ਖ਼ਤ ਸੀ...ਇਸ ਲਈ ਉਹ ਕਿਹੜਾ ਘੱਟ ਖੁਸ਼ ਸੀ। ਉਂਜ ਉਹ ਖੁਲ੍ਹੇ ਦਿਲ ਵਾਲੀ ਸੀ...।”

“ਤੈਨੂੰ ਕਿੱਦਾਂ ਪਤੈ..?” ਮਾਹੀ ਨੇ ਚਲਦੀ ਗੱਲ ਵਿਚ ਸਵਾਲੀ ਗੋਲਾ ਦਾਗ ਦਿੱਤਾ।

“ਬੇਬੇ ਦੱਸਦੀ ਹੁੰਦੀ ਸੀ। ਭਲਾ ਮੈਂ ਕਿਹੜਾ ਆਪਣੀ ਦਾਦੀ ਨੂੰ ਨਹੀਂ ਦੇਖਿਆ...।”

“ਅੱਛਾ...!”

“ਹੋਰ ਨਹੀਂ ਤਾਂ ਕੀ..।”

“ਅੱਹੇ ਕੀ ਹੋਇਆ...?”

“ਬੇਬੇ ਕਿਸੇ ਬਹਾਨੇ ਉਥੋਂ ਉੱਠੀ ਤੇ ਕਮਰੇ ਦੀ ਇਕ ਨਿਵੇਕਲੀ ਜਿਹੀ ਥਾਂ ’ਤੇ ਬਾਪੂ ਜੀ ਦਾ ਖ਼ਤ ਖੋਲ੍ਹ ਕੇ ਪੜ੍ਹਣ ਲੱਗ ਪਈ। ਬਾਪੂ ਜੀ ਨੇ ਖ਼ਤ ਦੇ ਮਜ਼ਮੂਨ ਦੀ ਸ਼ੁਰੂਆਤ ਹੀ ਇਨ੍ਹਾਂ ਸ਼ਬਦਾਂ ਨਾਲ ਕੀਤੀ ਸੀ... ‘ਜੱਗ ਜਿਉਂਦਿਆਂ ਦੇ ਮੇਲੇ..ਦਰਗਾਹੀ ਜਾ ਕੇ ਕੌਣ ਮਿਲਦਾ..।’ ਬੇਬੇ ਦੀ ਸਮਝ ਵਿਚ ਨਹੀਂ ਆਇਆ। ਉਹ ਕੁਝ ਹੋਰ ਦਾ ਹੋਰ ਸਮਝਣ ਲੱਗੀ।

“ਜਿੱਦਾਂ ਤੈਨੂੰ...!”

“ਨਾ ਤੂੰ ਮੈਨੂੰ....”

“ਬਸ ਬਸ ਮੇਰੀ ਬਿੱਲੋ ਰਾਣੀ ਹੱਸਦੀ ਹੱਸਦੀ ਗੱਲ ਕਿਸੇ ਹੋਰ ਪਾਸੇ ਨਾ ਲੈ ਜਾਈਂ...!” ਮਾਹੀ ਨੇ ਹੌਲੀ ਜਿਹੇ ਕਿਹਾ।

“ਬੜਾ ਸਿਆਣਾ ਏਂ...!”

“ਛੱਡ ਵੀ ਪਰ੍ਹੇ ਹੁਣ...ਬੇਬੇ ਦੀ ਗੱਲ ਸੁਣਾ...!”

“ਬੇਬੇ ਉਥੇ ਖੜ੍ਹੀ ਖੜ੍ਹੀ ਕਲਪਣ ਲੱਗੀ। ਉਹਦਾ ਜੇਠ ਉਧਰੋਂ ਲੰਘ ਰਿਹਾ ਸੀ। ਬੇਬੇ ਦੇ ਚਿਹਰੇ ਦਾ ਬਦਲਦਾ ਰੰਗ ਦੇਖ ਉਹ ਠਠੰਬਰ ਜਿਹਾ ਗਿਆ। ਪੁਰਾਣੇ ਜਮਾਨੇ ਦੀਆਂ ਗੱਲਾਂ ਨੇ। ਉਨ੍ਹੀਂ ਦਿਨੀ ਸੌ ਪਰਦੇ ਹੁੰਦੇ ਸਨ। ਅੱਜ ਦਾ ਜਮਾਨਾ ਹੁੰਦਾ ਤਾਂ ਉਹ ਇਕ ਦਮ ਉਹਦੇ ਕੋਲ ਆ ਜਾਂਦਾ...ਤੇ ਪੁੱਛਦਾ ‘ਬੀਬਾ, ਕੀ ਹੋਇਐ...ਤੇਰੀ ਤਬੀਅਤ ਤਾਂ ਠੀਕ ਆ..!’ ਉਹ ਚਿੰਤਿਤ ਤਾਂ ਹੋਇਆ ਹੋਵੇਗਾ ਪਰ ਉਸ ਬੇਬੇ ਪਾਸ ਆਉਣ ਦਾ ਹੌਸਲਾ ਨਹੀਂ ਕੀਤਾ। ਉਹ ਓਹਲੇ ਜਿਹੇ ਵਿਚ ਖਲੋ ਕੇ ਬੇਬੇ ਦੇ ਹਾਵ ਭਾਵ ਦੇਖਦਾ ਰਿਹਾ। ਇਧਰ ਬੇਬੇ ਬਾਪੂ ਜੀ ਦੀ ਚਿੱਠੀ ਹੱਥਾਂ ਵਿਚ ਉਲੱਦਦੀ ਬੜ ਬੜ ਕਰਦੀ ਜਾ ਰਹੀ ਸੀ।

“ਫੇਰ ਕੀ ਹੋਇਆ..!” ਮਾਹੀ ਨੇ ਵਿਚੋਂ ਟੋਕ ਦਿੱਤਾ।

“ਬੰਬ ਧਮਾਕਾ ਹੋ ਗਿਆ...!”

“ਹੈਂ, ਬੰਬ ਧਮਾਕਾ ਹੋ ਗਿਆ...ਪਰ ਕਿੱਥੇ..?” ਮਾਹੀ ਨੇ ਮਚਲਾ ਜਿਹਾ ਬਣਦਿਆਂ ਪੁੱਛਿਆ।

“ਤੇਰੇ ਸਿਰ ’ਤੇ..!”

“ਇਸ ਵਿਚ ਖਿਝਣ ਦੀ ਕਿਹੜੀ ਗੱਲ ਐ..?”

“ਖਿਝਾਂ ਨਾ ਤਾਂ ਹੋਰ ਕੀ ਕਰਾਂ...ਬੰਦਾ ਥੋੜ੍ਹਾ ਸਬਰ ਕਰੇ।”

“ਚਲ ਕੀਤਾ ਸਬਰ...ਹੁਣ ਦੱਸ..!”

“ਬੜੀ ਮੇਹਰਬਾਨੀ...!”

“ਉਹ ਤਾਂ ਜੀ ਅਸੀਂ ਕਰਦੇ ਹੀ ਰਹਿੰਦੇ ਹਾਂ..!”

“ਜੇ ਕਹੇਂ ਤਾਂ ਅੱਗੇ ਦੀ ਗੱਲ ਕਰਾਂ..?”

“ਨੇਕੀ ਔਰ ਪੂਛ ਪੂਛ...ਚਲ ਹੋ ਜਾ ਸ਼ੁਰੂ..!” ਮਾਹੀ ਭਾਵੇਂ ਦੂਰ ਬੈਠਾ ਸੀ, ਪਰ ਖਿਆਲਾਂ ਹੀ ਖਿਆਲਾਂ ਵਿਚ ਉਸ ਜੋਤ ਦੀ ਪਿੱਠ ਥਾਪੜਦਿਆਂ ਖੁਲ੍ਹ ਦਿਲੀ ਨਾਲ ਕਿਹਾ।

“ਬੇਬੇ ਦਾ ਸੁਰ ਮੱਧਮ ਸੀ, ਮਤੇ ਕੋਈ ਸੁਣ ਨਾ ਲਵੇ। ਜੇ ਕੋਈ ਸੁਣਦਾ ਹੈ ਤਾਂ ਸੁਣ ਲਵੇ...ਡਰੀ ਮਾਰੀ ਹੈ ਕਿਸੇ ਦੀ...ਇਹੋ ਜਿਹੇ ਵਿਚਾਰ ਵੀ ਉਹਦੇ ਅੰਦਰ ਚੱਕਰ ਕੱਟ ਰਹੇ ਸਨ। ਬਾਪੂ ਜੀ ਨੇ ਚਿੱਠੀ ਵਿਚ ਜੋ ਲਿਖਿਆ ਸੀ ਉਹ ਪੜ੍ਹਣ ਦੀ ਖੇਚਲ ਉਸ ਨੇ ਨਹੀਂ ਕੀਤੀ...ਉਹ ਤਾਂ ਬਸ ਆਪਣੇ ਮਨ ਦੀ ਗੱਲ ਸੁਣਨਾ ਚਾਹੁੰਦੀ ਸੀ...ਹੋਰ ਕੁਝ ਨਹੀਂ।

“ਫੇਰ..?”

“ਬੇਬੇ ਫਾਲਤੂ ਦੀਆਂ ਸੋਚਾਂ ਸੋਚਦੀ ਆਵੇਸ਼ ਵਿਚ ਆ ਗਈ। ਉਹਦੇ ਹੱਥ ਤੇਜ਼ੀ ਨਾਲ ਹਰਕਤ ਕਰਨ ਲੱਗੇ। ਆਵੇਸ਼ ਦਾ ਵੇਗ ਮੱਧਮ ਹੋਇਆ। ਉਸ ਇਕ ਹੱਥ ਵਿਚਲੀ ਚਿੱਠੀ ’ਤੇ ਨਜ਼ਰ ਸੁੱਟੀ। ਉਹ ਬੁਰੀ ਤਰ੍ਹਾਂ ਮਧੋਲੀ ਜਾ ਚੁੱਕੀ ਸੀ। ਉਹ ਸ਼ਰਮਸਾਰ ਹੋਈ। ਇਹ ਕੀ ਕਰ ਬੈਠੀ। ਉਸ ਤੇਜ਼ੀ ਨਾਲ ਮਧੋਲੀ ਚਿੱਠੀ ਨੂੰ ਦੋਹਾਂ ਹੱਥਾਂ ਵਿਚ ਲਿਆ। ਪਿਆਰ ਨਾਲ ਪਲੋਸਦੀ ਉਸ ਵਿਚਲੇ ਵੱਲ ਕੱਢਣ ਦਾ ਯਤਨ ਕੀਤਾ। ਉਸ ਚਿੱਠੀ ਥਾਂ ਸਿਰ ਰੱਖੀ। ਹੁਣ ਉਹ ਕਾਫੀ ਹੱਦ ਤਕ ਸ਼ਾਂਤ ਹੋ ਚੁੱਕੀ ਸੀ।

“ਤੇਰੇ ਵਾਂਗ..!” ਮਾਹੀ ਨੇ ਟਕੋਰ ਕੀਤੀ।

“ਨਾ ਮੈਂ ਤਾਂ ਲੋਕਾਂ ਨੂੰ ਵੱਢਦੀ ਫਿਰਦੀ ਆਂ...!”

“ਲੈ ਤੂੰ ਫੇਰ ਗੁੱਸਾ ਕਰ ਗਈ..!”

“ਗੁੱਸਾ ਨਾ ਕਰਾਂ ਤਾਂ ਹੋਰ ਕੀ ਕਰਾਂ, ਤੂੰ ਗੱਲ ਈ ਇਹੋ ਜਿਹੀ ਕਰਦਾ ਏਂ..!”

“ਨਾ ਮੈਂ ਕੀ ਗਲਤ ਕਹਿ ਦਿੱਤਾ..ਬਈ ਉਹ ਤੇਰੇ ਵਾਂਗ ਸ਼ਾਂਤ ਹੋ ਗਈ ਸੀ...!”

“ਮਜਾਕ ਕਰਦੈਂ..!”

“ਬਿਲਕੁਲ ਨਹੀਂ..! ਤੇਰੀ ਸਹੁੰ..” ਮਾਹੀ ਨੇ ਕੰਨਾਂ ਨੂੰ ਹੱਥ ਲਾਉਂਦਿਆਂ ਕਿਹਾ ਤਾਂ ਉਹਦੀ ਇਹੋ ਜਿਹੀ ਮੁਦਰਾ ਦੀ ਕਲਪਨਾ ਕਰਕੇ ਜੋਤ ਦਾ ਹਾਸਾ ਮੱਲੋ ਮੱਲੀ ਨਿਕਲ ਗਿਆ।

"ਬੇਬੇ ਦੀ ਹਾਲਤ ਦੇਖ ਜੇਠ ਆਪਣੀ ਮਾਂ ਪਾਸ ਗਿਆ। ਉਹਨੂੰ ਪੂਰੀ ਗੱਲ ਦੱਸੀ। "ਹੂੰ ਇਹ ਗੱਲ ਹੈ...!" ਮਾਂ ਨੇ ਪੁੱਤ ਵੱਲ ਦੇਖਦਿਆਂ ਕਿਹਾ ਤੇ ਉੱਚੀ ਉੱਚੀ ਹੱਸਣ ਲੱਗ ਪਈ। ਮਾਂ ਨੂੰ ਹੱਸਦਿਆਂ ਦੇਖ ਜੇਠ ਜੀ ਸੋਚੀਂ ਪੈ ਗਏ... "ਵੇ ਤੈਂ ਵਿਆਹ ਨਹੀਂ ਕਰਾਇਆ...ਇਸ ਲਈ ਤੂੰ ਕੀ ਜਾਣੇ ਇਨ੍ਹਾਂ ਗੱਲਾਂ ਨੂੰ...ਆਦਮੀ-ਤੀਵੀਂ ਦੇ ਸੌ ਚੋਹਲ-ਮੋਹਲ ਹੁੰਦੇ ਨੇ...ਮਿੰਟ ਵਿਚ ਗਰਮ ਤੇ ਮਿੰਟ ਵਿਚ ਨਰਮ...ਇਹ ਹੁੰਦਾ ਈ ਰਹਿੰਦੈ...ਤੂੰ ਘਾਬਰ ਨਾ...ਬਹੁ ਨੂੰ ਕੁਝ ਨਹੀਂ ਹੁੰਦਾ...ਜਾ ਆਪਣਾ ਕੰਮ ਕਰ...ਮੈਂ ਦੇਖਦੀ ਹਾਂ..!" ਬੇਬੇ ਦੀ ਸੱਸ ਨੇ ਏਨਾ ਕਹਿ ਕੇ ਪੁੱਤ ਨੂੰ ਤੋਰ ਦਿੱਤਾ।

ਸੱਸ ਤੋਂ ਬਹੁਤਾ ਤੁਰ ਨਹੀਂ ਹੁੰਦਾ ਸੀ। ਉਹ ਹੌਲੀ ਹੌਲੀ ਤੁਰਦੀ ਬੇਬੇ ਕੋਲ ਗਈ। ਉਸ ਇਕ ਨਜ਼ਰ ਬੇਬੇ ਦੇ ਹੁਣੇ ਹੁਣੇ ਸ਼ਾਤ ਹੋਏ ਚਿਹਰੇ 'ਤੇ ਸੁੱਟੀ ਤੇ ਦੂਜੀ ਨਜ਼ਰ ਬਾਪੂ ਜੀ ਦੀ ਚਿੱਠੀ ਉਪਰ। ਅਸਲ ਗੱਲ ਸਮਝਦਿਆਂ ਉਸ ਨੂੰ ਦੇਰ ਨਹੀਂ ਲੱਗੀ। ਆਖ਼ਰ ਜ਼ਮਾਨਾ ਤਾਂ ਉਸ ਵੀ ਦੇਖਿਆ ਸੀ।

"ਕੀ ਲਿਖਿਐ ਇਸ ਚਿੱਠੀ ਵਿਚ ਜਿਸ ਤੈਨੂੰ ਸੋਚੀਂ ਪਾ ਛਡਿਐ...? ਲਿਆ ਮੈਂ ਵੀ ਤਾਂ ਦੇਖਾਂ...!"

"ਕੁਝ ਨਹੀਂ..ਐਵੇਂ ਹੀ...!" ਬੇਬੇ ਦੇ ਮੂੰਹੋਂ ਮਸਾਂ ਨਿਕਲਿਆ।

"ਜੇ ਐਵੇਂ ਨਹੀਂ ਤਾਂ ਇਹ ਬੂਥੀ ਸੁੱਜੀ ਕਿਉਂ ਹੋਈ ਏ..!" ਸੱਸ ਨੇ ਤਿੱਖੀਆਂ ਨਜ਼ਰਾਂ ਨਾਲ ਉਸ ਨੂੰ ਦੇਖਦਿਆਂ ਪੁੱਛਿਆ।

"ਨਹੀਂ ਤਾਂ...ਮੈਂ ਠੀਕ ਹਾਂ...ਮੈਨੂੰ ਕੀ ਹੋਇਐ..ਬਸ ਐਵੇਂ ਜ਼ਰਾ...!"

"ਸਭ ਐਵੇਂ ਈ ਹੁੰਦੈ...ਬਹੁ ਰਾਣੀ...ਲਿਆ ਦੇਖਾਂ ਇਸ ਵਿਚ ਕੀ ਲਿਖਿਐ...!" ਸੱਸ ਨੇ ਇਕ ਵਾਰ ਫਿਰ ਚਿੱਠੀ ਵੱਲ ਹੱਥ ਵਧਾਉਂਦਿਆਂ ਪੁੱਛਿਆ।

"ਜੀ ਕੁਝ ਨਹੀਂ...!" ਕਹਿੰਦੀ ਬੇਬੇ ਨੇ ਚਿੱਠੀ ਦੂਜੇ ਪਾਸੇ ਕਰ ਲਈ।

"ਤੂੰ ਘਾਬਰਦੀ ਕਿਉਂ ਏ...ਮੈਨੂੰ ਕਿਹੜਾ ਪੜ੍ਹਣਾ ਆਉਂਦੈ..ਮੈਂ ਤਾਂ ਬਸ ਤੈਨੂੰ ਦੇਖ ਰਹੀ ਸੀ..!" ਸੱਸ ਨੇ ਉਹਦੇ ਅੰਦਰਲਾ ਡਰ ਦੂਰ ਕਰ ਦਿੱਤਾ। "ਤੈਂ ਪੂਰਾ ਖ਼ਤ ਪੜ੍ਹਿਐ..?"

"ਜੀ ਅਜੇ ਨਹੀਂ ਪੜ੍ਹਿਆ...!"

"ਫੇਰ ਐਵੇਂ ਮੂੰਹ ਕਿਉਂ ਲਟਕਾ ਲਿਐ...ਹੋ ਸਕਦੈ ਇਹਦੇ ਵਿਚ ਕੋਈ ਚੰਗੀ ਗੱਲ ਕਹੀ ਹੋਉ...ਤੂੰ ਪੜ੍ਹ ਤਾਂ ਸਹੀ..।" ਸੱਸ ਨੇ ਨਸੀਹਤ ਦਿੱਤੀ।

"ਮੈਂ ਤਾਂ ਪਹਿਲੀ ਸਤਰ ਪੜ੍ਹ ਕੇ ਹੀ ਅਟਕ ਗਈ ਸੀ..." "ਕੀ ਲਿਖਿਐ ਇਸ ਸਤਰ ਵਿਚ ?" "ਜੀ ਲਿਖਿਐ, ਜੱਗ ਜਿਉਂਦਿਆਂ ਦੇ ਮੇਲੇ...ਦਰਗਾਹੀ ਜਾ ਕੇ ਕੌਣ ਮਿਲਦਾ..!"

"ਇਹ ਤਾਂ ਕਿਸੇ ਕਵਿਤਾ ਦੀ ਤੁਕ ਲੱਗਦੀ ਐ...!"

"ਪਰ ਇਹਦਾ ਮਤਲਬ...?"

"ਮਤਲਬ ਇਹ ਕਿ ਜਿਉਂਦਿਆਂ ਦੇ ਮੇਲੇ ਹੁੰਦੇ ਨੇ...ਬਾਅਦ ਵਿਚ ਕੀ ਹੁੰਦੈ...ਕੋਣ ਜਾਣਦਾ...ਬਸ ਕਹਿਣ ਸੁਨਣ ਦੀਆਂ ਗੱਲਾਂ ਨੇ...ਤੇਰੇ ਪਤੀ ਨੇ ਕੋਈ ਚੰਗੀ ਗੱਲ ਕੀਤੀ ਹੋਉ...ਚੰਗੀ ਤਰ੍ਹਾਂ ਪੂਰੀ ਚਿੱਠੀ ਪੜ੍ਹ..." ਸੱਸ ਨੇ ਇਕ ਵਾਰ ਫਿਰ ਜੋਰ ਦੇ ਕੇ ਨਸੀਹਤ ਦਿੱਤੀ।

ਬੇਬੇ ਚਿੱਠੀ ਪੜ੍ਹਣ ਲਗੀ ਹੀ ਸੀ ਕਿ ਇਕ ਮਰਦਾਵਾਂ ਸੁਰ ਘਰ ਦੇ ਵਾਤਾਵਰਣ ਵਿਚ ਗੂੰਜ ਉੱਠਿਆ, "ਹਾਏ ਸੋਹਣਿਆਂ ਵੇ, ਜੱਗ ਜਿਉਂਦਿਆਂ ਦੇ ਮੇਲੇ......ਦਰਗਾਹੀਂ ਜਾ ਕੇ ਕੌਣ ਮਿਲਦਾ...?"

"ਹੈਂ ਇਹ ਕੀ...?" ਸੱਸ ਤੇ ਨੂੰਹ ਹੈਰਾਨ...ਦੋਵੇਂ ਇਧਰ-ਉਧਰ ਦੇਖਣ ਲੱਗੀਆਂ...ਮਰਦਾਵਾਂ ਸੁਰ ਇਕ ਵਾਰ ਫਿਰ ਗੂੰਜਿਆ...ਇਸ ਵਾਰ ਬੇਬੇ ਦੀ ਸੱਸ ਨੇ ਉਸ ਨੂੰ ਪਛਾਣ ਲਿਆ...ਪਰ ਉਹ ਬੋਲੀ ਕੁਝ ਨਾ...ਉਹ ਬੇਬੇ ਵੱਲ ਦੇਖਣ ਲੱਗੀ। ਥੋੜ੍ਹੀ ਖਚਰੀ ਬਣ ਪੁੱਛਣ ਲੱਗੀ... "ਨੀਂ ਕੁੜੇ...ਆਹ ਕਿਹਦੀ ਆਵਾਜ਼ ਆ...?"

"ਮੈਂ ਤਾਂ ਸਿਆਣੀ ਨਹੀਂ..!" ਬੇਬੇ ਨੇ ਸਹਿਜ ਸੁਭਾਅ ਜਵਾਬ ਦਿੱਤਾ।

"ਜੇ ਮਨ ਦੀਆਂ ਅੱਖਾਂ ਨਾਲ ਦੇਖੇਂ ਤੇ ਦਿਲ ਵਿਚਲੇ ਕੰਨਾ ਨਾਲ ਸੁਣੇਂ ਤਾਂ ਸਿਆਣ ਲਵੇਂਗੀ..।"

ਸੱਸ ਦੀ ਗੁੱਝੀ ਸਿਆਣਪ ਭਰੀ ਗੱਲ ਸੁਣ ਕੇ ਬੇਬੇ ਦੀ ਕੁਝ ਸਮਝ ਵਿਚ ਆ ਗਿਆ। "ਜੇ ਉਹ ਨੇ...ਕਿੱਥੇ ਨੇ...?"

"ਹਾਏ ਸੋਹਣਿਆਂ ਵੇ...ਅਸੀਂ ਇਥੇ ਹਾਂ...ਤੁਹਾਡੇ ਕੋਲ...ਤੁਹਾਡੀਆਂ ਅੱਖਾਂ ਦੇ ਸਾਹਮਣੇ..." ਬਾਪੂ ਜੀ ਨੇ ਆਪਣੀ ਮਾਂ ਦੇ ਗੋਡੀਂ ਹੱਥ ਲਾਏ ਤਾਂ ਬਜ਼ੁਰਗ ਮਾਂ ਨੇ ਪੋਲੇ ਜਿਹੇ ਹੱਥਾਂ ਨਾਲ ਉਹਨਾਂ ਦੇ ਕੰਨ ਫੜਦਿਆਂ ਪੁਛਿਆ, "ਜੇ ਤੈਂ ਆਉਣਾ ਈ ਸੀ ਤਾਂ ਇਹ ਚਿੱਠੀ ਕਾਹਦੇ ਵਾਸਤੇ ਲਿਖੀ ਸੀ...?"

"ਇਸ ਵਾਸਤੇ...ਚਿੱਠੀ ਪੜ੍ਹ ਲੈਂਦੇ ਤਾਂ ਪਤਾ ਲੱਗ ਜਾਂਦਾ...!"

ਬੇਬੇ ਕਈ ਵਾਰ ਇਹ ਰਾਮ ਕਹਾਣੀ ਸੁਣਾਉਂਦੀ ਹੁੰਦੀ ਸੀ। ਉਹ ਜਦ ਤਕ ਜਿਉਂਦੀ ਰਹੀ, ਉਹਦੇ ਬੁਲ੍ਹਾਂ ਵਿਚੋਂ ਇਹੋ ਸ਼ਬਦ ਬਾਹਰ ਨਿਕਲਦੇ ਰਹੇ...ਜੱਗ ਜਿਉਂਦਿਆਂ ਦੇ ਮੇਲੇ..!"

----0---

ਕੁਝ ਦਿਨ ਬਾਅਦ। ਸ਼ਹਿਰ ਦਾ ਵੱਡਾ ਗਾਰਡਨ। ਬਰਸਾਤ ਨੇ ਰੁੱਖਾਂ, ਪੌਦਿਆਂ ਤੇ ਬੇਲਾਂ ਉਤਲੀ ਗਰਮ ਹਵਾਵਾਂ ਤੇ ਝੱਖੜਾਂ ਦੀ ਚਾੜ੍ਹੀ ਗਰਦ ਲਾਹ ਸੁੱਟੀ ਏ। ਸਭੋ ਕੁਝ ਸਾਫ ਏ, ਨਿਰਮਲ ਏ, ਮਨ ਨਿਰਮਲ, ਤਨ ਨਿਰਮਲ ਤੇ ਸਭ ਤੋਂ ਉੱਪਰ ਨੀਲ ਗਗਨ ਦੀ ਆਭਾ ਬੁਝੇ ਹੋਏ ਦਿਲਾਂ ਨੂੰ ਹਰਿਆ-ਭਰਿਆ ਕਰਨ ਦੇ ਕੰਮ ਵਿਚ ਜੀਅ ਜਾਨ ਨਾਲ ਜੁਟ ਚੁੱਕੀ ਏ...! ਆਪਣੇ ਮਾਹੀ ਨਾਲ ਚਿੰਬੜੀ ਜੋਤ ਜਾਣੋਂ ਇਸ ਦੁਨੀਆਂ ਦੀ ਵਸਨੀਕ ਨਾ ਰਹੀ ਹੋਵੇ...ਉਹਦਾ ਖਿੜਿਆ ਚਿਹਰਾ...ਵਾਤਾਵਰਣ ਨੂੰ ਹੋਰ ਸੋਹਣਾ ਬਣਾ ਰਿਹਾ ਸੀ। ਜੋਤ ਨਸ਼ਿਆ ਗਈ, ਜਦ ਰਹਿ ਨਾ ਹੋਇਆ ਤਾਂ ਧਾ ਦੇਣੀ ਮਾਹੀ ਨਾਲ ਚਿੰਬੜ ਗਈ। ਇਸੇ ਅਵਸਥਾ ਵਿਚ ਉਹਦੇ ਮੂੰਹੋਂ ਨਿਕਲਿਆ, "ਹਾਏ ਸੋਹਣਿਆਂ ਵੇ...!" (12-6-2018)

09810628570 (ਫੋਨ)

I-263, karampura,
New Delhi-110015

(ਇਹ ਕਹਾਣੀ 'ਪੰਜਾਬ ਟਾਈਮਜ਼, ਨਿਊਯਾਰਕ' ਦੇ 7 ਜੁਲਾਈ, 2018 ਅੰਕ ਵਿਚ ਛੱਪ ਗਈ ਹੈ।)

# ਓ. ਕੇ ਮਾਈ ਡਿਅਰ

ਅਸ਼ੋਕ ਵਾਸਿਸ਼ਠ

"ਤੂੰ ਮੇਰੀ ਜਾਨ ਏਂ...ਤੈਥੋਂ ਵੱਖ ਹੋਣ ਦਾ ਤਾਂ ਸਵਾਲ ਈ ਨਹੀਂ..ਤੂੰ ਕੋਈ ਹੋਰ ਗੱਲ ਕਰ..!" ਪਾਰਕ ਦੀ ਇਕ ਨੁੱਕਰੇ ਪ੍ਰੇਮਿਕਾ ਨਾਲ ਚਿੰਬੜੇ ਪ੍ਰੇਮੀ ਨੇ ਕਿਹਾ।

"ਮੇਰਾ ਗਿਆਨ ਵਧਾਉਣ ਲਈ ਧੰਨਵਾਦ...।"

"ਪਰ ਮੈਂ ਤਾਂ ਕਿਸੇ ਗਿਆਨ ਧਿਆਨ ਦੀ ਗੱਲ ਕੀਤੀ ਹੀ ਨਹੀਂ.." ਪ੍ਰੇਮੀ ਕਹਿ ਰਿਹਾ ਸੀ।

"ਤੁਸੀਂ ਮੈਨੂੰ 'ਮੇਰੀ ਜਾਨ' ਕਹਿ ਦਿੱਤੈ...ਕੀ ਇਹ ਮੇਰੇ ਲਈ ਗਿਆਨ ਦੀ ਗੱਲ ਨਹੀਂ...!"

"ਉਹ ਤਾਂ ਤੂੰ ਹੈ ਹੀ...!"

"ਇਹੋ ਜਿਹੇ ਚੌਕੇ-ਛੱਕੇ ਮਾਰਨੇ ਛੱਡ ਦਿਓ ਹੁਣ...ਤੁਹਾਨੂੰ ਸੋਭਦੇ ਨਹੀਂ..।" ਪ੍ਰੇਮਿਕਾ ਦੇ ਬੋਲਾਂ ਵਿਚ ਕਰੜਾਈ ਸੀ।

"ਇਹ ਦਿਲ ਦੀ ਗੱਲ ਏ...ਜੇ ਮਾਮਲਾ ਦਿਲ ਨਾਲ ਜੁੜਿਆ ਹੋਵੇ ਤਾਂ ਚੌਕੇ-ਛੱਕੇ ਐਵੇਂ ਵੱਜ ਜਾਂਦੇ ਨੇ...ਮਾਰਨ ਦੀ ਲੋੜ ਨਹੀਂ ਪੈਂਦੀ..।" ਨੌਜਵਾਨ ਨੇ ਬਚਾਅ ਦੀ ਮੁਦਰਾ ਵਿਚ ਕਿਹਾ।

"ਫਾਲਤੂ ਦੀਆਂ ਗੱਲਾਂ...!"

"ਫਾਲਤੂ ਦੀਆਂ ਗੱਲਾਂ ਕਿਉਂ ਜੂਲੀ..?"

"ਕਿਉਂਕਿ ਇਸ ਵਿਚੋਂ ਨਿਕਲਣਾ ਕੁਝ ਨਹੀਂ..! ਜਿੰਦਰ ਤੈਨੂੰ ਕਿੰਨੀ ਵਾਰ ਕਿਹੈ...ਜੇ ਤੂੰ ਚਾਹੁੰਦਾ ਹੈਂ ਕਿ ਅਸੀਂ ਅੱਗੇ ਵਧੀਏ ਤਾਂ ਮਰਦ ਬਣ...!"

"ਨਾ ਤੈਨੂੰ ਕੋਈ ਸ਼ੱਕ ਹੇ ?"

"ਅਜੇ ਤਕ ਤਾਂ ਕੇਵਲ ਸ਼ੱਕ ਹੀ ਹੈ...!"

"ਇਹ ਤੇਰੀ ਵਧੀਕੀ ਹੈ..!" ਜਿੰਦਰ ਬੋਲਿਆ।

“ਮੈਂ ਠੀਕ ਕਹਿ ਰਹੀ ਹਾਂ..!”

“ਨਹੀਂ ਤੂੰ ਠੀਕ ਨਹੀਂ ਕਹਿ ਰਹੀ..!”

“ਅਜੇ ਵੀ ਤੂੰ ਇਹ ਕਹਿ ਰਿਹਾ ਏਂ..!”

“ਅਜੇ ਵੀ ਦਾ ਕੀ ਮਤਲਬ..?”

“ਮਤਲਬ ਇਹ ਕਿ ਸ਼੍ਰੀਮਾਨ ਜੀ ਜੇ ਤੁਸੀਂ ਕਿਸੇ ਮੰਜ਼ਿਲ ਵੱਲ ਅੱਗੇ ਵਧਣਾ ਚਾਹੁੰਦੇ ਹੋ ਤਾਂ ਉਧਰ ਕਦਮ ਵਧਾਓ...ਨਿਰੀਆਂ ਫੋਕੀਆਂ ਗੱਲਾਂ ਨਾਲ ਕੰਮ ਨਹੀਂ ਬਣਦਾ ਹੁੰਦਾ।”

“ਤੇਰੇ ਵਿਚ ਸਬਰ ਤੇ ਠਹਿਰ-ਠਰੰਮ੍ਹੇ ਦੀ ਘਾਟ ਹੈ...!” ਜਿੰਦਰ ਨੇ ਮਿਹਣਾ ਮਾਰਿਆ।

“ਹਾਂ ਹੈ..! ਫੇਰ..?” ਜੂਲੀ ਦਾ ਨਿਰਣਾਇਕ ਸੁਰ ਗੂੰਜਿਆ।

“ਆਖਰ ਤੂੰ ਚਾਹੁੰਦੀ ਕੀ ਹੈਂ..?”

“ਗਲ ਸ਼ੀਸ਼ੇ ਵਾਂਗ ਸਾਫ ਹੈ..!”

“ਮੈਂ ਕਿਹਾ ਤਾਂ ਹੈ...ਮੌਕਾ ਦੇਖ ਕੇ ਪਿਤਾ ਜੀ ਨਾਲ ਗੱਲ ਕਰਾਂਗਾ..!”

“ਤੂੰ ਮੌਕਾ ਦੇਖ ਜਾਂ ਨਾ ਦੇਖ...ਮੈਨੂੰ ਇਸ ਨਾਲ ਕੋਈ ਮਤਲਬ ਨਹੀਂ...!”

“ਪਰ ਬਈ ਗੱਲ ਤਾਂ ਕੀਤਿਆਂ ਈ ਬਣਨੀ ਹੈ..!”

“ਜੇ ਕਰੇਂਗਾ ਤਾਂ ਹੀ ਨਾ..!”

“ਜਰੂਰ ਕਰਾਂਗਾ...ਇਕ ਵਾਰ ਕਹਿ ਦਿੱਤਾ ਸੋ ਕਹਿ ਦਿੱਤਾ...!”

“ਜੋ ਵੀ ਕਰਨੈ...ਇਕ-ਦੋ ਦਿਨਾਂ ਦੇ ਅੰਦਰ ਕਰ...!”

“ਲੈ ਜੋ ਕਰਨੈ...ਇਕ-ਦੋ ਦਿਨਾਂ ਵਿਚ ਕਰ...ਏਨੀ ਵੱਡੀ ਗੱਲ...ਤੱਤ ਭੜੱਤੇ ਇਹੋ ਜਿਹੇ ਕੰਮ ਨਹੀਂ ਹੁੰਦੇ...।” ਜੂਲੀ ਦੀ ਸਾਂਗ ਲਾਉਂਦਿਆਂ ਜਿੰਦਰ ਬੋਲਿਆ।

“ਇਉਂ ਕਹਿ ਨਾ ਮੈਥੋਂ ਨਹੀਂ ਹੋਣਾ..ਸੱਚ ਬੋਲਣ ਵਿਚ ਸੰਗ ਆਉਂਦੀ ਆ..!”

“ਮੈਂ ਇਹ ਤਾਂ ਨਹੀਂ ਕਿਹਾ ਜੀ...!”

“ਇਕ-ਅੱਧ ਦਿਨ ਵਿਚ ਗੱਲ ਕਰ...ਨਹੀਂ ਤਾਂ...!”

“ਨਹੀਂ ਤਾਂ...!”

“ਤੇਰੇ ਘਰ ਦਿਆਂ ਨੂੰ ਕੁੜੀਆਂ ਦਾ ਘਾਟਾ ਨਹੀਂ ਤੇ ਤੋਟ ਇਧਰ ਵੀ ਨਹੀਂ..!”

“ਭਲਾ ਇਹ ਵੀ ਕੀ ਗੱਲ ਹੋਈ..।” ਦੋਵੇਂ ਕਿੰਨੀ ਦੇਰ ਤਕ ਝਗੜਦੇ ਰਹੇ...ਇਸ ਮਸਲੇ ਦਾ ਕੋਈ ਹੱਲ ਨਹੀਂ ਨਿਕਲਿਆ ਤੇ ਓਧਰ ਸ਼ਾਮਾਂ ਪੈ ਗਈਆਂ।

----0---

“ਇਹ ਮੈਥੋਂ ਕੀ ਹੋ ਗਿਐ..! ਹੁਣ ਕੀ ਕੀਤਾ ਜਾਵੇ..! ਮੈਂ ਦੂਜੀ ਥਾਂ ਹਾਂ ਹੀ ਕਿਉਂ ਕੀਤੀ...?...ਨਹੀਂ ਨਹੀਂ..ਇਹ ਨਹੀਂ ਹੋ ਸਕਦਾ...ਜੋ ਹੋਣ ਜਾ ਰਿਹੈ...ਉਹ ਠੀਕ ਨਹੀਂ...ਇਸ ਨੂੰ ਰੋਕਣਾ ਪਵੇਗਾ...ਨਹੀਂ ਤਾਂ..” ਜਿੰਦਰ ਸੋਚਦਾ ਜਾ ਰਿਹਾ ਸੀ...। ਜੂਲੀ ਦੇ ਸਖਤ ਤੇਵਰ ਦੇਖ ਉਹ ਹਲੂਣਿਆ ਗਿਆ। ਉਸ ਮੋਬਾਇਲ ਚੁਕਿਆ...ਇਕ ਨੰਬਰ ਡਾਇਲ ਕੀਤਾ...ਨੰਬਰ ਲੱਗ ਵੀ ਗਿਆ..ਦੂਜੇ ਪਾਸਿਓਂ ਆਵਾਜ਼ ਆਈ.. “ਹੈਲੋ..!”

“ਸਰ ਮੈਂ ਜਿੰਦਰ ਬੋਲ ਰਿਹਾਂ..।”

“ਕੋਈ ਕੰਮ..?”

“ਇਕ ਗੱਲ ਕਰਨੀ ਸੀ..!”

“ਕਰੋ ਫੇਰ..!”

“ਸਰ, ਮੈਨੂੰ ਕਲ੍ਹ ਤੇ ਪਰਸੋਂ ਦੀ ਛੁੱਟੀ ਚਾਹੀਦੀ ਹੈ..!”

“ਕਿਧਰੇ ਜਾਣੈ..?”

“ਜੀ, ਜਲੰਧਰ ਜਾਣੈ...ਇਕ ਜਰੂਰੀ ਕੰਮ ਆ ਗਿਐ..!”

“ਠੀਕ ਹੈ..” ਸਾਹਿਬ ਨੇ ਇਹ ਕਹਿ ਕੇ ਫੋਨ ਕੱਟ ਦਿੱਤਾ।

----0---

“ਮਾਮਾ ਤੁਸੀਂ ਪਾਪਾ ਨਾਲ ਗੱਲ ਕਰੋ ਨਾ..!” ਜਿੰਦਰ ਆਪਣੀ ਮਾਂ ਦੀ ਗੋਦ ਵਿਚ ਸਿਰ ਰੱਖੀ ਮਿਣਮਿਣਾ ਰਿਹਾ ਸੀ।

“ਮੈਂ ਕਰ ਚੁੱਕੀ ਹਾਂ...ਉਹ ਨਹੀਂ ਮੰਨਦੇ...!” ਮਾਮਾ ਨੇ ਬਿਨਾਂ ਕਿਸੇ ਲੱਗ ਲਪੇਟ ਦੇ ਕਿਹਾ।

“ਪਰ ਮਾਮਾ ਮੈਂ ਉਸ ਨੂੰ ਚਾਹੁੰਦਾ ਹਾਂ..!”

“ਤੇਰੇ ਚਾਹੁਣ ਜਾਂ ਨਾ ਚਾਹੁਣ ਨਾਲ ਕੀ ਹੁੰਦੈ...ਇਸ ਘਰ ਵਿਚ ਉਹੋ ਹੋਣੈ ਜੋ ਤੇਰੇ ਪਾਪਾ ਚਾਹੁਣਗੇ..।” ਮਾਮਾ ਦਾ ਜਵਾਬ ਸੀ।

“ਪਰ ਤੁਸੀਂ ਇਕ ਵਾਰ ਤਾਂ ਗੱਲ ਕਰੋ...ਹੋ ਸਕਦੈ ਪਾਪਾ ਮੰਨ ਜਾਣ...।”

“ਮੈਨੂੰ ਨਹੀਂ ਲੱਗਦਾ...ਨਹੀਂ ਯਕੀਨ ਤਾਂ ਤੂੰ ਆਪ ਗੱਲ ਕਰ ਲੈ...ਮੈਥੋਂ ਐਵੇਂ ਵਾਧੂ ਦੀ ਕੁੱਤਖਾਣੀ ਨਹੀਂ ਕਰਾ ਹੁੰਦੀ...” ਇਧਰ ਮਾਂ ਨੇ ਕੋਰਾ ਜਵਾਬ ਦੇ ਦਿੱਤਾ ਤੇ ਊਧਰ ਬਾਹਰੋਂ ਆਉਂਦੇ ਪਾਪਾ ਦੇ ਕੰਨਾ ਵਿਚ ਮਾਂ ਦੇ ਇਹ ਬੋਲ ਪੈ ਗਏ..!”

“ਕਿਸ ਦੀ ਮਜਾਲ ਹੈ..ਜੋ ਮੇਰੀ ਸਵੀਟ ਹਾਰਟ ਨਾਲ ਕੁੱਤਖਾਣੀ ਕਰੇ...!” ਪਾਪਾ ਨੇ ਰੁਮਾਂਟਿਕ ਅੰਦਾਜ ਵਿਚ ਮਾਂ ਨੂੰ ਤੱਕਦਿਆਂ ਕਿਹਾ।

“ਤੁਹਾਡੇ ਹੁੰਦਿਆਂ ਕਿਸੇ ਦੀ ਮਜਾਲ ਹੋ ਵੀ ਨਹੀਂ ਸਕਦੀ..!”

“ਫੇਰ...ਗੱਲ ਕੀ ਐ..?”

“ਗੱਲ ਤੁਹਾਡੇ ਪੁੱਤਰ ਦੀ ਐ..!”

“ਇਹਨੇ ਪਹਿਲਾਂ ਮੇਰੇ ਨਾਲ ਗੱਲ ਨਹੀਂ ਕੀਤੀ, ਮੈਂ ਇਹਨੂੰ ਪੁੱਛਿਆ ਵੀ ਸੀ, ਇਹਦੇ ਕਹਿਣ ’ਤੇ ਹੀ ਦੂਜੇ ਪਾਸੇ ਹਾਂ ਕੀਤੀ ਏ...!” ਪਾਪਾ ਨੇ ਪੂਰੀ ਸਥਿਤੀ ਸਪਸ਼ਟ ਕਰ ਦਿੱਤੀ।

“ਇਹਨੂੰ ਗੱਲ ਕਰਨ ਦਾ ਹੌਂਸਲਾ ਨਹੀਂ ਪਿਆ..!”

“ਜੇ ਇਹਨੂੰ ਹੌਸਲਾ ਨਹੀਂ ਪਿਆ ਤਾਂ ਮੈਂ ਕੀ ਕਰਾਂ...!” ਪਿਤਾ ਨੇ ਸਪਸ਼ਟ ਕੀਤਾ।

“ਇਹਦੇ ਵਿਚ ਤੁਹਾਡਾ ਕੋਈ ਕਸੂਰ ਨਹੀਂ।” ਮਾਂ ਨੇ ਸਫਾਈ ਦਿੱਤੀ।

“ਭਾਗਵਾਨੇ, ਅਸੀਂ ਪੁਰਾਣੇ ਜ਼ਮਾਨੇ ਦੇ ਮਾਂ-ਬਾਪ ਨਹੀਂ। ਅਸੀਂ ਆਪਣੀ ਮਰਜੀ ਬੱਚਿਆਂ ਉੱਪਰ ਨਹੀਂ ਲੱਦਦੇ। ਸਹੁੰ ਰੱਬ ਦੀ ਜੇ ਇਹ ਇਕ ਮਿਨਟ ਪਹਿਲਾਂ ਵੀ ਮੈਨੂੰ ਦੱਸ ਦਿੰਦਾ ਤਾਂ ਇਹੋ ਜਿਹੀ ਨੌਬਤ ਆਉਣੀ ਹੀ ਨਹੀਂ ਸੀ...ਕੁੜੀ ਕੀ ਹੈ...ਕਿਹੋ ਜਿਹੀ ਹੈ...ਇਹ ਜਾਣੇ ਜਾਂ ਉਹ ਜਾਣੇ...ਅਸੀਂ ਉਮਰਾਂ ਹੰਢਾ ਚੁੱਕੇ ਹਾਂ...ਹੁਣ ਇਨ੍ਹਾਂ ਦੀ ਵਾਰੀ ਹੈ...ਜੇ ਮਨ ਪਸੰਦ ਦਾ ਜੀਵਨ ਸਾਥੀ ਮਿਲ ਜਾਏ ਤਾਂ ਭਵਿੱਖ ਸੰਵਰ ਜਾਂਦਾ ਏ...!”

“ਪਰ ਪਾਪਾ...!” ਜਿੰਦਰ ਨੇ ਕੁਝ ਕਹਿਣ ਦਾ ਹੌਸਲਾ ਕੀਤਾ।

“ਕਾਕਾ ਜੀ, ਤੁਸੀਂ ਹੁਣ ਜਿਹੜਾ ਹੌਂਸਲਾ ਦਿੱਖਾ ਰਹੇ ਹੋ ਜੇ ਪਹਿਲਾਂ ਦਿਖਾ ਦਿੰਦੇ ਤਾਂ ਚੰਗਾ ਹੁੰਦਾ। ਤੁਹਾਡੇ ਕਹਿਣ ’ਤੇ ਹੀ ਮੈਂ ਉਨ੍ਹਾਂ ਸ਼ਰੀਫ ਬੰਦਿਆਂ ਨੂੰ ਹਾਂ ਕੀਤੀ ਸੀ। ਹੁਣ ਥੁੱਕ ਕੇ ਚੱਟਣਾ ਸਾਨੂੰ ਆਉਂਦਾ ਨਹੀਂ।” ਪਾਪਾ ਨੇ ਬੇਬਸੀ ਜਾਹਰ ਕੀਤੀ।

“ਪਾਪਾ ਕੋਈ ਬਹਾਨਾ ਵੀ ਤਾਂ ਬਣਾਇਆ ਜਾ ਸਕਦੈ...!”

“ਇਹ ਤੇਰਾ ਕਲਚਰ ਹੈ...ਮੇਰਾ ਨਹੀਂ...ਮੈਂ ਕੋਈ ਜੋਰ ਜਬਰਦਸਤੀ ਨਹੀਂ ਕੀਤੀ...। ਸਭ ਕੁਝ ਤੇਰੀ ਸਹਿਮਤੀ ਨਾਲ ਕੀਤਾ ਹੈ। ਉਸ ਸਮੇਂ ਤੈਂ ਬੁਜਦਿਲੀ ਦਿਖਾ ਦਿੱਤੀ। ਹੁਣ ਕੁਝ ਨਹੀਂ ਹੋ ਸਕਦਾ।” ਪਾਪਾ ਨੇ ਬਿਨਾ ਕਿਸੇ ਲੱਗ ਲਪੇਟ ਦੇ ਸਾਫ ਸਾਫ ਕਹਿ ਦਿੱਤਾ।

“ਪਾਪਾ ਇਹੋ ਜਿਹੀ ਵੀ ਕੋਈ ਗੱਲ ਨਹੀਂ..। ਤੁਸੀਂ ਚਾਹੋ ਤਾਂ ਕੀ ਨਹੀਂ ਹੋ ਸਕਦਾ..!”

“ਹੂੰ, ਤੁਸੀਂ ਚਾਹੋ ਤਾਂ ਕੀ ਨਹੀਂ ਹੋ ਸਕਦਾ..ਕਾਕਾ ਜੀ...ਮੈਨੂੰ ਇਕ ਗੱਲ ਦੱਸੋ...ਉਸ ਬਾਲੜੀ ਦਾ ਕਸੂਰ ਕੀ ਏ...ਇਹੋ ਨਾ ਕਿ ਉਹ ਤੇਰੇ ਜਿਹੇ ਬੁਜ਼ਦਿਲ ਨਾਲ ਮੰਗੀ ਗਈ ਏ...ਜੇ ਤੇਰੇ ਵਿਚ ਏਨੀ ਹਿੰਮਤ ਨਹੀਂ ਸੀ ਤਾਂ ਪਿਆਰ-ਵਿਆਰ ਦੇ ਚੱਕਰ ਵਿਚ ਈ ਕਿਉਂ ਪਿਆ ਸੈਂ..? ਹੁਣ ਮੈਨੂੰ ਕਹਿੰਦੈਂ...ਮੈਂ ਇਹੋ ਜਿਹਾ ਬੱਜਰ ਗੁਨਾਹ ਕਰਾਂ...ਨਾ ਬਈ ਨਾ...ਮੈਥੋਂ ਨਹੀਂ ਹੋਣਾ...ਅਸੀਂ ਵੀ ਧੀਆਂ ਵਾਲੇ ਹਾਂ..ਜੇ ਕੋਈ ਸਾਡੇ ਨਾਲ ਏਦਾਂ ਕਰੇ ਤਾਂ ਕੀ ਤੁਸੀਂ ਸਹਿ ਲਵੋਂਗੇ..? ਦਸੋ, ਮੇਨੂੰ..!”

ਜਿੰਦਰ ਨੇ ਬਹੁਤ ਕਿਹਾ ਪਰ ਗੱਲ ਨਹੀਂ ਬਣੀ। ਮਾਂ ਨੂੰ ਵੀ ਪਾਪਾ ਦਾ ਕੇਸ ਸਹੀ ਲੱਗਾ। ਉਸ ਨੇ ਬੇਟੇ ਦਾ ਸਾਥ ਨਹੀਂ ਦਿੱਤਾ ਸਗੋਂ ਡਟ ਕੇ ਪਤੀ ਨਾਲ ਖੜੀ ਰਹੀ। ਉਸ ਦਾ ਕਹਿਣਾ ਸੀ, “ਇਹ ਸ਼ਰੀਫ ਬੰਦਿਆਂ ਦਾ ਕੰਮ ਨਹੀਂ...ਆਖਰ ਉਹ ਵੀ ਤਾਂ ਕਿਸੇ ਦੀ ਧੀ ਹੈ। ਉਸ ਨਾਲ ਏਨਾ ਵੱਡਾ ਧਰੋਹ ਕਿਵੇਂ ਕੀਤਾ ਜਾ ਸਕਦਾ ਹੈ।

----0---

“ਤੁਸੀਂ ਇਕ ਵਾਰ ਕਹਿ ਦਿੱਤਾ..ਤੇ ਮੈਂ ਤੁਹਾਡੀ ਗੱਲ ’ਤੇ ਫੁੱਲ ਚੜ੍ਹਾਂਦੀ ਇੰਤਜਾਰ ਤੇ ਇੰਤਜਾਰ ਕਰਦੀ ਰਹਾਂ। ਇਹ ਕਿਧਰ ਦਾ ਇਨਸਾਫ ਏ ਸ਼੍ਰੀਮਾਨ ਜਿੰਦਰ ਜੀ...ਮੈਨੂੰ ਦੱਸਣ ਦੀ ਖੇਚਲ ਕਰੋਗੇ..!” ਜਿੰਦਰ ਦੀ ਗੱਲ ਸੁਣ ਜੂਲੀ ਦੇ ਸੱਤੀਂ ਕਪੜੀਂ ਅੱਗ ਲੱਗ ਗਈ ਸੀ। ਉਹ ਅਜੇ ਆਪਣੀ ਗੱਲ ਪੂਰੀ ਵੀ ਨਹੀਂ ਕਰ ਸਕਿਆ ਸੀ ਕਿ ਉਸ ਦੀ ਅਸਲ ਮੰਸ਼ਾ ਬੁਝਦਿਆਂ ਜੂਲੀ ਨੇ ਉਹਦੀ ਬੋਲਤੀ ਬੰਦ ਕਰ ਦਿੱਤੀ।

“ਪਰ ਜੈਂਟਲਮੈਨ ਪ੍ਰਾਮਿਸ ਨਾਂਅ ਦੀ ਵੀ ਤਾਂ ਕੋਈ ਚੀਜ ਹੁੰਦੀ ਹੈ...!” ਜਿੰਦਰ ਮਿਣਮਿਣਾਇਆ।

“ਜੈਂਟਲਮੈਨ ਪ੍ਰਾਮਿਸ...?...ਤੂੰ ਕਹਿਣਾ ਕੀ ਚਾਹੁੰਦੈਂ....ਤੈਨੂੰ ਇਹਦਾ ਮਤਲਬ ਵੀ ਪਤੈ..!”

“ਮੈ ਜਾਣਦਾਂ...ਮੈਂ ਕੀ ਕਹਿ ਰਿਹਾਂ...ਇਹਦਾ ਮਤਲਬ ਚੰਗੀ ਤਰ੍ਹਾਂ ਸਮਝਦਾਂ..!”

“ਅੱਛਾ....! ਜੇ ਸਮਝਦਾ ਹੁੰਦਾ ਤਾਂ ਨੌਬਤ ਇਥੋਂ ਤਕ ਨਹੀਂ ਪੁਜਦੀ...!”

“ਇਹੋ ਜਿਹੀ ਵੀ ਕੋਈ ਗੱਲ ਨਹੀਂ ਹੋਈ..!”

“ਇਹ ਤੇਰੀ ਸਮਝ ਏ...ਮੇਰੀ ਨਹੀਂ..।”

“ਕੋਈ ਸਮਸਿਆ ਵੀ ਤਾਂ ਹੋ ਸਕਦੀ ਏ..।”

“ਜਰੂਰ ਹੋ ਸਕਦੀ ਏ...ਤੁਸਾਂ ਇਹ ਸਭ ਮੈਨੂੰ ਕੁਝ ਨਹੀਂ ਦਸਿਆ। ਮੈਂ ਉਡੀਕਦੀ ਰਹੀ...ਪਰ ਤੁਹਾਡੇ ਲਾਰਿਆਂ ਦੀ ਫਾਈ ਮੈਂ...!” ਜੂਲੀ ਇਸ ਤੋਂ ਅੱਗੇ ਬੋਲ ਨਾ ਸਕੀ।

“ਘਰ ਵਿਚਲੇ ਕਲੇਸ਼ ਨੇ ਮੈਨੂੰ ਸਿਰ ਨਾ ਚੁੱਕਣ ਦਿੱਤਾ...ਤੇ ਮੈਂ...ਤੇ ਮੈਂ...!” ਜਿੰਦਰ ਤੋਂ ਅੱਗੇ ਕੁਝ ਕਹਿ ਨਾ ਹੋਇਆ। ਉਹ ਹਰ ਵਾਰ ਦੀ ਤਰ੍ਹਾਂ ਘਰ-ਪਰਿਵਾਰ ਦੀ ਓਟ ਲੈ ਕੇ ਕੋਈ ਨਵਾਂ ਬਹਾਨਾ ਘੜਣਾ ਚਾਹੁੰਦਾ ਸੀ...ਪਰ ਜੂਲੀ ਦੀ ਗਰਮ ਰੁੱਖ ਨੂੰ ਦੇਖ ਉਹਦੀ ਬੋਲਤੀ ਬੰਦ ਹੋ ਗਈ।

“ਕੋਈ ਕਲੇਸ਼ ਨਹੀਂ ਸੀ। ਮੈਨੂੰ ਸਭ ਪਤਾ ਲੱਗ ਚੁੱਕੈ। ਤੇਰੇ ਪਾਪਾ ਨੇ ਦੂਜੀ ਥਾਂ ਗੱਲ ਪੱਕੀ ਕਰਨ ਤੋਂ ਪਹਿਲਾਂ ਤੈਨੂੰ ਪੁੱਛਿਆ ਸੀ ਨਾ...ਤੂੰ ਉਸ ਸਮੇਂ ਕੂਇਆ ਨਹੀਂ। ਉਨ੍ਹਾਂ ਨੂੰ ਕਿਉਂ ਬਦਨਾਮ ਕਰਦੈਂ। ਜੇ ਬੋਲਣ ਵੇਲੇ ਤੈਥੋਂ ਬੋਲਿਆ ਨਹੀਂ ਗਿਆ ਤਾਂ ਹੁਣ ਬਾਹਾਂ ਉਛਾਲ-ਉਛਾਲ ਕੇ ਗੱਲ ਕਿਉਂ ਕਰ ਰਿਹੈਂ..ਬੰਦੇ ਨੂੰ ਥੋੜ੍ਹੀ ਜਿਹੀ ਤਾਂ ਸ਼ਰਮ ਕਰਨੀ ਚਾਹੀਦੀ ਆ..।”

ਜੂਲੀ ਦੀ ਝਾੜ ਨੇ ਜਿੰਦਰ ਨੂੰ ਠਿਠ ਕਰ ਦਿੱਤਾ। ਫੇਰ ਵੀ ਮਨ ਕਰੜਾ ਕਰਕੇ ਕਹਿਣ ਲੱਗਾ, "ਠੀਕ ਹੈ, ਉਸ ਵੇਲੇ ਮੈਂ ਗੱਲ ਨਹੀਂ ਕਰ ਸਕਿਆ। ਹਾਲਾਤ ਹੀ ਕੁਝ ਇਹੋ ਜਿਹੇ ਸਨ..!"

"ਪਹਿਲੀ ਗੱਲ ਇਹੋ ਜਿਹਾ ਕੁਝ ਨਹੀਂ ਵਾਪਰਿਆ। ਜੇ ਵਾਪਰਿਆ ਹੁੰਦਾ ਤਾਂ ਤੁਸੀਂ ਮੈਨੂੰ ਭਰੋਸੇ ਵਿਚ ਲੈ ਸਕਦੇ ਸੀ। ਤੁਸਾਂ ਏਨਾਂ ਕਰਨ ਦੀ ਖੇਚਲ ਵੀ ਨਹੀਂ ਕੀਤੀ। ਕਾਰਨ, ਤੁਹਾਡੇ ਮਨ ਵਿਚ ਮੈਲ ਸੀ। ਘਰ-ਪਰਿਵਾਰ, ਰਸਮਾਂ-ਰੀਤਾਂ, ਲੋਕਾਂ ਦੀਆਂ ਗੱਲਾਂ ਮਾਈ ਫੁਟ। ਇਹੋ ਜਿਹੇ ਬ੍ਰਹਮ ਵਾਕ ਆਪਣੇ ਪੱਲੇ ਰਖੋ। ਮੈਂ ਨਹੀਂ ਪਰਵਾਹ ਕਰਦੀ। ਤੁਸੀਂ ਪਹਿਲਾਂ ਈ ਮੇਰਾ ਬਹੁਤ ਸਮਾਂ ਬਰਬਾਦ ਕਰ ਦਿੱਤੈ। ਹੁਣ ਹੋਰ ਨਹੀਂ।"

"ਮੇਰੀ ਜਾਨ...ਏਦਾਂ ਤਾਂ ਨਾ ਕਹਿ...ਦੇਖ...ਮੈਨੂੰ ਥੋੜ੍ਹੇ ਦਿਨਾਂ ਦੀ ਮੋਹਲਤ ਹੋਰ ਦੇ...ਮੈਂ ਸਭ ਠੀਕ ਕਰ ਦੇਵਾਂਗਾ...ਤੈਨੂੰ ਘਾਬਰਨ ਦੀ ਲੋੜ ਨਹੀਂ..!"

"ਡੋਂਟ ਸੇ ਮੀ ਮੇਰੀ ਜਾਨ...ਮੋਹਲਤ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ...ਤੇ ਘਾਬਰਦੀ ਏ ਮੇਰੀ ਜੁੱਤੀ...ਅੰਡਰਸਟੈਂਡ..!"

"ਜੂਲੀ, ਇਕ ਮਿਨਟ ਲਈ ਮੇਰੀ ਗੱਲ ਸੁਣ...ਫੇਰ ਜੋ ਤੂੰ ਕਹੇਂਗੀ...ਮੇਰੇ ਸਿਰ ਮੱਥੇ..!" ਜਿੰਦਰ ਨੇ ਲਿਲ੍ਹੜੀਆਂ ਕਢੀਆਂ।

"ਆਈ ਸੈਡ ਨੋ...ਨੋ ਮੀਨਜ਼ ਨੋ...!" ਜੂਲੀ ਦੀ ਕੜਕ ਆਵਾਜ ਗੂੰਜੀ।

"ਪਲੀਜ...ਪਲੀਜ ਇਕ ਵਾਰ...!" ਉਸ ਤੋਂ ਮਸਾਂ ਕਹਿ ਹੋਇਆ, ਪਰ ਉਥੇ ਸੁਨਣ ਵਾਲਾ ਕੌਣ ਸੀ, ਜੂਲੀ...ਉਹਦੇ ਦੇਖਦਿਆਂ ਦੇਖਦਿਆਂ ਹੀ ਜੂਲੀ ਨੇ ਚਾਲੇ ਪਾ ਦਿੱਤੇ ਸਨ।

----0---

ਸ਼ਹਿਰ ਦਾ ਵੱਡਾ ਸ਼ਾਪਿੰਗ ਮਾਲ। ਲੋਕਾਂ ਦੀ ਚਹਿਲ ਪਹਿਲ। ਗਰਾਉਂਡ ਫਲੋਰ 'ਤੇ ਮੁਟਿਆਰਾਂ...ਨੌਜਵਾਨ...ਥੋੜ੍ਹੀ ਵੱਡੀ ਉਮਰ ਦੀਆਂ ਤ੍ਰੀਮਤਾਂ...ਤੇ ਬੱਚੇ...ਵੰਨ-ਸੁਵੰਨਿਆਂ ਵਸਤਾਂ ਨਾਲ ਭਰੀਆਂ ਦੁਕਾਨਾਂ ਅੱਗਿਓਂ ਚਾਈਂ ਚਾਈਂ ਲੰਘਦੇ...ਇਕ-ਦੂਜੇ ਨਾਲ ਹਾਏ ਹੈਲੋ ਕਰਦੇ...ਘੁੰਮਦੇ ਦਿਖਾਈ ਦਿੰਦੇ ਹਨ। ਰਤਾ ਕੁ ਬਹਿ ਕੇ ਪਿਆਰ ਦੀਆਂ ਦੋ ਗੱਲਾਂ ਕਰਨ ਦੇ ਚਾਹਵਾਨ ਇਸੇ ਫਲੋਰ ਦੇ ਇਕ ਕੋਨੇ ਵਿਚ ਖੁਲ੍ਹੇ ਕਾਫੀ ਬਾਰ ਦਾ ਰੁੱਖ ਕਰਦੇ ਹਨ। ਜੇ ਕਾਫੀ ਨਾਲ ਤਸੱਲੀ ਨਹੀਂ ਹੁੰਦੀ ਤਾਂ ਨਾਲ ਲਗਦੀ ਕਬਾਬਾਂ ਤੇ ਸੀਖ-ਪਕੌੜਿਆਂ ਦੀ ਦੁਕਾਨ ਵਿਚ ਜਾ ਵੜਦੇ ਹਨ। ਗੱਲ ਕੀ ਸਭ ਪਾਸੇ ਰੌਣਕਾਂ ਹੀ ਰੌਣਕਾਂ..। ਪਹਿਲੇ ਫਲੋਰ ਉਪਰ ਦੋ ਬੜੇ ਵਿਸ਼ਾਲ ਸ਼ਾਪਿੰਗ ਹਾਲ ਹਨ। ਇਕ ਵਿਚ ਕਪੜੇ ਧੋਣ ਵਾਲੀਆਂ ਮਸੀਨਾਂ, ਮੋਬਾਇਲ ਫੋਨਾਂ, ਬਰਤਨ ਤੇ ਦੂਜੀਆਂ ਵਸਤਾਂ ਦੇ ਨਾਲ ਨਾਲ ਗ੍ਰੋਸਰੀ ਦਾ ਸਮਾਨ ਬਿਕਦਾ ਹੈ। ਦੂਜੇ ਵੱਡੇ ਸ਼ਾਪਿੰਗ ਹਾਲ ਵਿਚ ਨੌਜਵਾਨਾਂ ਤੇ ਮੁਟਿਆਰਾਂ ਦੇ ਕਪੜੇ ਵਿਕਦੇ ਰਹਿੰਦੇ ਹਨ।

ਜਿੰਦਰ ਨੂੰ ਛੇਤੀ ਛੁੱਟੀ ਹੋ ਗਈ ਸੀ। ਘਰ ਜਾਣ ਦੀ ਬਹੁਤੀ ਕਾਹਲ ਨਹੀਂ ਸੀ। ਉਸ ਛੇਤੀ ਜਾ ਕੇ ਕਰਨਾ ਵੀ ਕੀ ਸੀ। ਇਕੱਲੀ ਜਾਨ। ਘਰ ਬੈਠਾ ਉਹ ਅੱਕ ਜਾਂਦਾ ਸੀ। ਨਵੀਂ ਦਿਲੀ ਦੀ ਭੀੜ ਦੇਖ ਬਜੁਰਗ ਮਾਂ ਘਬਰਾ ਜਾਂਦੀ ਸੀ। ਜਿੰਦਰ ਨੇ ਬਹੁਤ ਯਤਨ ਕੀਤਾ ਕਿ ਕਿਸੇ ਤਰ੍ਹਾਂ ਮਾਂ ਜਲੰਧਰ ਦਾ ਆਪਣਾ ਘਰ ਛੱਡ ਕੇ ਉਸ ਪਾਸ ਆ ਕੇ ਰਹੇ...ਪਰ ਉਹ ਨਾ ਮੰਨੀ। ਭੈਣ-ਭਰਾ ਸਭ ਆਪਣੇ ਪਹਿਵਾਰਾਂ ਵਿਚ ਖੁਸ਼ ਸਨ। ਦਫਤਰੋਂ ਵਿਹਲਾ ਹੁੰਦਾ ਤਾਂ ਦਿਲ ਪਰਚਾਵੇਂ ਦਾ ਹੋਰ ਕੋਈ ਸਾਧਨ ਨਾ ਹੋਣ 'ਤੇ ਉਹ ਆਪਣੇ ਇਲਾਕੇ ਦਾ ਸ਼ਾਪਿੰਗ ਮਾਲ ਵਿਚ ਆ ਜਾਂਦਾ। ਏਅਰ ਕੰਡੀਸ਼ਨ ਦੀ ਠੰਡੀ ਹਵਾ ਦਾ ਆਨੰਦ ਮਾਣਦਾ ਤੇ ਇਧਰ ਉਧਰ ਦੀਆਂ ਰੰਗੀਨੀਆਂ ਵਿਚ ਘੜੀ-ਪਲਾਂ ਲਈ ਗੁਆਚ ਜਾਂਦਾ ਸੀ।

ਉਸ ਨੂੰ ਘੁੰਮਦਿਆਂ ਲੰਮਾ ਸਮਾਂ ਹੋ ਗਿਆ ਸੀ। ਜਦ ਥੱਕ ਗਿਆ ਤਾਂ ਗਣੇਸ਼ ਜੀ ਦੀ ਮੂਰਤੀ ਲਾਗੇ ਬਣੇ ਇਕ ਬੈਂਚ 'ਤੇ ਬਹਿ ਕੇ ਸੁਸਤਾਉਣ ਲੱਗ ਪਿਆ। ਦੁਪਹਿਰ ਦੀ ਰੋਟੀ ਕਦੋਂ ਦੀ ਹਜ਼ਮ ਹੋ ਚੁੱਕੀ ਸੀ। ਉਹ ਉੱਠਿਆ ਤੇ ਨੇੜੇ ਬਣੇ ਸਾਲਟਿਡ

ਪਾਪ ਕੌਰਨ ਦੀ ਬਕਟ ਲਈ ਤੇ ਮੁੜ ਉਥੇ ਆ ਗਿਆ। ਪੇਟ ਪੂਜਾ ਕਰਨ ਦੇ ਨਾਲ ਨਾਲ ਥਕੇਵਾਂ ਵੀ ਲਹਿ ਗਿਆ। ਉਸ ਹੱਥ ਘੜੀ ਦੇਖੀ। ਸਮਾਂ ਛੇ ਵਜੇ। ਉਸ ਸੋਚਿਆ, ਅਗਲੇ ਸ਼ੋਅ ਦਾ ਸਮਾਂ ਹੋ ਗਿਐ..ਕਿਉਂ ਨਾ ਪਿਕਚਰ ਦੇਖੀ ਜਾਏ। ਉਹ ਉਥੋਂ ਉੱਠਿਆ। ਫਸਟ ਫਲੋਰ 'ਤੇ ਬਣੇ ਥਿਏਟਰ ਦੀ ਟਿਕਟ ਵਿੰਡੋ ਅੱਗੇ ਜਾ ਖਲੋਤਾ। ਲਾਈਨ ਲੰਮੀ ਨਹੀਂ ਸੀ। ਉਸ ਇਕ ਨਜ਼ਰ ਆਪਣੇ ਆਲੇ ਦੁਆਲੇ ਸੁੱਟੀ। ਨੇੜੇ ਹੀ ਇਕ ਸੱਜ ਵਿਆਹਿਆ ਜੋੜਾ ਚੋਹਲ ਮੋਹਲ ਕਰਨ ਵਿਚ ਰੁੱਝਾ ਹੋਇਆ ਸੀ। ਉਸ ਨੂੰ ਚੰਗਾ ਚੰਗਾ ਲੱਗਾ।

ਜਿੰਦਰ ਨੇ ਵਾਰੀ ਆਉਣ 'ਤੇ ਟਿਕਟ ਲਈ। ਪਿਛਲਾ ਸ਼ੋਅ ਅਜੇ ਖਤਮ ਨਹੀਂ ਹੋਇਆ ਸੀ। ਉਹ ਉਸ ਗੈਲਰੀ ਵਿਚ ਘੁੰਮਣ ਲੱਗਾ। ਸੱਜ ਵਿਆਹਿਆ ਜੋੜਾ ਇਕ-ਦੂਜੇ ਨਾਲ ਚਿੰਬੜਿਆ...ਉਸ ਅੱਗੇ ਆ ਖਲੋਂਦਾ ਹੈ। ਉਹ ਥੋੜ੍ਹਾ ਪਿਛੇ ਹਟਦਾ ਹੈ ਤਾਂ ਜੋ ਨਵੇਂ ਜੋੜੇ ਨੂੰ ਲੁੜੀਂਦੀ ਸਪੇਸ ਮਿਲ ਸਕੇ। ਉਹ ਸਨੈਕਸ ਕਾਉਂਟਰ ਵੱਲ ਵਧਦਾ ਹੈ। ਇਕ ਸਨੈਕਸ ਲੈਂਦਾ ਹੈ। ਸੱਜ ਵਿਆਹਿਆ ਜੋੜਾ ਇਕ ਵਾਰ ਫਿਰ ਉਹਦੇ ਅੱਗੇ ਆ ਖਲੋਂਦਾ ਹੈ। ਉਹ ਉਸ ਵੱਲੋਂ ਬੇਧਿਆਨਾ ਹੋ ਦੂਜੇ ਪਾਸੇ ਦੇਖਣ ਦਾ ਯਤਨ ਕਰਦਾ ਹੈ। ਸੱਜ ਵਿਆਹੇ ਨੌਜਵਾਨ ਨੇ ਜੋਸ਼ ਵਿਚ ਆ ਕੇ ਪਤਾ ਨਹੀਂ ਕੀ ਕਹਿ ਦਿੱਤਾ....ਉਹਦੀ ਲਾੜੀ ਦਾ ਹਾਸਾ ਨਿਕਲ ਗਿਆ...ਉਹ ਖਿੜ ਖਿੜਾ ਕੇ ਹੱਸਣ ਲੱਗੀ। ਮੁਟਿਆਰ ਦੇ ਹਾਸੇ ਦੀ ਮਿੱਠੀ ਸਵਰ ਲਹਿਰੀ ਜਿੰਦਰ ਦੇ ਕੰਨਾਂ ਵਿਚ ਪਈ। ਉਹਦੇ ਕੰਨ ਖੜੇ ਹੋ ਗਏ। ਇਹ ਹਾਸਾ ਜਾਣਿਆਂ ਪਛਾਣਿਆਂ ਸੀ।

ਜਿੰਦਰ ਨੂੰ ਮਨ ਹੀ ਮਨ ਨਿਸ਼ਚਾ ਹੋ ਗਿਆ ਸੀ। ਪਰ ਇਹ ਜਰੂਰੀ ਵੀ ਤਾਂ ਨਹੀਂ, ਉਹ ਜੋ ਸੋਚਦਾ ਹੈ, ਉਹ ਸੱਚ ਹੀ ਹੋਵੇ। ਉਸ ਦਾ ਭਰਮ ਵੀ ਤਾਂ ਹੋ ਸਕਦਾ ਹੈ। ਇਹ ਸੋਚ ਉਸ ਜੋੜੇ ਵੱਲ ਪਿੱਠ ਕਰ ਲਈ। ਹਾਸੇ ਦੀ ਛਣਕਾਰ ਮੁੜ-ਮੁੜ ਉਹਦੇ ਕੰਨੀ ਪੈਂਦੀ ਗਈ। ਉਹ ਬਹੁਤ ਸੋਚ ਨਹੀਂ ਸਕਿਆ...ਉਹਦਾ ਨਿਸ਼ਚਾ ਪੱਕਾ ਹੋ ਗਿਆ। ਉਸ ਇਕ ਦਮ ਪਿਛੇ ਘੁੰਮ ਕੇ ਦੇਖਿਆਂ...ਜੂਲੀ ਸਾਹਮਣੇ ਖਲੋਤੀ ਹੱਸ ਰਹੀ ਸੀ...ਆਪਣੇ ਪਤੀ ਨਾਲ ਚਿੰਬੜੀ...ਮਸਤੀ ਦੇ ਆਲਮ ਵਿਚ। ਉਹ ਅੱਗੇ ਵਧਿਆ।

"ਨਮਸਤੇ ਜੀ...!" ਉਸ ਜੋੜੇ ਦੇ ਨੇੜੇ ਹੁੰਦਿਆਂ ਹੌਲੀ ਜਿਹੇ ਕਿਹਾ।

"ਜੀ, ਨਮਸਤੇ..!" ਇਕ ਅਜਨਬੀ ਨੂੰ ਸਾਹਮਣੇ ਖਲੋਤਾ ਦੇਖ...ਪਤੀ ਦੇ ਮੂੰਹੋਂ ਨਿਕਲਿਆ।

"ਓਹ, ਹਾਏ, ਜਿੰਦਰ..!" ਪਤਨੀ ਨੇ ਉਸ ਵੱਲ ਮੂੰਹ ਕੀਤਾ...ਉਸ ਨੂੰ ਕੁਝ ਹੈਰਾਨੀ ਵੀ ਹੋਈ। ਦਿਲ ਵਿਚ ਗੁੱਸਾ ਤਾਂ ਸੀ, ਪਰ ਕਿਉਂਕਿ ਵਿਆਹ ਮਗਰੋਂ ਸਥਿਤੀ ਬਦਲ ਚੁੱਕੀ ਸੀ ਇਸ ਲਈ ਰਸਮੀ ਤੌਰ ਤੇ ਹਾਏ ਹੈਲੋ ਤਾਂ ਕੀਤੀ ਹੀ ਜਾ ਸਕਦੀ ਸੀ।

"ਸ਼ਾਪਿੰਗ ਮਾਲ ਵਿਚ ਆਇਆ ਸੀ। ਜਾਂਦੇ ਜਾਂਦੇ ਮਨ ਬਣ ਗਿਆ...ਸੋਚਿਆ...!" ਜਿੰਦਰ ਨੇ ਆਪਣੀ ਸਫਾਈ ਵਿਚ ਕੁਝ ਕਹਿਣ ਦਾ ਯਤਨ ਕੀਤਾ।

"ਤੁਸੀਂ ਜਿੰਦਰ ਹੋ...ਜੂਲੀ ਨੇ ਮੈਨੂੰ ਦਸਿਆ ਸੀ ਤੁਹਾਡੇ ਬਾਰੇ...ਤੁਹਾਨੂੰ ਮਿਲ ਕੇ ਬਹੁਤ ਚੰਗਾ ਲੱਗਾ..." ਜੂਲੀ ਦੇ ਪਤੀ ਨੇ ਵੀ ਗੱਲ ਕਰਨ ਦੀ ਰਸਮ ਨਿਭਾ ਦਿੱਤੀ।

"ਜੀ, ਇਹ ਤਾਂ ਤੁਹਾਡਾ ਵਡੱਪਣ ਹੈ..!" ਜਿੰਦਰ ਦੇ ਮੂੰਹੋਂ ਨਿਕਲਿਆ। ਨਵੇਂ ਸ਼ੋਅ ਦਾ ਸਮਾਂ ਹੋ ਗਿਆ ਸੀ। ਉਨ੍ਹਾਂ ਦੇ ਮੋਹਰੇ ਲਾਈਨ ਵਿਚ ਖਲੋਤੇ ਬੰਦੇ ਹਾਲ ਅੰਦਰ ਜਾਣ ਲੱਗ ਪਏ...ਇਹ ਦੇਖ ਜੂਲੀ ਦੇ ਪਤੀ ਨੇ ਜਿੰਦਰ ਨੂੰ ਸੈਨਤ ਕੀਤੀ, "ਚੰਗਾ ਚਲਦੇ ਹਾਂ..!"

"ਜੀ...!" ਜਿੰਦਰ ਨੇ ਹੁੰਗਾਰਾ ਭਰਿਆ।

"ਓ. ਕੇ ਮਾਈ ਡਿਅਰ...!" ਹੱਥ ਹਿਲਾਉਂਦੀ ਜੂਲੀ ਆਪਣੇ ਪਤੀ ਦਾ ਹੱਥ ਫੜ ਅੱਗੇ ਵੱਧ ਗਈ ।

09810628570 ( (15-6-2018)

I-263, karampura,

New Delhi-110015

# ਮ੍ਰਿਗ-ਤ੍ਰਿਸ਼ਨਾ

ਅਸ਼ੋਕ ਵਾਸਿਸ਼ਠ

"ਬੱਲੇ ਓਏ ਗੱਭਰੂਆ...ਨਹੀਂ ਰੀਸਾਂ ਤੇਰੀਆਂ...!"

"ਰੀਸਾਂ ਤਾਂ ਤੁਹਾਡੀਆਂ ਨਹੀਂ...ਅਸੀਂ ਕਿਹੜੇ ਪਾਣੀ ਹਾਰ ਹਾਂ...!"

"ਪਾਣੀ ਹਾਰ...? ਇਹ ਤੂੰ ਕਹਿੰਦੈਂ...?"

"ਮੈਂ ਕੁਝ ਗਲਤ ਤਾਂ ਨਹੀਂ ਕਿਹਾ..!"

"ਮੇਰੇ ਦੋਸਤ ਤੂੰ ਗਲਤ ਕਹਿ ਹੀ ਨਹੀਂ ਸਕਦਾ...!"

"ਫੇਰ...!"

"ਨੰਗੀ ਨੇ ਨਹਾਉਣਾ ਕੀ ਤੇ ਨਿਚੋੜਨਾ ਕੀ...ਸਾਡਾ ਤਾਂ ਇਹੋ ਜਿਹਾ ਹਾਲ ਏ...ਤੇ ਤੂੰ ਕਹਿਨਾ ਰੀਸਾਂ ਤਾਂ ਤੁਹਾਡੀਆਂ ਨਹੀਂ। ਤੂੰ ਦਸ ਮੈਂ ਕਿਧਰੋਂ ਦਾ ਤੁਰੱਮ ਖਾਨ ਹਾਂ..!"

"ਉਹੋ ਜਿਹੇ ਤੁਰੱਮ ਖਾਨ ਭਾਵੇਂ ਤੁਸੀਂ ਨਾ ਹੋਵੋ...ਪਰ ਕਿਸੇ ਗੱਲ ਵਿਚ ਘੱਟ ਵੀ ਨਹੀਂ..!"

"ਜਾਣ ਦੇ ਯਾਰ, ਐਵੇਂ ਈ ਚੜ੍ਹਾਈ ਜਾਨਾ...!"

"ਨਾ ਮੈਂ ਚੜ੍ਹਾਉਣਾ ਕਾਹਤੇ ਆ...ਵੀਰ ਮੇਰੇ ਤੇਰੀ ਇਕ ਖੂਬੀ ਹੋਵੇ ਤਾਂ ਗੱਲ ਕਰੀਏ..ਗੁਣਾਂ ਦੀ ਖਦਾਨ ਐਂ ਤੂੰ...।"

"ਫੇਰ ਉਹੋ ਗੱਲ..।"

"ਨਾ ਉੱਕਾ ਈ ਨੀ..!"

"ਤੂੰ ਆਪੇ ਈ ਸੋਚ...ਮੈਂ ਗਲਤ ਤਾਂ ਨਹੀਂ ਕਿਹਾ..!"

"ਤੁਸੀਂ ਜੋ ਕਿਹੈ...ਠੀਕ ਕਿਹੈ...ਜੋ ਦੇਖਿਐ ਉਹੀ ਕਿਹੈ..!"

"ਫੇਰ..?"

"ਪਰ ਬੰਦਾ ਜੋ ਦੇਖਦਾ ਉਹ ਹਰ ਵਾਰ ਸੱਚ ਨਹੀਂ ਹੁੰਦਾ..ਸੱਚ ਦਾ ਭਰਮ ਹੁੰਦੈ..!"

"ਉਹ ਕਿੱਦਾਂ..?"

“ਪਿਆਸਾ ਮ੍ਰਿਗ ਰੇਗਸਤਾਨ ਵਿਚ ਭਟਕਦਾ ਹੈ…ਪਿਆਸ ਨਾਲ ਉਹਦੀ ਜਾਨ ਨਿਕਲ ਰਹੀ ਹੁੰਦੀ ਹੈ…। ਉਹ ਦੂਰੋਂ ਰੇਤ ਉੱਪਰ ਸੂਰਜ ਦੀਆਂ ਕਿਰਨਾਂ ਦੇ ਲਿਸ਼ਕਾਰੇ ਨੂੰ ਦੇਖਦਾ ਹੈ। ਉਹਨੂੰ ਪਾਣੀ ਦਾ ਭੁਲੇਖਾ ਪੈਂਦਾ ਹੈ…ਉਹ ਦੌੜ ਕੇ ਉਸ ਪਾਸੇ ਜਾਂਦਾ ਹੈ…ਉਥੇ ਪਾਣੀ ਨਹੀਂ ਮਿਲਦਾ…ਉਹ ਪਾਣੀ ਦੇ ਭੁਲੇਖੇ ਦੌੜਦਾ ਰਹਿੰਦਾ ਹੈ…ਤੇ ਅੰਤ ਪਿਆਸ ਨਾਲ ਤੜਪ ਤੜਪ ਕੇ ਪ੍ਰਾਣ ਤਿਆਗ ਦਿੰਦਾ ਹੈ..!”

“ਮਤਲਬ…ਸਾਨੂੰ ਭੁਲੇਖਾ ਲਗਿਆ ਸੀ..?”

“ਭੁਲੇਖਾ ਨਹੀਂ ਲੱਗਿਆ ਸੀ…ਜਿੱਦਾਂ ਹਿਰਨ ਨੂੰ ਪਾਣੀ ਦਾ ਭਰਮ ਹੋਇਆ ਉਦਾਂ ਈ ਤੁਸੀਂ ਮੇਰੀ ਮੁਹੱਬਤ ਦਾ ਭਰਮ ਪਾਲ ਬੈਠੇ..ਅਸਲ ਵਿਚ ਗਲ ਇਹੋ ਜਿਹੀ ਨਹੀਂ ਸੀ।” ਰਮਨ ਨੇ ਗੱਲ ਸਾਫ ਕਰਨ ਦਾ ਯਤਨ ਕੀਤਾ…ਰਿਸ਼ਭ ਨੇ ਉੱਤੋਂ ਉੱਤੋਂ ਸਿਰ ਹਿਲਾਇਆ…ਜਾਣੋਂ ਉਹ ਉਸ ਦੀ ਗੱਲ ਨਾਲ ਸਹਿਮਤ ਹੋਵੇ…ਪਰ ਉਸ ਦੀ ਤਸੱਲੀ ਨਹੀਂ ਸੀ ਹੋਈ।

“ਜਿੱਦਾਂ ਪਾਣੀ ਹਰ ਥਾਂ ਨਹੀਂ ਮਿਲਦਾ ਓਦਾਂ ਪਿਆਰ ਵੀ ਹਰ ਥਾਂ ਨਹੀਂ ਮਿਲਦਾ ਪਿਆਰੇ। ਫੇਰ ਵੀ ਬੰਦਾ ਮ੍ਰਿਗ ਵਾਂਗ ਕਲਪਿਤ ਪਿਆਰ ਦੇ ਪਿੱਛੇ ਭਟਕਦਾ ਹੈ…ਅਖੀਰ ਉਹੋ ਹੁੰਦਾ ਜੋ ਉਹਦੀ ਹੋਣੀ ਹੁੰਦੀ ਹੈ!” ਰਮਨ ਕਹਿ ਰਿਹਾ ਸੀ।

ਰਿਸ਼ਭ ਨੇ ਇਕ ਨਜ਼ਰ ਉੱਪਰ ਤੱਕਿਆ…ਕੁਝ ਸੋਚਣ ਲੱਗਾ…ਸੜਕ ’ਤੇ ਲੰਘਦੀਆਂ ਗੱਡੀਆਂ ਵਾਂਗ ਉਸ ਦੀ ਸੋਚ ਦੀ ਗਤੀ ਤੇਜ ਹੁੰਦੀ ਹੈ..ਉਮਰ ਦੇ ਕਿਸੇ ਮੁਢਲੇ ਪੜਾਅ ’ਤੇ ਪੁੱਜ ਉਸ ਦੀ ਸੋਚ ਕੁਝ ਘੜੀਆਂ…ਕੁਝ ਪਲਾਂ ਲਈ ਉਥੇ ਹੀ ਅਟਕ ਜਾਂਦੀ ਹੈ। ਉਸ ਪੜਾਅ ’ਤੇ ਉਹ ਜਵਾਨ ਨਹੀਂ ਰਹਿੰਦਾ…ਬੱਚਾ ਬਣ ਜਾਂਦਾ ਹੈ…!” ਦਾਦੀ ਦੀ ਗੋਦ ਵਿਚ ਸਿਰ ਰਖੀ ਉਹ ਉੱਪਰ ਅਸਮਾਨ ਵੱਲ ਤੱਕਦਾ ਹੈ…ਉਥੇ ਉਸ ਨੂੰ ਚੰਨ ਦਿਖਾਈ ਦਿੰਦਾ ਹੈ…ਟਿਮਟਿਮਾਉਂਦੇ ਤਾਰੇ ਦਿਸਦੇ ਹਨ। ਉਹ ਜਿਦ ਕਰਦਾ ਹੈ… ‘ਬੇਬੇ…ਬੇਬੇ…ਮੈਨੂੰ ਚੰਨ ਲੈ ਦੇ ਨਾ…!”

“ਜੇ ਚੰਨ ਨੇੜੇ-ਤੇੜੇ ਹੁੰਦਾ ਤਾਂ ਜਰੂਰ ਲੈ ਦਿੰਦੀ…ਪਰ ਉਹ ਤਾਂ ਬਹੁਤ ਉਪਰ ਹੈ। ਮੇਰਾ ਤਾਂ ਉਥੇ ਹੱਥ ਈ ਨਹੀਂ ਜਾਂਦਾ।” ਦਾਦੀ ਨੇ ਆਪਣੀ ਬੇਬਸੀ ਪ੍ਰਗਟਾਈ।

“ਗਲਤ…ਚੰਨ ਤਾਂ ਸਾਡੇ ਕੋਲ ਹੈ…ਸਾਡੇ ਨੇੜੇ..ਤੂੰ ਨਹੀਂ ਦੇਖਿਆ..?”

“ਨਹੀਂ, ਮੈਂ ਤਾਂ ਨਹੀਂ ਦੇਖਿਆ…!”

“ਚਲ ਤੈਨੂੰ ਦਿਖਾਵਾਂ…!”

“ਕਿਥੇ ਦਿਖਾਵੇਂਗਾ ਤੂੰ ..!”

“ਤੂੰ ਚਲ ਤਾਂ ਸਹੀ…” ਦਾਦੀ ਨਾ ਨਾ ਕਰਦੀ ਰਹੀ…ਪਰ ਰਿਸ਼ਭ ਕਿਥੇ ਸੁਨਣ ਵਾਲਾ ਸੀ। ਬਾਹਰ ਇਕ ਥਾਂ ਪਾਣੀ ਖਲੋਤਾ ਸੀ। ਪਾਣੀ ਵਿਚ ਨਿਰਮਲ ਆਕਾਸ਼ ਦੀ ਛਵੀ ਸਾਫ ਦਿਖਾਈ ਦੇ ਰਹੀ ਸੀ। ਅਕਾਸ਼ ਵਿਚ ਤਾਰੇ ਸਨ…ਉਨ੍ਹਾਂ ਦੀ ਰੌਸ਼ਨੀ ਸੀ…ਦੇਖ ਦਾਦੀ ਖੁਸ਼ ਹੋਈ.. ‘ਵੇ ਆਹ ਤਾਂ ਸੋਹਣਾ ਦ੍ਰਿਸ਼ ਦਿਖਾਈ ਦੇ ਰਿਹੈ..।”

“ਦ੍ਰਿਸ਼ ਨੂੰ ਛੱਡ ਤੂੰ…ਓਹ ਦੇਖ ਇਥੇ ਚੰਨ ਵੀ ਹੈ…ਛੇਤੀ ਕਰ…ਜਾਹ ਤੇ ਜਾਹ ਕੇ ਚੰਨ ਲੈ ਆ..1” ਰਿਸ਼ਭ ਨੇ ਚਾਂਬਲਦਿਆਂ ਕਿਹਾ।

“ਫੋਟ ਕਮਲਾ ਨਾ ਹੋਵੇ ਤਾਂ…ਤੂੰ ਕਹਿਨਾ ਏਂ ਮੈਂ ਪਾਣੀ ਵਿਚ ਛਾਲ ਮਾਰ ਦੇਵਾਂ..!”

“ਨਾ ਮੈਂ ਇਹ ਤਾਂ ਨਹੀਂ ਕਿਹਾ…ਮੈਂ ਤਾਂ ਤੈਥੋਂ ਚੰਨ ਮੰਗਿਆ ਸੀ। ਤੈ ਕਿਹਾ ਸੀ ਚੰਨ ਬਹੁਤ ਦੂਰ ਹੈ…ਤੇ ਮੈਂ ਉਹਨੂੰ ਨੇੜੇ ਲੈ ਆਂਦੈ…ਤੇਰੇ ਕੋਲ…ਹੈ ਕਿ ਨਹੀਂ…!” ਪੋਤੇ ਦੀ ਗੱਲ ਸੁਣ ਦਾਦੀ ਹੱਸਣ ਲੱਗੀ…ਉਸ ਪੋਤੇ ਨੂੰ ਘੁੱਟ ਕੇ ਗੱਲ ਨਾਲ ਲਾ ਲਿਆ…ਦੋਵੇਂ ਕਿੰਨੀ ਦੇਰ ਹਸਦੇ ਰਹੇ..ਦਾਦੀ ਲਡਿਆਉਂਦੀ ਰਹੀ ਤੇ ਪੋਤਾ ਨਿੱਘ ਮਾਣਦਾ ਰਿਹਾ।

“ਤੂੰ ਕਿਹੜੀਆਂ ਸੋਚਾਂ ਵਿਚ ਪੈ ਗਿਐਂ…?” ਰਿਸ਼ਭ ਨੂੰ ਸੋਚ ਮਗਨ ਦੇਖ ਰਮਨ ਨੇ ਕੂਹਣੀ ਮਾਰੀ।

“ਨਹੀਂ ਯਾਰ…ਬਚਪਨ ਦੇ ਕੁਝ ਪਲ ਮੁੜ ਮੁੜ ਅੱਖਾਂ ਅੱਗੇ ਆ ਖਲੋਂਦੇ ਨੇ…ਉਹ ਸੁਨਹਿਰੀ ਪਲ…ਦਾਦੀ ਦੇ ਮਾਖਿਓਂ ਮਿੱਠੇ ਬੋਲ…ਉਹਦਾ ਨਿੱਘ…ਹੁਣ ਕਿੱਥੇ…ਸੱਚ ਮੰਨੀ ਯਾਰ ਬੜੀ ਯਾਦ ਆਉਂਦੀ ਹੈ, ਉਨ੍ਹਾਂ ਘੜੀਆਂ-ਪਲਾਂ ਦੀ…ਜਾਣੋਂ ਕਲ੍ਹ ਦੀ ਗੱਲ ਹੋਵੇ।”

"ਇਹੋ ਜਿਹੇ ਪਲ ਮੁੜ ਕਿਥੇ ਮਿਲਦੇ ਨੇ...।" ਰਮਨ ਦੇ ਮੂਹੋਂ ਨਿਕਲਿਆ।

"ਤੂੰ ਸੱਚ ਕਹਿੰਦੈਂ ਯਾਰ...ਪਿਆਰ ਹਰ ਥਾਈਂ ਨਹੀਂ ਮਿਲਦਾ...ਬੰਦਾ ਇਹ ਗੱਲ ਮੰਨਦਾ ਕਿਉਂ ਨਹੀਂ..!" ਰਿਸ਼ਭ ਨੇ ਸਵਾਲੀਆ ਨਜ਼ਰਾਂ ਨਾਲ ਰਮਨ ਵੱਲ ਤੱਕਿਆ।

"ਤੁਸੀਂ ਜਿਸ ਨਜ਼ਰ ਨਾਲ ਕਿਸੇ ਚੀਜ ਨੂੰ ਦੇਖਦੇ ਹੋ...ਉਹਨੂੰ ਦਿਲ 'ਤੇ ਲਾ ਲੈਂਦੇ ਹੋ...ਇਹ ਕੇਵਲ ਤੇ ਕੇਵਲ ਬੰਦੇ ਦੀ ਨਜ਼ਰ ਦਾ ਭੁਲੇਖਾ ਹੁੰਦੈ..ਹੋਰ ਕੁਝ ਨਹੀਂ..! ਮੇਰਾ ਖਿਆਲ ਐ...ਹੁਣ ਸਾਨੂੰ ਚੱਲਣਾ ਚਾਹੀਦੈ..!" ਰਮਨ ਨੇ ਪੂਰੀ ਗੱਲ ਦਾ ਨਿਚੋੜ ਕੱਢ ਮਾਰਿਆ। ਰਿਸ਼ਭ ਨੂੰ ਵੀ ਜਾਣ ਦੀ ਕਾਹਲ ਸੀ। ਮਾਮਲਾ ਕਲ੍ਹ 'ਤੇ ਸੁੱਟ ਦੋਵੇਂ ਦੋਸਤ ਤੁਰ ਪਏ।

----0---

"ਮਿਸਟਰ ਰਮਨ...!"

ਰਮਨ ਕਿਸੇ ਹੋਰ ਕੰਮ ਵਿਚ ਰੁੱਝਾ ਹੋਇਆ ਸੀ। ਕਿਸੇ ਨੇ ਉਸ ਨੂੰ ਬੁਲਾਇਆ ਹੈ, ਉਸ ਨੂੰ ਪਤਾ ਨਹੀਂ ਲੱਗਾ। ਕੋਲ ਖਲੋਤੇ ਰਿਸ਼ਭ ਨੇ ਉਸ ਨੂੰ ਇਸ਼ਾਰਾ ਕੀਤਾ...ਪਰ ਉਹ ਕੁਝ ਸਮਝਿਆ ਨਾ। ਆਵਾਜ਼ ਇਕ ਵਾਰ ਫੇਰ ਆਉਂਦੀ ਹੈ... "ਮਿਸਟਰ ਰਮਨ..!"

"ਜੀ..!" ਉਸ ਦੇ ਮੂੰਹੋਂ ਨਿਕਲਿਆ।

"ਕਿਸੇ ਜਰੂਰੀ ਕੰਮ ਵਿਚ ਰੁੱਝੇ ਹੋ..?" ਮੈਡਮ ਨੇ ਰਸਮੀ ਤੌਰ 'ਤੇ ਪੁਛਿਆ।

"ਜੀ, ਇਹੋ ਜਿਹੀ ਕੋਈ ਗੱਲ ਨਹੀਂ..ਗੱਲਾਂ ਵਿਚ ਧਿਆਨ ਨਹੀਂ ਰਿਹਾ..ਗੁਸਤਾਖੀ ਮਾਫ..।"

"ਓ ਕੇ, ਨੋ ਪ੍ਰਾਬਲਮ..! ਕੁਝ ਡਿਸਕਸ ਕਰਨਾ ਹੈ..ਜੇ..!"

"ਠੀਕ ਹੈ..ਮੈਂ ਆ ਜਾਂਦਾ ਹਾਂ..!" ਰਮਨ ਨੇ ਹੁੰਗਾਰਾ ਭਰਿਆ।

----0---

"ਕੀ ਗੱਲ ਸੁੱਖ ਤਾਂ ਹੈ...!" ਮੈਡਮ ਦੇ ਕਮਰੇ ਵਿਚੋਂ ਬਾਹਰ ਆਉਂਦੇ ਰਮਨ ਨੂੰ ਰਿਸ਼ਭ ਨੇ ਪੁੱਛਿਆ। ਉਹ ਕਝ ਗੰਭੀਰ ਜਿਹਾ ਲੱਗਦਾ ਸੀ।

"ਦਫਤਰ ਦੇ ਸਿੜੀ ਸਿਆਪੇ ਸਾਹ ਨਹੀਂ ਲੈਣ ਦਿੰਦੇ...! ਮਿਹਨਤ ਨਾਲ ਕੰਮ ਕਰੀਦਾ...ਫੇਰ ਵੀ ਕੁਝ ਨਾ ਕੁਝ ਗੜਬੜ ਹੋਈ ਜਾਂਦੀ ਐ..!"

"ਹੁਣ ਕੀ ਹੋਇਆ...?"

"ਇਕ ਫਾਈਲ ਵਿਚ ਕੁਝ ਐਂਟਰੀਆਂ ਨਹੀਂ ਹੋਈਆਂ ਸਨ...ਮੇਰਾ ਇਸ ਵਿਚ ਕੋਈ ਕਸੂਰ ਨਹੀਂ...ਮੈਂ ਆਪਜ਼ੀ ਕਾਰਵਾਈ ਕਰਕੇ ਫਾਈਲ ਮੈਡਮ ਦੇ ਹਵਾਲੇ ਕਰ ਦਿੱਤੀ ਸੀ। ਮੈਡਮ ਨੇ ਜਿੱਦਾਂ ਫਾਈਲ ਮਿਲੀ ਉਦਾਂ ਈ ਉਪਰਲੇ ਸਾਹਿਬ ਨੂੰ ਭੇਜ ਦਿੱਤੀ। ਵੱਡੇ ਸਾਹਿਬ ਨੇ ਫਾਈਲ ਪੜ੍ਹੀ ਤਾਂ ਉਸ ਵਿਚਲੀਆਂ ਖਾਮੀਆਂ ਦੇਖ ਲੋਹਾ ਲਾਖਾ ਹੋਇਆ ਮੈਡਮ 'ਤੇ ਵਰ੍ਹ ਪਿਆ। ਮੈਡਮ ਡੌਰ-ਭੌਰ ਹੋਈ ਕਦੇ ਫਾਈਲ ਪੜ੍ਹੀ ਜਾਵੇ ਤੇ ਕਦੇ ਚੇਤੇ ਕਰਨ ਦਾ ਯਤਨ ਕਰੇ ਕਿ ਗਲਤੀ ਕਿਥੇ ਹੋਈ ਹੈ। ਉਸ ਮੈਨੂੰ ਸੱਦਿਆ। ਮੈਂ ਕਿਹਾ, ਮੇਰਾ ਕੰਮ ਪੂਰਾ ਹੋਇਆ ਪਿਆ...ਗੜਬੜ ਤੁਹਾਡੇ ਲੈਵਲ 'ਤੇ ਹੈ। ਮੇਰੀ ਗੱਲ ਸੁਣ ਪਹਿਲਾਂ ਤਾਂ ਮੈਡਮ ਚੀਕੀ...ਚਿਲਾਈ...ਪਰ ਜਦੋਂ ਮੈਂ ਆਪਣੀ ਗੱਲ 'ਤੇ ਡਟਿਆ ਰਿਹਾ ਤਾਂ ਉਹ ਢੈਲੀ ਪੈ ਗਈ।

"ਫੇਰ...!"

"ਉਹ ਦੂਜੇ ਦਿਨ ਮੇਰੇ ਕੈਬਨ ਵਿਚ ਆਈ। ਉਹਦੇ ਰੁਖ ਵਿਚ ਹਲੀਮੀ ਸੀ...ਉਸ ਦੀ ਆਵਾਜ਼ ਵਿਚ ਮਿਠਾਸ ਸੀ..ਉਹਦੀਆਂ ਅੱਖਾਂ ਵਿਚੋਂ ਸਨੇਹ ਬਰਸ ਰਿਹਾ ਸੀ। ਗੱਲ ਏਦਾਂ ਕਰੇ ਜਿੱਦਾਂ ਸਾਡੇ ਵਿਚਕਾਰ ਇਸ਼ਕ ਪੇਚਾ ਚਲ ਰਿਹਾ ਹੁੰਦਾ ਹੈ। ਸਾਰਾ ਤ੍ਰਿਆ ਚਰਿੱਤਰ। ਉਸ ਆਪਣਾ ਕੰਮ ਕਢਾਉਣਾ ਸੀ। ਗੱਲਾਂ ਗੱਲਾਂ ਵਿਚ ਉਸ ਅੱਗੇ ਵੱਧ ਕੇ ਮੇਰਾ ਹੱਥ ਫੜ

ਲਿਆ...ਤੇ ਕਹਿਣ ਲੱਗੀ... "ਰੱਬ ਦਾ ਵਾਸਤਾ ਏ..ਮੈਨੂੰ ਇਸ ਮੁਸੀਬਤ ਵਿਚੋਂ ਬਾਹਰ ਕੱਢ ਲੈ...ਤੇਰਾ ਅਹਿਸਾਨ ਹੋਵੇਗਾ ਮੇਰੇ ਸਿਰ ਉੱਪਰ...ਤੂੰ ਜਿੱਦਾਂ ਕਹੇਂਗਾ ਮੈਂ ਓਦਾਂ ਕਰਾਂਗੀ...ਪਰ ਇਕ ਵਾਰ ਇਸ ਕੁਚੱਕਰ ਵਿਚੋਂ ਮੈਨੂੰ ਕੱਢ ਲੈ..!" ਰਮਨ ਨੇ ਅੰਦਰਲੀ ਗੱਲ ਦੱਸੀ।

"ਇਹ ਉਸ ਵੇਲੇ ਦੀ ਗੱਲ ਨਹੀਂ ਜਦ ਮੈਂ ਦੂਰੋਂ ਉਸ ਨੂੰ ਤੇਰੇ ਉੱਪਰ ਝੁਕੀ ਹੋਈ ਨੂੰ ਦੇਖਿਆ ਸੀ...?" ਰਿਸ਼ਭ ਨੇ ਕਝ ਚੇਤੇ ਕਰਦਿਆਂ ਪੁਛਿਆ।

"ਆਹੋ...ਇਸੇ ਗੱਲ ਨੂੰ ਲੈ ਕੇ ਤੁਸੀਂ ਮੇਰਾ ਮੌਜੂ ਬਣਾ ਰਹੇ ਸੀ...!" ਰਮਨ ਨੇ ਗਿਲਾ ਕੀਤਾ।

"ਨਾ ਤੂੰ ਦੱਸਣਾ ਤਾਂ ਸੀ...ਸਾਨੂੰ ਕੀ ਪਤਾ...ਅਸੀਂ ਜੋ ਦੂਰੋਂ ਦੇਖਿਆ, ਉਹ ਸਮਝ ਲਿਆ..!" ਰਿਸ਼ਭ ਨੇ ਸਫਾਈ ਦਿੱਤੀ।

"ਮੈਂ ਇਹੋ ਤਾਂ ਕਹਿੰਦਾ ਰਿਹਾ ਸੀ...ਪਰ ਤੁਸੀਂ ਮੇਰੀ ਗੱਲ ਸੁਣਦੇ ਕਿੱਥੇ ਸੀ...ਬਸ ਆਪੋ ਆਪਣੇ ਅਰਥ ਕੱਢਣ ਲੱਗ ਪਏ...!"

"ਹੋ ਜਾਂਦਾ ਏ। ਮੈਡਮ ਦੇ ਕੰਮ ਦਾ ਕੀ ਬਣਿਆ...?"

"ਉਹ ਅਸਾਂ ਦੋਹਾਂ ਮਿਲ ਕੇ ਕਰ ਦਿੱਤਾ। ਮੈਡਮ ਚਿੰਤਾ ਮੁਕਤ ਹੋ ਕੇ ਚਲੀ ਗਈ...!"

"ਉਸ ਮਗਰੋਂ ਕੋਈ ਗੱਲ ਹੋਈ..?"

"ਕਾਹਦੇ ਲਈ...?"

"ਲੈ ਤੂੰ ਉਹਦਾ ਸੰਕਟ ਮੋਚਕ ਬਣ ਗਿਆ...ਉਹਦੀ ਸਾਰੀ ਸਮਸਿਆ ਹੱਲ ਕਰ ਦਿੱਤੀ..।"

"ਸੰਕਟ ਮੋਚਕ ਦੀ ਗੱਲ ਵੀ ਤੈਂ ਖੂਬ ਕਹੀ ਹੈ..! ਕਹਿੰਦੇ ਨੇ ਜਦ ਨੱਚਣ ਈ ਲੱਗੇ ਤਾਂ ਘੁੰਡ ਕਾਹਦਾ..!"

"ਕੁਝ ਹੋਰ ਵੀ ਹੋਇਆ ਸੀ..!"

"ਕਿੱਸਾ ਬੜਾ ਰੌਚਕ ਹੈ, ਪਰ ਯਾਦ ਆਉਣ 'ਤੇ ਰੋਣ ਵੀ ਆਉਂਦਾ ਹੈ..!"

"ਉਹ ਕਿਉਂ...?"

"ਤੂੰ ਸੁਣ ਤਾਂ ਸਹੀ...ਉਸ ਦਿਨ ਮੈਡਮ ਦੇ ਬਦਲੇ ਰੁੱਖ ਤੇ ਮਿੱਠੜੇ ਬੋਲ ਸੁਣ ਨਾ ਨਾ ਕਰਦਿਆਂ ਵੀ ਮੈਨੂੰ ਵਹਿਮ ਹੋ ਗਿਆ ਸੀ...ਹੈ ਤਾਂ ਮੇਰੀ ਬੇਵਕੂਫੀ...ਪਰ ਮੈਂ ਮੈਡਮ ਦੀਆਂ ਮਿੱਠੀਆਂ-ਮਿੱਠੀਆਂ ਗੱਲਾਂ ਨਾਲ ਮੋਹਿਆ ਗਿਆ ਸਾਂ...ਮਨ ਹੀ ਮਨ ਉਸ ਨਾਲ ਆਪਣੇ ਪਿਆਰ ਦੀ ਕਲਪਨਾ ਕਰਨ ਲੱਗਾ ਸਾਂ...ਉਹਦੇ ਸੁਪਨੇ ਦੇਖਣ ਲੱਗ ਪਿਆ ਸਾਂ...ਹਾਏ ਜੇ ਸੱਚੀ ਮੁੱਚੀ ਮੈਡਮ ਨਾਲ ਮੇਰੀ ਗੱਲ ਬਣ ਜਾਵੇ...ਮੇਰੇ ਅੰਦਰਲੇ ਚੰਚਲ ਬੰਦੇ ਨੇ ਲੰਮੀ ਸਾਹ ਲੈਂਦਿਆਂ ਕਿਹਾ...ਇਹਦੇ ਵਿਚ ਸੱਚੀ ਮੁੱਚੀ ਦੀ ਗੱਲ ਕਿਹੜੀ ਏ...ਹੁਣ ਵੀ ਤੂੰ ਸ਼ੱਕ ਕਰਦਾਂ...ਮਨ ਦੀ ਕਿਸੇ ਦੂਜੀ ਨੁੱਕਰ ਵਿਚ ਬੈਠਾ ਇਕ ਹੋਰ ਚੰਚਲ ਬੰਦਾ ਬੋਲ ਪਿਆ...ਨਹੀਂ ਬਈ..ਨਹੀਂ...ਕਿੱਥੇ ਅਸੀਂ ਤੇ ਕਿੱਥੇ ਮੈਡਮ...ਐਦਾਂ ਹੋ ਨਹੀਂ ਸਕਦਾ...। ਇਸ ਸੁਪਨ ਸੰਸਾਰ ਵਿਚ ਵਿਚਰਦਿਆਂ ਕਿਹੜੇ ਵੇਲੇ ਘਰ ਪੁਜ ਗਿਆ ਸਾਂ, ਮੈਨੂੰ ਪਤਾ ਈ ਨਹੀਂ ਲੱਗਾ...।"

"ਮਤਲਬ...?"

"ਮੈਡਮ ਸਾਡੀ ਮੁੱਠ ਵਿਚ ਹੈ...ਡਰਨ ਜਾਂ ਘਾਬਰਨ ਦੀ ਲੋੜ ਨਹੀਂ..! ਮੈਂ ਇਹ ਮੰਨ ਬੈਠਾ ਸਾਂ...ਪਰ ਭਰਮ ਤਾਂ ਭਰਮ ਹੀ ਹੁੰਦੈ...ਉਹ ਹਕੀਕਤ ਬਣ ਨਹੀਂ ਸਕਦਾ...!"

"ਅੱਛਾ ਫੇਰ...?"

"ਫੇਰ ਦੀ ਗੱਲ ਬਾਅਦ ਵਿਚ ਪਹਿਲਾਂ ਇਕ ਨਿੱਕੀ ਜਿਹੀ ਗੱਲ ਹੋਰ ਸੁਣ ਲੈ...ਦਫਤਰ ਜਾਣ ਦਾ ਸਮਾਂ ਹੋ ਗਿਆ ਸੀ। ਮੈਂ ਬੜੇ ਉਤਸਾਹ ਨਾਲ ਤਿਆਰ ਹੋਇਆ। ਜੋਸ਼...ਉਤਸ਼ਾਹ...ਉਮੰਗ ਨਾਲ ਭਰਿਆ...ਆਮ ਨਾਲੋਂ ਕਿਤੇ ਵੱਧ ਖੁਸ਼...ਘਰੋਂ ਚੱਲਣ ਲੱਗਾ ਤਾਂ ਸ਼੍ਰੀਮਤੀ ਜੀ ਨੇ ਪੋਲੇ ਜਿਹੇ ਕਿਹਾ...ਮੈਂ ਕਿਹਾ ਜੀ...ਅੱਜ ਘਰ ਜਲਦੀ ਆ ਜਾਈਓ..! "

"ਅਸੀਂ ਹੁਣੇ ਆ ਜਾਂਦੇ ਹਾਂ...ਤੁਸੀਂ ਹੁਕਮ ਤਾਂ ਕਰੋ..!"

“ਹੁਣੇ ਨਹੀਂ ਸ਼ਾਮ ਨੂੰ...!”

“ਉਸ ਵਿਚ ਤਾਂ ਦੇਰ ਹੈ...! ਤੁਸੀਂ ਕਹੋ ਤਾਂ ਅੱਜ ਅਸੀਂ ਦਫਤਰ ਹੀ ਨਹੀਂ ਜਾਂਦੇ..! ਇਹ ਕਹਿ ਕੇ ਮੈਂ ਸ਼੍ਰੀਮਤੀ ਜੀ ਵੱਲ ਉੱਲਰਿਆ ਤਾਂ ਉਨ੍ਹਾਂ ਚਲੋ ਹਟੋ ਕਹਿ ਕੇ ਮੈਨੂੰ ਹਲਕਾ ਜਿਹਾ ਧੱਕਾ ਦਿੱਤਾ...!”

“ਲੋੜ ਤੁਹਾਡੀ ਸ਼ਾਮ ਨੂੰ ਹੈ...ਹੁਣ ਨਹੀਂ...।”

“ਚਲੇ ਜਾਂਦੇ ਹਾਂ...ਚਲੇ ਜਾਂਦੇ ਹਾਂ...ਪਰ ਇਹ ਤਾਂ ਦੱਸ ਦਿਓ...ਕੋਈ ਕੰਮ ਤਾਂ ਨਹੀਂ..!”

“ਤੁਹਾਡੀ ਪਿਆਰੀ ਸਾਲੀ ਆ ਰਹੀ ਏ...ਉਹਨੂੰ ਲੈਣ ਜਾਣਾ..!”

“ਹਾਏ ਓਏ..ਏਨੀ ਚੰਗੀ ਖਬਰ ਦੱਸਣ ਵਿਚ ਦੇਰ ਨਹੀਂ ਲਾਈਦੀ...ਕਹੋਂ ਤਾਂ ਹੁਣੇ ਸਟੇਸ਼ਨ ਤੇ ਜਾ ਕੇ ਬਹਿ ਜਾਂਦੇ ਹਾਂ..।” ਸਾਲੀ ਦਾ ਨਾਂਅ ਸੁਣ ਕੇ ਮੈਂ ਪੂਰੀ ਤਰ੍ਹਾਂ ਰੁਮਾਂਟਿਕ ਹੋ ਗਿਆ ਸਾਂ....ਸ਼੍ਰੀਮਤੀ ਜੀ ਨਾਲ ਚੋਹਲ-ਮੋਹਲ ਕਰਦਿਆਂ ਦੇਰ ਹੋ ਗਈ ਸੀ। ਦਫਤਰ ਪੁੱਜਾ ਤਾਂ ਨਾਲ ਦੀ ਸੀਟ ਵਾਲੇ ਬਾਬੂ ਨੇ ਦਸਿਆ, “ਮੈਡਮ ਕਈ ਵਾਰ ਪੁੱਛ ਚੁੱਕੀ ਏ...ਜਾਓ ਜਾ ਕੇ ਮਿਲ ਲਓ..!”

“ਅੱਛਾ, ਹੁਣੇ ਚਲੇ ਜਾਂਦੇ ਹਾਂ..! ਕਹਿੰਦਾ ਮੈਂ ਫੁਰਤੀ ਨਾਲ ਮੈਡਮ ਦੇ ਕੈਬਿਨ ਵਿਚ ਚਲਾ ਗਿਆ।...ਪਰ ...ਪਰ...!”

“ਕਿਉਂ ਕੀ ਹੋਇਆ...? ਕੋਈ ਉੱਚੀ-ਨੀਵੀਂ ਤੇ ਨਹੀਂ ਹੋ ਗਈ..?”

“ਉੱਚੀ-ਨੀਵੀਂ..? ਇਹ ਤਾਂ ਕੁਝ ਵੀ ਨਹੀਂ...ਉਹਨੇ ਸਾਨੂੰ ਕੱਖੋਂ ਹੌਲੇ ਕਰ ਛਡਿਐ..!”

“ਉਹ ਕਿਦਾਂ..?” ਰਿਸ਼ਭ ਨੇ ਹੈਰਾਨ ਹੁੰਦਿਆਂ ਪੁੱਛਿਆ।

“ਮੈਡਮ ਭਾਵੇਂ ਸਭ ਭੁੱਲ ਭੁਲਾ ਚੁੱਕੀ ਸੀ ਪਰ ਮੇਰੇ ਉੱਪਰ ਕਲ੍ਹ ਦੀਆਂ ਗੱਲਾਂ ਦਾ ਅਸਰ ਜਰੂਰ ਸੀ...ਉੱਪਰੋਂ ਘਰੋ ਆਉਂਦੇ ਸਮੇਂ ਸ਼੍ਰੀਮਤੀ ਜੀ ਨਾਲ ਹੋਏ ਪ੍ਰੇਮਾਲਾਪ ਦੀ ਖੁਮਾਰੀ ਨੇ ਵੀ ਮੇਰਾ ਪਿੱਛਾ ਨਹੀਂ ਸੀ ਛੱਡਿਆ। ਕੈਬਿਨ ਵਿਚ ਵੜਣ ਤੋਂ ਪਹਿਲਾਂ ਦਰਵਾਜੇ ’ਤੇ ਖਲੋ ਕੇ ਬੜੇ ਰੁਮਾਂਟਿਕ ਅੰਦਾਜ ਵਿਚ ਪੁੱਛਿਆ, ਮੇ ਆਈ ਕਮ ਇਨ..!”

“ਫੇਰ..?”

“ਮੈਡਮ ਲੋਹੀ ਲਾਖੀ ਹੋਈ ਬੈਠੀ ਸੀ। ਉਸ ਕਹਿਰ ਭਰੀਆਂ ਨਜ਼ਰਾਂ ਨਾਲ ਮੈਨੂੰ ਦੇਖਿਆ ਤੇ ਕੜਕ ਆਵਾਜ਼ ਵਿਚ ਪੁੱਛਿਆ...ਇਹ ਦਫਤਰ ਆਉਣ ਦਾ ਟਾਈਮ ਹੈ..?”

“ਤੂੰ ਤਾਂ ਬੜਾ ਰੁਮਾਂਟਿਕ ਮੂਡ ਵਿਚ ਗਿਆ ਸੀ..!”

“ਮੈਡਮ ਦੇ ਅਗਨ ਬਾਣਾਂ ਦੇ ਭਿਆਨਕ ਸੇਕ ਨੇ ਮੇਰੇ ਅੰਦਰਲੇ ਰੁਮਾਂਟਿਕ ਸ਼ਖਸ ਨੂੰ ਲੂਹ ਕੇ ਰੱਖ ਦਿੱਤਾ।

“ਜੀ ਘਰੋਂ ਚੱਲਦਿਆਂ ਦੇਰ ਹੋ ਗਈ ਸੀ..” ਮੈਂ ਹੌਲੀ ਜਿਹੇ ਕਿਹਾ।

“ਹਾਂ, ਦਫਤਰ ਆਉਣਾ ਜਾਂ ਨਾ ਆਉਣਾ ਤਾਂ ਕੋਈ ਗੱਲ ਹੀ ਨਹੀਂ ਹੈ ਜੀ...ਘਰ ਦਾ ਰਾਜ ਹੈ..ਜਦੋਂ ਚਾਹੇ ਆਓ ਤੇ ਜਦੋਂ ਚਾਹੇ ਚਲੇ ਜਾਓ...ਕੋਈ ਪੁੱਛਣ-ਦੱਸਣ ਵਾਲਾ ਨਹੀਂ..!” ਪੂਰੇ ਕੈਬਿਨ ਵਿਚ ਮੈਡਮ ਦੀ ਕੰਨ ਪਾੜ ਆਵਾਜ ਗੂੰਜ ਰਹੀ ਸੀ।

“ਇਹੋ ਜਿਹੀ ਕੋਈ ਗੱਲ ਨਹੀਂ...!” ਉਹ ਕਹਿੰਦੀ ਗਈ...ਮੈਂ ਮਿਣਮਿਣਾਉਂਦਾ ਰਿਹਾ।

“ਤੁਸੀਂ ਏਨਾ ਕੁਝ ਕੀਤਾ..ਉਸ ਨੂੰ ਥੋੜ੍ਹੀ ਬਹੁਤੀ ਕਦਰ ਤਾਂ ਕਰਨੀ ਚਾਹੀਦੀ ਸੀ।” ਰਿਸ਼ਭ ਨੇ ਹਿਰਖ ਨਾਲ ਕਿਹਾ।

“ਉਹ ਤਾਂ ਜੀ ਸਾਡੀ ਡਿਉਟੀ ਸੀ...!”

“ਡਿਉਟੀ ਤਾਂ ਉਹਦੀ ਵੀ ਸੀ...!”

“ਅਫਸਰਾਂ ਦੀ ਕਾਹਦੀ ਡਿਉਟੀ...!”

“ਫੇਰ ਵੀ...ਕੰਮ ਤਾਂ ਉਹਦਾ ਸੀ..।”

“ਉਨ੍ਹਾਂ ਦੇ ਸ਼ਬਦਾਂ ਵਿਚ ਦਫਤਰ ਦਾ ਕੰਮ ਕਰਕੇ ਅਸਾਂ ਕੋਈ ਅਹਿਸਾਨ ਨਹੀਂ ਕੀਤਾ...!”

“ਆਹ ਤੈਨੂੰ ਕਿਹਨੇ ਕਿਹਾ ਸੀ...!”

"ਉਹਨੇ ਹੀ...ਜਿਹਨੇ ਆਪਣੀ ਗੌਂ ਨੂੰ ਅੱਗੇ ਵੱਧ ਕੇ ਮੇਰਾ ਹੱਥ ਫੜਿਆ ਸੀ...ਮੇਰੇ ਨਾਲ ਮਿੱਠੀਆਂ-ਮਿੱਠੀਆਂ ਗੱਲਾਂ ਕੀਤੀਆਂ ਸਨ...ਜਿਸਦੇ ਪਿਆਰ ਦੀ ਮ੍ਰਿਗ-ਤ੍ਰਿਸ਼ਨਾ ਵਿਚ ਮੈਂ ਆਪਾ ਭੁੱਲ ਬੈਠਾ...ਭਾਵੇਂ ਕੁਝ ਸਮੇਂ ਲਈ ਹੀ ਸਹੀ...!" ਰਿਸ਼ਭ ਵੱਲ ਤੱਕਦਿਆਂ ਰਮਨ ਦੇ ਮੂੰਹੋਂ ਵੈਰਾਗਮਈ ਬੋਲ ਨਿਕਲੇ। 22-6-2018

9810628570 (ਫੋਨ)

I-263, karampura,
New Delhi-110015

**Back Cover**

**ਅਸ਼ੋਕ ਵਾਸਿਸ਼ਠ ਪ੍ਰੌੜ੍ਹ ਕਹਾਣੀਕਾਰ ਹੈ। ਉਸ ਨੂੰ ਜੀਵਨ ਦਾ ਡੂੰਘਾ ਅਨੁਭਵ ਹੈ ਜੋ ਇਨ੍ਹਾਂ ਕਹਾਣੀਆਂ ਰਾਹੀਂ ਪੇਸ਼ ਹੋਇਆ ਹੈ। ਸਰਲਤਾ ਅਤੇ ਸਹਿਜਤਾ ਇਨ੍ਹਾਂ ਕਹਾਣੀਆਂ ਦਾ ਮੀਰੀ ਗੁਣ ਹੈ। ਇਨ੍ਹਾਂ ਕਹਾਣੀਆਂ ਦੀ ਵੱਡੀ ਖ਼ੂਬੀ ਮੱਧ-ਵਰਗ ਦੇ ਲਘੂ ਮਨੁੱਖ ਦੀ ਜੀਵਨ ਸ਼ੈਲੀ ਦੀ ਵੰਨਗੀ ਭਰਪੂਰ ਤਸਵੀਰਕਸ਼ੀ ਹੈ।**

**ਇਨ੍ਹਾਂ ਕਹਾਣੀਆਂ ਦੇ ਨਾਇਕ, ਨਾਇਕਾਵਾਂ ਛਿਣ-ਭੰਗਰ ਖੁਸ਼ੀਆਂ ਅਤੇ ਵਿਡੰਬਨਾਵਾਂ ਨੂੰ ਜੀਵਨ ਮੰਨ ਲੈਣ ਵਿਚ ਸੰਤੁਸ਼ਟ ਹਨ। ਇਨ੍ਹਾਂ ਦੇ ਜੀਵਨ ਵਿਚ ਨਾ ਬੀਤ ਗਏ ਦਾ ਝੋਰਾ ਹੈ, ਨਾ ਭਵਿੱਖ ਲਈ ਵੱਡੇ ਸੁਪਨੇ ਹਨ। ਸਮੁੱਚੇ ਮੁਆਸ਼ਰੇ ਲਈ ਹੋਰ ਉਚੇਰੇ ਜੀਵਨ ਲਈ ਤਾਂਘ ਅਤੇ ਜੱਦੋ ਜਹਿਦ ਵੀ ਨਹੀਂ। ਨਿੱਕੇ -ਨਿੱਕੇ ਫ਼ਿਕਰ, ਲੋੜਾਂ ਅਤੇ ਨਿਜ-ਪਰਕ ਚਾਹਤਾਂ ਦੀ ਕਾਮਨਾ ਹੀ ਜੀਵਨ ਦਾ ਉਦੇਸ਼ ਹੈ। ਇਸੇ ਲਈ ਬਿਰਤਾਂਤਕ ਸ਼ਿਲਪਕਾਰੀ ਵਿਚ ਕਿਸੇ ਉਚੇਚੀ ਕਥਾ ਜੁਗਤ ਦੀ ਲੋੜ ਨਹੀਂ ਪਈ।**

**ਲੇਖਕ ਨੇ ਬੜੀ ਪ੍ਰਬੁੱਧਤਾ ਨਾਲ ਸ਼ਹਿਰੀ ਮੱਧ-ਵਰਗ ਦੀ ਦਿਸ਼ਾ-ਵਿਹੂਣੀ ਅਤੇ ਆਦਰਸ਼-ਵਿਹੂਣੀ ਜ਼ਿੰਦਗੀ ਨੂੰ ਇਸ ਤਨਜ਼ ਨਾਲ ਚਿੱਤਰਿਆ ਹੈ। ਜਿਸ ਵਿਚ ਅਜੋਕੇ ਸ਼ਹਿਰੀ ਜੀਵਨ ਸਾਹਵੇਂ ਅਸੀਮ ਮਸਲੇ ਤਾਂ ਦਰਪੇਸ਼ ਹਨ; ਪਰ ਸ਼ਹਿਰੀ ਮੱਧ ਵਰਗ ਇਨ੍ਹਾਂ ਪ੍ਰਤੀ ਚਿੰਤਾਤੁਰ ਨਹੀਂ। ਨਾ ਹੀ ਇਨ੍ਹਾਂ ਸਾਹਵੇਂ ਉਚੇਰੇ ਜੀਵਨ ਦਾ ਕੋਈ ਇਖ਼ਲਾਕੀ ਮਾਡਲ ਜਾਂ ਸਿਧਾਂਤ ਹੈ। ਜੋ ਬੀਤ ਰਿਹਾ ਹੈ, ਉਹੋ ਜੀਵਨ ਹੈ। ਸ਼ਾਇਦ ਇਸੇ ਲਈ ਰਿਸ਼ਤੇ ਨਾਤੇ, ਪਿਆਰ ਮੁਹੱਬਤ, ਨਫ਼ਰਤ ਅਤੇ ਸ਼ਿੱਦਤ ਸਭ ਮਸਨੂਈ ਹੈ।**

**ਲੇਖਕ ਨੇ ਅਜਿਹੇ ਅਨੇਕ ਪਹਿਲੂਆਂ ਦੀ ਹੋਣੀ ਅਤੇ ਸੰਵੇਦਨਸ਼ੀਲਤਾ ਦੇ ਸੋਕੇ ਨੂੰ ਬੜੀ ਸਾਦਗੀ ਨਾਲ ਪੇਸ਼ ਕੀਤਾ ਹੈ। ਸਾਦਗੀ, ਸਰਲਤਾ ਅਤੇ ਨਿਰ-ਉਚੇਚਤਾ ਇਨ੍ਹਾਂ ਕਹਾਣੀਆਂ ਦੀ ਵਿਸ਼ੇਸ਼ਤਾ ਹੈ।**

**--ਕਿਰਪਾਲ ਕਜ਼ਾਕ**